ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 22 | Issue 171| 16 to 22 April, 2025 | Ph.: (510) 240-5949 | Email: asrtimes@gmail.com

# ਜ਼ੁਬਾਨ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ...





ਬਲਰਾਜ ਪੰਨੂੰ

ਜ਼ੁਬਾਨ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ। ਕਹਾਵਤ ਤਾਂ ਇਹ ਵੀ ਹੈ ਕਿ ਪਹਿਲਾਂ ਤੋਲੋ ਤੇ ਫੇਰ ਬੋਲੋ। ਜੋ ਮਰਜ਼ੀ ਹੋਵੇ ਪਰ ਸਿਆਸਤਦਾਨ ਹੋਣ ਤੇ ਉਹ ਕਹਾਵਤਾਂ 'ਤੇ ਗੌਰ ਕਰਨ, ਇਹ ਨਹੀਂ ਹੋ ਸਕਦਾ। ਖ਼ੈਰ ਇਸੇ ਜ਼ੁਬਾਨ ਨੇ ਹੀ ਤਾਂ ਪ੍ਰਤਾਪ ਸਿੰਘ ਬਾਜਵਾ ਨੂੰ ਚੱਕਰਾਂ ਵਿੱਚ ਪਾਇਆ ਹੋਇਆ ਹੈ। ਪ੍ਰਤਾਪ ਸਿੰਘ ਬਾਜਵਾ ਹੀ ਕਿਉਂ ? ਸੁਖਬੀਰ ਬਾਦਲ ਵੀ ਤਾਂ ਇਹੀ ਜ਼ੁਬਾਨ ਕਰਕੇ ਸਿਆਸਤ ਦੀ ਬਾਹਰਲੀ ਵੱਟ 'ਤੇ ਬੈਠਾ। ਇਸੇ ਜ਼ੁਬਾਨ ਨੇ ਹੀ ਭਗਵੰਤ ਮਾਨ ਸਾਹਿਬ ਤੋਂ ਵੱਡੇ- ਵੱਡੇ ਵਾਅਦੇ ਕਰਵਾਏ ਤੇ ਹੁਣ ਲੋਕਾਂ ਦੇ ਗੁੱਸੇ ਦਾ ਤਾਪਮਾਨ ਚੈੱਕ ਕਰਨ ਦੇ ਲਈ 'ਕਾਲੀਆਂ ਐਨਕਾਂ' ਦੇ ਵਿਚੋਂ ਝਾਕਦੇ ਹਨ। ਕੈਪਟਨ ਅਮਰਿੰਦਰ ਸਿੰਘ ਵੀ ਤਾਂ ਇਸੇ ਤਿਲਕਵੀਂ ਜ਼ੁਬਾਨ ਦੇ ਨਤੀਜੇ ਵਜੋਂ ਹੀ ਆਪਣੇ ਮਹਿਲ ਦੇ ਵਿੱਚ ਪੱਛੋਂ ਤੇ ਪੁਰੇ ਦੇ ਬੁੱਲ੍ਹੇ ਅਣਮੰਨੇ ਮਨ ਦੇ ਨਾਲ ਮਾਣ ਰਹੇ ਹਨ। ਬਿਆਨ ਤਾਂ ਲੰਘੇ ਦਿਨੀਂ ਬੀਬੀ ਰਜਿੰਦਰ ਕੌਰ ਭੱਠਲ ਦਾ ਵੀ ਆਇਆ। ਉਨ੍ਹਾਂ ਆਖਿਆ ਕਿ ਆਪ ਸਰਕਾਰ ਪੰਜਾਬ ਨੂੰ ਮੁੜ ਅੱਤਵਾਦ ਦੀ ਭੱਠੀ ਵਿੱਚ ਝੋਕਣਾ ਚਾਹੁੰਦੀ ਹੈ। ਪਰ ਸੋਚਣ ਵਾਲੀ ਗੱਲ ਹੈ ਕਿ ਪੰਜਾਬ ਨੂੰ ਬਲਦੀ ਦੇ ਬੂਥੇ ਵਿੱਚ ਦੇਣ ਦੇ ਲਈ ਕਿਸੇ ਵੀ ਪਾਰਟੀ ਨੇ ਘੱਟ ਨਹੀਂ ਕੀਤੀ ਹੋਈ।

ਗੱਲ ਬਿਆਨਾਂ ਦੀ ਚੱਲੀ ਏ ਤਾਂ ਤੁਹਾਨੂੰ ਦੱਸ ਦੇਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੇ ਦਿਨ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ, ਖ਼ੈਰ ਇਸ ਨੂੰ ਧਰਮ ਪ੍ਰਚਾਰ ਲਹਿਰ ਕਹਾਂਗੇ, ਲਹਿਰ ਦਾ ਨਾਮ ਹੈ 'ਖੁਆਰ ਹੋਏ ਸਭ ਮਿਲੈਗੇ'। ਉਨ੍ਹਾਂ ਕਿਹਾ ਕਿ ਇਸ ਲਹਿਰ ਦੇ ਰਾਹੀਂ ਅਸੀਂ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਘਰ ਘਰ ਪਹੁੰਚਾਵਾਂਗੇ। ਬਹੁਤ ਚੰਗਾ ਕਦਮ ਹੈ ਤੇ ਖਿੜੇ ਮੱਥੇ ਸਵਾਗਤ ਵੀ ਹੈ। ਇੱਕ ਗੱਲ ਉਨ੍ਹਾਂ ਨੇ ਇਹ ਕਹੀ ਕਿ ਧਰਮ ਪਰਿਵਰਤਨ ਵਾਲਾ ਮਸਲਾ ਚਿੰਤਾਜਨਕ ਹੈ। ਵਧੀਆ ਗੱਲ ਹੈ ਇਸ ਵਿਸ਼ੇ 'ਤੇ ਵੀ ਚਿੰਤਾ ਚਿੰਤਨ ਦੀ ਮੰਗ ਕਰਦੀ ਹੈ ਪਰ ਸਵਾਲ ਤਾਂ ਫੇਰ ਖੜੇ ਨੇ ਤੇ ਇਹ ਸੱਚ ਵੀ ਹੈ ਕਿ ਇੱਕ ਧਰਮ ਦੇ ਕੋਲੋਂ ਜਦੋਂ ਸਾਡੇ ਸਵਾਲਾਂ ਦੇ ਜਵਾਬ ਨਹੀਂ ਮਿਲਦੇ ਤਾਂ ਅਸੀਂ ਹੋਰ ਪਾਸੇ ਵੱਲ ਤੁਰ ਪੈਂਦੇ ਹਾਂ। ਇਸ ਨੂੰ ਚਾਹੇ ਭਟਕਣਾ ਕਹਿ ਲਉ ਪਰ ਕੀ ਅਸੀਂ ਸੱਚੀਂ ਭਟਕ ਗਏ ਹਾਂ ? ਕਿਥੇ ਕਮੀ ਰਹਿ ਗਈ ਹੈ ? ਇਹ ਵਿਸ਼ਾ ਸੰਜਮ ਨਾਲ ਵਿਚਾਰਨ ਦੀ ਲੋੜ ਹੈ। ਹੈਰਾਨੀ ਦੀ ਗੱਲ ਹੈ ਕਿ ਅਨੇਕਾਂ ਪਿੰਡਾਂ ਦੇ ਵਿੱਚ ਕਈ ਕਈ ਗੁਰਦੁਆਰਾ ਸਾਹਿਬ ਨੇ। ਕਰੋੜਾਂ ਦੀ ਗਿਣਤੀ ਦੇ ਵਿੱਚ ਹਰ ਸਾਲ ਤਖ਼ਤ ਸਾਹਿਬਾਨ 'ਤੇ ਸ਼ਰਧਾਲੂ ਦਰਸ਼ਨਾਂ ਦੇ ਲਈ ਆਉਂਦੇ ਨੇ। ਫਿਰ ਕਮੀ ਕਿੱਥੇ ਹੈ ? ਜ਼ੁਬਾਨੋਂ ਗੱਲ ਕੱਢਦਿਆਂ ਦਬਵੀਂ ਜਿਹੀ ਆਵਾਜ਼ ਦੇ ਵਿੱਚ ਕਹਿੰਦੇ ਹਾਂ ਕਿ ਕੀ ਕਿਧਰੇ ਇਸ ਦਾ ਕਾਰਨ ਸਿੱਖ ਧਰਮ ਨੂੰ ਆਪ ਹੀ ਅਸੀਂ ਜਾਤਾਂ ਪਾਤਾਂ ਦੇ ਵਿੱਚ ਤਾਂ ਨਹੀਂ ਵੰਡ ਲਿਆ ? ਆਮ ਕਹਿ ਦਿੱਤਾ ਜਾਂਦਾ ਹੈ ਕਿ ਗਰੀਬ ਲੋਕ ਧਰਮ ਬਦਲ ਰਹੇ ਨੇ। ਪਰ ਗਰੀਬ ਲੋਕਾਂ ਨੂੰ ਅੱਡ ਵੀ ਤਾਂ ਅਸੀਂ ਹੀ ਕੀਤਾ ਹੈ। ਇਹੋ ਜਿਹੇ ਕਈ ਸਵਾਲ ਗੰਭੀਰਤਾ ਵਾਲਾ ਜਵਾਬ ਮੰਗਦੇ ਨੇ। ਗਿਆਨੀ ਹਰਪ੍ਰੀਤ ਸਿੰਘ ਨੇ ਲੰਘੇ ਦਿਨੀਂ ਕਿਹਾ ਕਿ ਸਾਡੀਆਂ ਸਿੱਖ ਸੰਸਥਾਵਾਂ ਦੀ ਹਾਲਤ ਪੇਤਲੀ ਪੈਂਦੀ ਗਈ ਜਦੋਂ ਅਸੀਂ ਸਰਮਾਏਦਾਰੀ ਦੇ ਨਾਲ ਜੁੜਦੇ ਗਏ। ਸਵਾਲ ਤਾਂ ਇੱਥੇ ਹੁਣ ਇਹ ਵੀ ਬਣਦਾ ਹੈ ਕਿ ਇਹੋ ਜਿਹੀਆਂ ਗੱਲਾਂ ਵੀ ਸਰਮਾਏਦਾਰੀ ਵਿਚੋਂ ਬਾਹਰ ਨਿਕਲ ਕੇ ਆਉਣ ਲੱਗੀਆਂ ਹਨ। ਉਨ੍ਹਾਂ ਦੀ ਚਿੰਤਾ ਜਾਇਜ਼ ਵੀ ਹੈ। ਸਾਡੇ ਵਸੀਲੇ ਖੋਹ ਲਏ ਗਏ, ਇਥੋਂ ਤੱਕ ਕਿ ਸਾਡੇ ਧਾਰਮਿਕ ਗ੍ਰੰਥ ਵੀ ਸੁਰੱਖਿਅਤ ਨਹੀਂ ਹਨ। ਸਵਾਲ ਤਾਂ ਫੇਰ ਏਹੀ ਉੱਠਦਾ ਹੈ ਕਿ ਸਿੱਖੀ ਪ੍ਰਤੀ ਅਸੀਂ ਏਨੇ ਅਵੇਸਲੇ ਕਿਉਂ ਹੋਏ। ਪੰਥ ਦੇ ਵਿਸ਼ੇ ਦੇ ਉੱਤੇ ਜੋ ਖੁੱਲ੍ਹ ਕੇ ਬੋਲ ਰਹੇ ਨੇ, ਉਨ੍ਹਾਂ ਦਾ ਸਵਾਗਤ ਹੈ ਪਰ ਜੋ ਤਮਾਸ਼ਬੀਨ ਨੇ, ਉਨ੍ਹਾਂ ਦੇ ਲਈ ਇੱਕ ਸ਼ਾਇਰ ਦੀਆਂ ਬੜੀਆਂ ਖ਼ੂਬਸੂਰਤ ਲਾਈਨਾਂ ਨੇ –'ਅਖੇ ਜਿਉਂਦਾ ਨਹੀਂ ਉਹ, ਜਿਹੜਾ ਚੁੱਪ ਹੈ। ਦੇਖੋ ਕਿਹੜਾ ਕਿਹੜਾ ਚੁੱਪ ਹੈ ? '

ਗੱਲ ਪ੍ਰਤਾਪ ਸਿੰਘ ਬਾਜਵਾ ਤੋਂ ਸ਼ੁਰੂ ਕੀਤੀ ਸੀ ਉਸ ਗੱਲ ਨੂੰ ਅੱਗੇ ਤੋਰਦੇ ਹਾਂ। ਬੀਤੇ ਦਿਨ ਸਾਢੇ ਪੰਜ ਘੰਟਿਆਂ ਦੀ ਪੁੱਛ-ਗਿੱਛ ਤੋਂ ਬਾਅਦ ਪ੍ਰਤਾਪ ਸਿੰਘ ਬਾਜਵਾ ਪ੍ਰੈਸ ਨੂੰ ਸੰਬੋਧਿਤ ਹੋਏ। ਸਮੁੱਚੀ ਕਾਂਗਰਸ ਦੀ ਏਕਤਾ ਦੀ ਗੱਲ ਕੀਤੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਬਾਜਵਾ ਸਾਹਿਬ ਦੇ ਬੋਲਣ ਤੋਂ ਬਾਅਦ ਜੈਕਾਰਾ ਛੱਡਿਆ ਗਿਆ। ਹੱਦ ਹੈ ਐਸੀ ਕਿਹੜੀ ਗੱਲ ਕਰ ਦਿੱਤੀ ਸੀ ਕਿ ਜੈਕਾਰੇ ਦੀ ਜਰੂਰਤ ਪੈ ਗਈ ਜਾਂ ਚੇਲੇ ਏਨੇ ਕੁ ਬੇਬੁੱਧੇ ਹੋ ਗਏ ਨੇ ਕਿ ਇਹਨਾਂ ਨੂੰ ਇਹ ਪਤਾ ਨਹੀਂ ਚੱਲਦਾ ਕਿ ਜੈਕਾਰਾ ਕਿੱਥੇ ਛੱਡੀਦਾ ? ਦੂਜੀ ਗੱਲ ਇਹ ਕਿ ਕਾਂਗਰਸੀਆਂ ਨੂੰ ਇਸ ਮਸਲੇ ਨੇ ਏ.ਸੀ. ਕਮਰਿਆਂ 'ਚੋਂ ਬਾਹਰ ਕੱਢ ਦਿੱਤਾ। ਰੱਬ ਦੀਆਂ ਰੱਬ ਜਾਣੇ ਕਿ ਬਾਜਵਾ 'ਤੇ ਕਿਹੜੀ ਧਾਰਾ ਲੱਗੇਗੀ ? ਪਰ ਹਾਲ ਦੀ ਘੜੀ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਉਹਨਾਂ ਦੀ ਸੁਣਵਾਈ 22 ਅਪ੍ਰੈਲ ਤੱਕ ਟਾਲ ਦਿੱਤੀ ਹੈ।

ਪੰਜਾਬ ਦੇ ਵਿੱਚ ਇਸ ਸਮੇਂ ਭਾਵੇਂ ਸਾਰੀਆਂ ਪਾਰਟੀਆਂ ਖੱਪ ਪਾ ਰਹੀਆਂ ਨੇ, ਲੋਕਾਂ ਦੇ ਮੁੱਦੇ ਅਣਗੌਲੇ ਨੇ ਪਰ ਪੰਜਾਬ ਸਰਕਾਰ ਨੇ ਕਹਿ ਦਿੱਤਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿੱਚ 500 ਨਵੇਂ ਪ੍ਰਿੰਸੀਪਲ ਲੱਗਣਗੇ। ਪਤਾ ਨਹੀਂ ਇਹ ਸਿੰਘਾਪੁਰ ਤੋਂ ਟ੍ਰੇਨਿੰਗ ਲੈ ਕੇ ਆਏ ਪ੍ਰਿੰਸੀਪਲ ਨੇ ਜਾਂ ਇਹ ਨਵੀਂ ਭਰਤੀ ਹੈ। ਹੁਣ ਪ੍ਰਿੰਸੀਪਲ ਸਕੂਲਾਂ ਵਿੱਚ ਹੋਣਗੇ ਤੇ ਟੀਚਰ ਭਾਵੇਂ ਸੜਕਾਂ 'ਤੇ ਆਪਣੇ ਹੱਕਾਂ ਦੇ ਲਈ ਪੁਲਿਸ ਦੇ ਨਾਲ ਗੁੱਥਮ ਗੁੱਥਾ ਹੁੰਦੇ ਫਿਰਨ। ਉਧਰ ਸਰਕਾਰ ਨਸ਼ੇ ਵਿਰੁੱਧ ਲਹਿਰ ਨੂੰ ਗੱਲੀਂ ਬਾਤੀਂ ਪੂਰਾ ਲਹਿਰਾਅ ਰਹੀ ਹੈ। ਵੈਸੇ ਤਾਂ ਕਹਿੰਦੇ ਨੇ ਕਿ ਜ਼ੁਬਾਨੀ ਪਰਮੋਸ਼ਨ ਜਿਆਦਾ ਤਾਕਤਵਰ ਹੁੰਦੀ ਹੈ ਪਰ ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਲਹਿਰ ਲਈ ਮੀਡੀਆ ਦੇ ਵਿੱਚ ਰੱਜ ਕੇ ਪੈਸਾ ਖ਼ਰਚ ਕਰ ਰਹੀ ਹੈ ਤੇ ਇਸੇ ਲਹਿਰ ਦੇ ਨੱਕ ਥੱਲੇ ਨਸ਼ੇ ਦੇ ਸੌਦਾਗਰ ਵੱਧ ਫੁੱਲ ਰਹੇ ਨੇ। ਪਰਚਿਆਂ ਦੀ ਰਾਜਨੀਤੀ ਜ਼ੋਰਾਂ 'ਤੇ ਹੈ। ਇਹਨਾਂ ਸਾਰੀਆਂ ਗੱਲਾਂ ਦੇ ਵਿੱਚ ਹੀ ਕੱਲ੍ਹ ਸੰਗਰੂਰ ਦੇ ਵਿੱਚ ਕਿਸਾਨਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਰੋਧ ਕੀਤਾ ਗਿਆ। ਮੁੱਖ ਮੰਤਰੀ ਦਾ ਹੀ ਕਿਉਂ ? ਆਪ ਪਾਰਟੀ ਦੇ ਵਿਧਾਇਕਾਂ ਨੂੰ ਲੋਕ ਹੁਣ ਪਿੰਡੋਂ ਪਿੰਡ ਘੇਰਨ ਲੱਗ ਪਏ ਹਨ। ਮਾਮਲਾ ਇਸ ਤਰ੍ਹਾਂ ਦਾ ਬਣਿਆ ਹੋਇਆ ਹੈ ਕਿ ਆਮ ਬੰਦਾ ਸੋਚਣ ਲੱਗਦਾ ਹੈ ਕਿ ਭਗਵੰਤ ਮਾਨ ਵਾਲੀ ਗੱਲ ਉਨ੍ਹਾਂ ਦੀ ਹੀ ਪਾਰਟੀ ਦੇ ਲਈ ਕਿਧਰੇ ਸੱਚੀ ਨਾ ਹੋ ਜਾਵੇ। ਅਖੇ ਡਲਾ ਤੋਂ ਡਲਾ ਹੋਤਾ ਹੈ ਪਤਾ ਨਹੀਂ ਕਿਧਰ ਸੇ ਚਲਾ ਹੋਤਾ ਹੈ ?। ਤਾਂ ਹੀ ਤਾਂ ਅਸੀਂ ਕਹਿੰਦੇ ਹਾਂ ਤੀਰ ਕਮਾਨੋਂ ਤੇ ਬੋਲ ਜ਼ੁਬਾਨੋਂ ਇੱਕ ਵਾਰੀ ਨਿਕਲੇ ਮੁੜ ਕੇ ਵਾਪਸ ਨਹੀਂ ਆਉਂਦੇ। ਰੌਲਾ ਤਾਂ ਇਹ ਵੀ ਪਿਆ ਹੋਇਆ ਕਿ ਪੰਜਾਬ ਸੂਬੇ ਦੀਆਂ ਤਿੰਨ ਹਜ਼ਾਰ ਤੋਂ ਵੱਧ ਸਰਬ-ਸੰਮਤੀ ਦੇ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਪੰਜ ਲੱਖ ਦੀ ਵਿਸ਼ੇਸ਼ ਗਰਾਂਟ ਸਰਕਾਰ ਭੁੱਲ ਹੀ ਗਈ ਹੈ। ਇਸ ਮਸਲੇ 'ਤੇ ਸਰਕਾਰ ਨੇ 'ਵਿਚਾਰ ਅਧੀਨ' ਮਸਲਾ ਕਹਿ ਕੇ ਗੱਲ ਆਈ ਗਈ ਕਰ ਦਿੱਤੀ ਹੈ। ਜਨਤਾ ਦੇ ਮਸਲੇ ਲਟਕ ਰਹੇ ਨੇ ਪਰ ਹੈਰਾਨੀ ਦੀ ਗੱਲ ਹੈ ਕਿ ਸੱਤਾ ਧਿਰ ਵੀ ਸੜਕਾਂ 'ਤੇ ਪ੍ਰਦਰਸ਼ਨ ਕਰ ਰਹੀ ਹੈ। ਜਾਂ ਇੰਝ ਕਹਿ ਲਓ ਕਿ ਸਕੂਲਾਂ ਦੇ ਬਾਥਰੂਮਾਂ ਦੀ ਮੁਰੰਮਤ 'ਤੇ ਸਰਕਾਰ ਆਪਣੀਆਂ ਕਮੀਆਂ ਨੂੰ ਮੁਰੰਮਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਾਂ ਇੰਝ ਕਹਿ ਲਓ ਕਿ ਲੁਧਿਆਣੇ ਦੀ ਜ਼ਿਮਨੀ ਚੋਣ ਜਿੱਤਣ ਦੇ ਲਈ ਉੱਘ ਦੀਆਂ ਪਾਤਾਲ ਮਾਰ ਰਹੀ ਹੈ। ਗੱਲਾਂ ਗੱਲਾਂ ਦੇ ਵਿੱਚ ਸੁਖਬੀਰ ਬਾਦਲ ਵਾਲੀ ਗੱਲ ਤਾਂ ਅਧੂਰੀ ਰਹਿ ਗਈ। ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਕਿਹਾ ਕਿ "ਦਾਸ ਨੂੰ ਸੇਵਾ ਸੌਂਪੋ, ਪੰਜਾਬ ਨੂੰ ਨੰਬਰ ਇੱਕ ਸੂਬਾ ਬਣਾਵਾਗਾਂ। ਜੇ ਨਾ ਬਣਾਇਆ ਤਾਂ ਸਿਆਸਤ ਛੱਡ ਦੇਵਾਂਗਾ।" ਪਹਿਲਾਂ ਗੱਲ ਤਾਂ ਇਹ ਕਿ ਲੋਕ ਨਹੀਂ ਚਾਹੁੰਦੇ ਕਿ ਪੰਜਾਬ ਨੰਬਰ ਸੂਬਾ ਬਣੇ। ਅਸੀਂ ਦੂਜੇ ਤੀਜੇ ਨੰਬਰ 'ਤੇ ਹੀ ਠੀਕ ਹਾਂ ਕਿਉਂਕਿ ਪਹਿਲੇ ਨੰਬਰ 'ਤੇ ਬਣਾਉਂਦੇ ਬਣਾਉਂਦੇ ਹਰ ਵਾਰ ਹਰ ਪਾਰਟੀ ਨੇ ਪੰਜਾਬ ਨੂੰ ਬਲੀ ਦਾ ਬੱਕਰਾ ਬਣਾਇਆ ਹੈ। ਸਿਆਸਤਦਾਨਾਂ ਦੀਆਂ ਬੇਇਤਫਾਕੀਆਂ ਨੇ ਪੰਜਾਬ ਨੂੰ ਛਿੱਥਾ ਪਾ ਦਿੱਤਾ ਹੈ। ਸਿਹਤਮੰਦ ਪੰਜਾਬ ਕਹਾਉਣ ਵਾਲਾ ਸੂਬਾ ਅੱਜ ਕੇਂਦਰ ਵੱਲੋਂ ਜਾਰੀ ਇੱਕ ਰਿਪੋਰਟ ਦੇ ਵਿੱਚ ਸੂਬਾ ਐਚ.ਆਈ.ਵੀ. ਪਾਜਿਟਵ ਕੇਸਾਂ ਦੀ ਦਰ ਵਿੱਚ ਪੂਰੇ ਦੇਸ਼ ਭਰ ਵਿਚੋਂ ਤੀਜੇ ਸਥਾਨ 'ਤੇ ਹੈ। ਸਾਡਾ ਖ਼ਿਆਲ ਹੈ ਕਿ ਸਾਡੇ ਲਈ ਕੋਈ ਚੰਗਾ ਲੀਡਰ ਸੁਪਨੇ ਵਰਗੀ ਗੱਲ ਬਣ ਕੇ ਰਹਿ ਗਿਆ ਹੈ। ਇੱਛਾ ਹੈ ਕਿ ਸਾਊਥ ਦੇ ਵਿੱਚ ਜਿਸ ਤਰੀਕੇ ਦੇ ਨਾਲ ਸਟਾਲਿਨ ਨੇ ਆਪਣੇ ਸੂਬੇ ਦੇ ਲਈ ਕੰਮ ਕੀਤਾ ਹੈ, ਸਾਨੂੰ ਵੀ ਕੋਈ ਉਸ ਵਰਗਾ ਲੀਡਰ ਮਿਲੇ। ਕੋਈ ਉਹ ਲੀਡਰ, ਜੋ ਆਪਣੀ ਸਟੇਟ ਵਾਸਤੇ ਫੈਸਲਾ ਲੈ ਸਕੇ। ਕੋਈ ਪੰਜਾਬ ਸੂਬੇ ਦੇ ਲਈ ਇੱਕ ਜੁਟਤਾ ਨਾਲ ਲੜਾਈ ਲੜੇ ਪਰ ਪੰਜਾਬ ਦੀ ਸਿਆਸਤ ਖੱਖੜੀਆਂ ਕਰੇਲੇ ਹੋਈ ਪਈ। ਪੰਜਾਬ ਦੇ ਸਿਆਸਤਦਾਨਾਂ ਨੂੰ ਵੇਖ ਕੇ ਇੱਕ ਸ਼ੇਅਰ ਯਾਦ ਆਉਂਦਾ ਹੈ 'ਖੁਦਾ ਐਸੀ ਖੁਦਾਈ ਨਾ ਦੇ, ਕਿ ਆਪਣੇ ਸਿਵਾ ਕੁਝ ਦਿਖਾਈ ਨਾ ਦੇ।'

## ਰਾਜੋਆਣਾ ਦੀ ਫ਼ਾਂਸੀ ਸਬੰਧੀ ਕੇਂਦਰ ਸਰਕਾਰ ਆਰ- ਪਾਰ ਦਾ ਫ਼ੈਸਲਾ ਦੇਵੇ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮੁੱਖ ਦਫ਼ਤਰ ਵਿਖੇ ਹੋਈ। ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਦੇ ਨਾਲ-ਨਾਲ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਕਰਵਾਉਣ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ



ਸਮਾਗਮ ਬਾਰੇ ਜਾਣਕਾਰੀ ਦਿੱਤੀ ਗਈ। ਇਨ੍ਹਾਂ 350 ਸਾਲਾ ਸ਼ਤਾਬਦੀਆਂ ਨੂੰ ਮਨਾਉਣ ਲਈ ਸ਼੍ਰੋਮਣੀ ਕਮੇਟੀ ਨੇ ਪੰਜ ਕਰੋੜ ਰੁਪਏ ਦਾ ਵੱਖਰਾ ਬਜਟ ਰੱਖਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸੇਵਾ ਕਾਲ ਸਬੰਧੀ ਨਿਯਮ ਬਣਾਉਣ ਲਈ ਮੰਗੇ ਗਏ ਸੁਝਾਵਾਂ ਸਬੰਧੀ ਹੋਰ ਸਮਾਂ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਸਬੰਧੀ ਕੇਂਦਰ ਸਰਕਾਰ ਆਰ-ਪਾਰ ਦਾ ਫ਼ੈਸਲਾ ਦੇਵੇ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਚਾਰ ਪ੍ਰਤੀਸ਼ਤ ਮਹਿੰਗਾਈ ਭੱਤਾ ਦਿੱਤਾ ਜਾਵੇਗਾ।




# ਟੈਰਿਫ਼ ਜੰਗ ਬਨਾਮ ਡੀਗਲੋਬਲਾਈਜ਼ੇਸ਼ਨ

## ਟਰੰਪ ਦੇ ਟੈਰਿਫ਼ਾਂ ਕਾਰਨ ਵਿਸ਼ਵ ਦੇ ਵੱਖ- ਵੱਖ ਮੁਲਕਾਂ ਵਿਚਾਲੇ ਵਪਾਰ, ਨਿਵੇਸ਼ ਅਤੇ ਆਪਸੀ ਨਿਰਭਰਤਾ ਦੀ ਆ ਜਾਵੇਗੀ ਘਾਟ

## ਕੀ ਅਮਰੀਕਾ ਕਰ ਸਕੇਗਾ ਪੂਰੀ ਦੁਨੀਆਂ ’ਤੇ ਸਰਦਾਰੀ ?

## ਵਿਸ਼ਵ ਦੀ ਖੁੱਲ੍ਹੀ ਵਪਾਰਕ ਮੰਡੀ ਦੇ ਬੰਦ ਹੋਣ ਦੇ ਬਣੇ ਆਸਾਰ

ਵਿਸ਼ਵ ’ਚ ਇਸ ਸਮੇਂ ਅਮਰੀਕਾ ਸਭ ਤੋਂ ਵੱਡੀ ਆਰਥਿਕ ਮਹਾਂ ਸ਼ਕਤੀ ਹੈ ਜਦੋਂ ਕਿ ਚੀਨ ਵਿਸ਼ਵ ਦੀ ਦੂਜੇ ਨੰਬਰ ਦੀ ਆਰਥਿਕ ਮਹਾਂ ਸ਼ਕਤੀ ਹੈ। ਦੋਵੇਂ ਦੇਸ਼ਾਂ ਵਿਚਾਲੇ ਵੱਡੇ ਪੱਧਰ ’ਤੇ ਦੁਵੱਲਾ ਵਪਾਰ ਹੁੰਦਾ ਹੈ ਅਤੇ ਦੋਵਾਂ ਦੇਸ਼ਾਂ ਦੇ ਵਪਾਰਕ ਹਿੱਤ ਇੱਕ ਦੂਜੇ ਨਾਲ ਪਰਸਪਰ ਜੁੜੇ ਹੋਏ ਹਨ। ਉਦਾਰਵਾਦੀ ਨੀਤੀਆਂ ਕਾਰਨ ਵਿਸ਼ਵ ਪਿਛਲੇ ਕੁਝ ਦਹਾਕਿਆਂ ਤੋਂ ਖੁੱਲ੍ਹੀ ਮੰਡੀ ਬਣਿਆ ਹੋਇਆ ਹੈ ਅਤੇ ਵਿਸ਼ਵ ਦੇ ਵੱਖ-ਵੱਖ ਦੇਸ਼ ਇੱਕ ਦੂਜੇ ਨਾਲ ਖੁੱਲ੍ਹਾ ਵਪਾਰ ਕਰ ਰਹੇ ਹਨ ਅਤੇ ਇੱਕ ਦੂਜੇ ਨਾਲ ਫ਼ੌਜੀ ਅਤੇ ਆਰਥਿਕ ਸਮਝੌਤੇ ਵੀ ਕਰ ਰਹੇ ਹਨ। ਵੱਖ-ਵੱਖ ਦੇਸ਼ਾਂ ਵਿਚਾਲੇ ਖੁੱਲ੍ਹੇ ਵਪਾਰ ਅਤੇ ਵਿਸ਼ਵ ਦੇ ਖੁੱਲ੍ਹੀ ਮੰਡੀ ਬਣਨ ਦਾ ਵਿਸ਼ਵ ਦੇ ਕਰੀਬ ਸਾਰੇ ਹੀ ਦੇਸ਼ਾਂ ਨੂੰ ਬਹੁਤ ਫ਼ਾਇਦਾ ਹੋਇਆ ਹੈ। ਹੁਣ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਿਸ ਤਰੀਕੇ ਨਾਲ ਟੈਰਿਫ਼ ਜੰਗ ਸ਼ੁਰੂ ਕਰ ਦਿੱਤੀ ਹੈ, ਉਸ ਦੇ ਅਜਿਹੇ ਨਤੀਜੇ ਨਿਕਲ ਸਕਦੇ ਹਨ, ਜਿਸ ਨਾਲ ਵਿਸ਼ਵ ਦੀ ਖੁੱਲ੍ਹੀ ਵਪਾਰਕ ਮੰਡੀ ਬੰਦ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ। ਟਰੰਪ ਵੱਲੋਂ ਵੱਖ- ਵੱਖ ਦੇਸ਼ਾਂ ਤੇ ਲਗਾਏ ਟੈਰਿਫ਼ਾਂ ਦੇ ਜਵਾਬ ਵਿੱਚ ਹੋਰਨਾਂ ਦੇਸ਼ਾਂ ਵੱਲੋਂ ਵੀ ਅਮਰੀਕੀ ਸਮਾਨ ’ਤੇ ਟੈਰਿਫ਼ ਲਗਾਏ ਜਾ ਰਹੇ ਹਨ, ਜਿਸ ਕਾਰਨ ਦੁਨੀਆਂ ਨੂੰ ਟੈਰਿਫ਼ ਜੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਚਾਹੁੰਦੇ ਹਨ ਕਿ ਅਮਰੀਕਾ ਪੂਰੀ ਦੁਨੀਆਂ ’ਤੇ ਹੀ ਸਰਦਾਰੀ ਕਰੇ। ਉਹ ਅਮਰੀਕਾ ਨੂੰ ਆਰਥਿਕ ਤੌਰ ’ਤੇ ਹੋਰ ਮਜ਼ਬੂਤ ਹੋਇਆ ਵੇਖਣਾ ਚਾਹੁੰਦੇ ਹਨ। ਇਸੇ ਕਾਰਨ ਉਨ੍ਹਾਂ ਵੱਲੋਂ ਲਗਾਤਾਰ ਸਖ਼ਤ ਫ਼ੈਸਲੇ ਲਏ ਜਾ ਰਹੇ ਹਨ। ਟਰੰਪ ਦੀਆਂ ਨੀਤੀਆਂ ਕਾਰਨ ਪੂਰੀ ਦੁਨੀਆਂ ਦੇ ‘ਰਿਵਰਸ ਗੇਅਰ’ ਵਿੱਚ ਚਲੇ ਜਾਣ ਦਾ ਖ਼ਦਸ਼ਾ ਬਣ ਗਿਆ ਹੈ ਭਾਵ ਦੁਨੀਆਂ ਅਗਾਂਹ ਵੱਲ ਨੂੰ ਤਰੱਕੀ ਕਰਨ ਦੀ ਥਾਂ ਪਿਛਾਂਹ ਵੱਲ ਨੂੰ ਭਾਵ ‘ਪਿੱਛਲ ਪੈਰੀਂ’ ਤੁਰ ਸਕਦੀ ਹੈ।

ਡੀਗਲੋਬਲਾਈਜ਼ੇਸ਼ਨ ਦਾ ਅਰਥ ਹੈ ਵਿਸ਼ਵੀਕਰਨ ਦੇ ਉਲਟ। ਇਸ ਦਾ ਅਰਥ ਹੈ ਦੁਨੀਆਂ ਦੇ ਦੇਸ਼ਾਂ ਵਿਚਕਾਰ ਵਪਾਰ, ਨਿਵੇਸ਼ ਅਤੇ ਆਪਸੀ ਨਿਰਭਰਤਾ ਵਿੱਚ ਕਮੀ। ਇੱਕ ਦੇਸ਼ ਦੂਜੇ ਦੇਸ਼ ਦੀ ਤਕਨਾਲੋਜੀ ਅਤੇ ਪ੍ਰਤਿਭਾ ’ਤੇ ਪਾਬੰਦੀਆਂ ਲਗਾਏਗਾ ਅਤੇ ਉਸ ਨੂੰ ਆਪਣੇ ਦੇਸ਼ ਵਿੱਚ ਆਉਣ ਤੋਂ ਰੋਕੇਗਾ। ਇਹ ਖੁੱਲ੍ਹੀ ਦੁਨੀਆਂ ਕੁਝ ਹੱਦ ਤੱਕ ਬੰਦ ਹੋਣੀ ਸ਼ੁਰੂ ਹੋ ਜਾਵੇਗੀ। ਅਮਰੀਕੀ ਰਾਸ਼ਟਰਪਤੀ ਟਰੰਪ ਸਿਰਫ਼ ਆਪਣੇ ਦੇਸ਼ ਦੇ ਕਾਰੋਬਾਰ ਨੂੰ ਦੇਖਣਾ ਚਾਹੁੰਦੇ ਹਨ, ਪਰ ਉਹ ਦੂਜੇ ਦੇਸ਼ਾਂ ’ਤੇ ਭਾਰੀ ਟੈਰਿਫ਼ ਲਗਾ ਰਹੇ ਹਨ। ਚੀਨ ਆਪਣੇ ਬਾਜ਼ਾਰ ਬਾਰੇ ਚਿੰਤਤ ਹੈ। ਕੈਨੇਡਾ ਅਤੇ ਬ੍ਰਾਜ਼ੀਲ ਸਮੇਤ ਹੋਰ ਦੇਸ਼ ਆਪਣੇ ਉਦਯੋਗਾਂ ਦੀ ਸੁਰੱਖਿਆ ਲਈ ਨੀਤੀਆਂ ਬਣਾ ਰਹੇ ਹਨ ਅਤੇ ਇਸ ਦੌਰਾਨ ਬ੍ਰਿਟਿਸ਼ ਪ੍ਰਧਾਨ ਮੰਤਰੀ ‘ਕੀਰ’ ਵੀ ਆਪਣੇ ਮੁਲਕ ਦੇ ਹਿਤਾਂ ਲਈ ਅਹਿਮ ਫ਼ੈਸਲੇ ਲੈ ਰਹੇ ਹਨ। ਬ੍ਰਿਟੇਨ ਹੁਣ ਅਧਿਕਾਰਤ ਤੌਰ ’ਤੇ ਸੰਕੇਤ ਦੇ ਰਿਹਾ ਹੈ ਕਿ ਵਿਸ਼ਵੀਕਰਨ ਦਾ ਯੁੱਗ ਖਤਮ ਹੋਣ ਵਾਲਾ ਹੈ। ਬ੍ਰਿਟਿਸ਼ ਸਰਕਾਰ ਦਾ ਇਹ ਕਦਮ ਵਿਸ਼ਵੀਕਰਨ ਦੀ ਨਾਜ਼ੁਕ ਸਥਿਤੀ ਅਤੇ ਇਸ ਦੇ ਮਾੜੇ ਪ੍ਰਭਾਵ ਵਜੋਂ ਡੀਗਲੋਬਲਾਈਜ਼ੇਸ਼ਨ ਦੀ ਪ੍ਰਕਿਰਿਆ ਵੱਲ ਇਸ਼ਾਰਾ ਕਰਦਾ ਹੈ। ਬ੍ਰਿਟੇਨ ਵਰਗੇ ਦੇਸ਼ ਹੁਣ ‘ਫ੍ਰੈਂਡਸ਼ੋਰਿੰਗ’ (ਸਿਰਫ਼ ਭਰੋਸੇਯੋਗ ਦੇਸ਼ਾਂ ਨਾਲ ਵਪਾਰ) ਨੂੰ ਤਰਜੀਹ ਦੇ ਰਹੇ ਹਨ।

ਇਹ ਤਾਂ ਸਭ ਨੂੰ ਪਤਾ ਹੀ ਹੈ ਕਿ ਵਿਸ਼ਵੀਕਰਨ ਦੁਨੀਆਂ ਭਰ ਵਿੱਚ ਵਸਤੂਆਂ, ਗਿਆਨ, ਜਾਣਕਾਰੀ ਅਤੇ ਸੇਵਾਵਾਂ ਦੀ ਆਵਾਜਾਈ ਹੈ। ਇਸ ਨਾਲ ਦੇਸ਼ ਇੱਕ ਦੂਜੇ ਨਾਲ ਜੁੜਦੇ ਹਨ, ਇੱਕ ਦੂਜੇ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ। ਇਸ ਕੰਮ ਲਈ ਇੱਕ ਗਲੋਬਲ ਸਪਲਾਈ ਲਾਈਨ ਬਣਾਈ ਜਾਂਦੀ ਹੈ ਅਤੇ ਦੁਨੀਆਂ ਤਰੱਕੀ ਦੇ ਰਾਹ ’ਤੇ ਅੱਗੇ ਵਧਦੀ ਹੈ। ਇਸ ਦੇ ਸਾਰੇ ਭਾਈਵਾਲ ਵਿਸ਼ਵੀਕਰਨ ਦੇ ਲਾਭਾਂ ਦਾ ਆਨੰਦ ਮਾਣਦੇ ਹਨ। ਵਿਸ਼ਵੀਕਰਨ 1990 ਅਤੇ 2000 ਦੇ ਦਹਾਕੇ ਵਿੱਚ ਆਪਣੇ ਸਿਖਰ ’ਤੇ ਪਹੁੰਚ ਗਿਆ। ਦੁਨੀਆਂ ਭਰ ਦੀਆਂ ਕਈ ਏਜੰਸੀਆਂ ਨੇ ਇਸ ਵਿੱਚ ਭੂਮਿਕਾ ਨਿਭਾਈ।

ਵਿਸ਼ਵੀਕਰਨ ਦੀ ਤੇਜ਼ ਰਫ਼ਤਾਰ ਨੂੰ ਇਸ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੇ ਟੈਰਿਫ਼ਾਂ ਨਾਲ ਬਰੇਕਾਂ ਲੱਗਦੀਆਂ ਜਾ ਰਹੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਹਾਲ ਇਹ ਹੋ ਗਿਆ ਹੈ ਕਿ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਟੈਰਿਫ਼ ਉਨ੍ਹਾਂ ਦਾ ਪਸੰਦੀਦਾ ਸ਼ਬਦ ਬਣ ਗਿਆ ਹੈ। ਸੌਂਦੇ, ਜਾਗਦੇ, ਆਉਂਦੇ ਜਾਂ ਜਾਂਦੇ ਸਮੇਂ ਉਨ੍ਹਾਂ ਦੀ ਜ਼ੁਬਾਨ ’ਤੇ ਟੈਰਿਫ਼ ਰਹਿੰਦਾ ਹੈ। ਜੇ ਅਮਰੀਕਾ ਕੈਨੇਡਾ ਨੂੰ 51ਵਾਂ ਸੂਬਾ ਬਣਾਉਣਾ ਚਾਹੁੰਦਾ ਹੈ, ਤਾਂ ਟੈਰਿਫ਼ ਲਗਾਓ। ਫ਼ੈਂਟਾਨਿਲ ਦੀ ਤਸਕਰੀ ਨੂੰ ਰੋਕਣ ਲਈ ਟੈਰਿਫ਼ ਲਗਾਓ। ਜੇ ਟਰੰਪ ਯੂਕ੍ਰੇਨ ਯੁੱਧ ਵਿੱਚ ਸ਼ਾਂਤੀ ਸਮਝੌਤਾ ਕਰਨਾ ਚਾਹੁੰਦੇ ਹਨ, ਤਾਂ ਟੈਰਿਫ਼ ਲਗਾਓ ਜਾਂ ਧਮਕੀ ਦਿਓ। ਜੇਕਰ ਤੁਸੀਂ ਪਿਛਲੇ ਕੁਝ ਮਹੀਨਿਆਂ ਵਿੱਚ ਟਰੰਪ ’ਤੇ ਨਜ਼ਰ ਰੱਖੀ ਹੈ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਟੈਰਿਫ਼ ਉਸ ਦਾ ਸਿੰਗਲ ਪੁਆਇੰਟ ਹਥਿਆਰ ਬਣ ਗਿਆ ਹੈ। ਟਰੰਪ ਅਨੁਸਾਰ ਹਰ ਬਿਮਾਰੀ ਦੀ ਇੱਕੋ ਹੀ ਦਵਾਈ ਟੈਰਿਫ਼ ਹੈ, ਜਿਸ ਦੀ ਤੁਲਨਾ ਉਹ ਕੌੜੀ ਦਵਾਈ ਨਾਲ ਕਰਦੇ ਹਨ। ਜੇਕਰ ਕਿਸੇ ਸਥਾਨ ’ਤੇ ਅੱਗ ਲੱਗ ਜਾਂਦੀ ਹੈ, ਤਾਂ ਟਰੰਪ ਜਵਾਬ ਵਿੱਚ ਟੈਰਿਫ਼ ਲਗਾ ਸਕਦੇ ਹਨ। ਡੋਨਾਲਡ ਟਰੰਪ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਇੱਕ ਕਾਰੋਬਾਰੀ ਸਨ। ਉਸ ਨੂੰ ਕੂਟਨੀਤੀ ਨਾਲੋਂ ਜ਼ਿਆਦਾ ਦਬਾਅ ਪਾ ਕੇ ਸੌਦੇ ਕਰਵਾਉਣ ਦਾ ਤਜਰਬਾ ਹੈ। ਇਹੋ ਕਾਰਨ ਹੈ ਕਿ ਦੁਨੀਆਂ ਦੇ ਵੱਖ- ਵੱਖ ਦੇਸ਼ਾਂ ’ਤੇ ਉਹਨਾਂ ਵੱਲੋਂ ਲਗਾਏ ਗਏ ਟੈਰਿਫ਼ਾਂ ਕਾਰਨ ਪੂਰੀ ਦੁਨੀਆਂ ਵਿੱਚ ਹੀ ਹਲਚਲ ਮੱਚ ਗਈ ਹੈ। ਪੂਰੀ ਦੁਨੀਆਂ ਵਿੱਚ ਟਰੰਪ ਵੱਲੋਂ ਲਗਾਏ ਗਏ ਟੈਰਿਫ਼ਾਂ ਦਾ ਵਿਰੋਧ ਹੋ ਰਿਹਾ ਹੈ ਪਰ ਟਰੰਪ ਆਪਣੀ ਮਸਤ ਚਾਲ ਵਿੱਚ ਚੱਲ ਰਹੇ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਹਨਾਂ ਨੂੰ ਕਿਸੇ ਦੀ ਕੋਈ ਪਰਵਾਹ ਨਾ ਹੋਵੇ।

ਟਰੰਪ ਦਾ ਆਰਥਿਕ ਰਾਸ਼ਟਰਵਾਦ ਉਨ੍ਹਾਂ ਦੀਆਂ ਨੀਤੀਆਂ ਦਾ ਮੂਲ ਹੈ, ਜੋ ‘ਅਮਰੀਕਾ ਪਹਿਲਾਂ’ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹਨ। ਇਹ ਇੱਕ ਅਜਿਹਾ ਤਰੀਕਾ ਹੈ ਜੋ ਅਮਰੀਕੀ ਆਰਥਿਕ ਹਿੱਤਾਂ ਨੂੰ ਪਹਿਲ ਦਿੰਦਾ ਹੈ, ਜਿਸ ਵਿੱਚ ਘਰੇਲੂ ਉਦਯੋਗਾਂ ਦੀ ਰੱਖਿਆ ਕਰਨਾ, ਵਿਦੇਸ਼ੀ ਦਰਾਮਦਾਂ ਨੂੰ ਸੀਮਤ ਕਰਨਾ ਅਤੇ ਵਪਾਰ ਘਾਟੇ ਨੂੰ ਘਟਾਉਣਾ ਸ਼ਾਮਲ ਹੈ। ਦੂਜੀ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਟਰੰਪ ਨੇ ਸੁਰੱਖਿਆਵਾਦ ਦੀ ਪ੍ਰਕਿਰਿਆ ਸ਼ੁਰੂ ਕੀਤੀ, ਜਿਸ ਵਿੱਚ ਵਪਾਰ ਘਾਟਾ ਘਟਾਉਣਾ, ਅਮਰੀਕਾ ਵਿੱਚ ਨੌਕਰੀਆਂ ਪੈਦਾ ਕਰਨਾ ਅਤੇ ਅਮਰੀਕੀ ਦਬਦਬਾ ਸਥਾਪਤ ਕਰਨਾ ਸ਼ਾਮਲ ਹਨ। ਇਸ ਕਾਰਨ ਵਿਸ਼ਵ ਵਪਾਰ ਦਾ ਪ੍ਰਵਾਹ ਬਹੁਤ ਘੱਟ ਰਿਹਾ ਹੈ। ਟਰੰਪ ਦੀ ਇੱਛਾ ਹੈ ਕਿ ਅਮਰੀਕੀ ਡਾਲਰ ਹੀ ਪੂਰੀ ਦੁਨੀਆਂ ਦੀ ਕਰੰਸੀ ਬਣੇ ਅਤੇ ਅਮਰੀਕਾ ਦੁਨੀਆਂ ਦਾ ਬੇਤਾਜ ਬਾਦਸ਼ਾਹ ਬਣੇ। ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਟਰੰਪ ਦੁਨੀਆਂ ’ਤੇ ਅਮਰੀਕਾ ਦੀ ਚੌਧਰ ਕਰਵਾਉਣ ਵਿੱਚ ਕਿੰਨੇ ਕੁ ਕਾਮਯਾਬ ਹੁੰਦੇ ਹਨ ? ਉਂਝ ਉਹਨਾਂ ਦਾ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਦੂਜਾ ਕਾਰਜਕਾਲ ਵੀ ਪਹਿਲੇ ਕਾਰਜਕਾਲ ਵਾਂਗ ਹੀ ਵਿਵਾਦਮਈ ਬਣਦਾ ਰਿਹਾ ਹੈ।



(ਸਾਲ 2020 ਵਿੱਚ ਟਰੰਪ ਦਾ ਅਮਰੀਕੀ ਸਰਕਾਰ ਤੋਂ ਵਿਦਾ ਹੋਣਾ ਜਿੰਨਾ ਵਿਵਾਦਪੂਰਨ ਸੀ, ਸਾਲ 2024 ਵਿੱਚ ਉਨ੍ਹਾਂ ਦੀ ਵਾਪਸੀ ਵੀ ਓਨੀ ਹੀ ਹੰਗਾਮੇ ਵਾਲੀ ਰਹੀ। ਟਰੰਪ ਨੇ ਚੋਣਾਂ ਵਿੱਚ ਖੁੱਲ੍ਹ ਕੇ ਆਰਥਿਕ ਰਾਸ਼ਟਰਵਾਦ ਦਾ ਨਾਅਰਾ ਦਿੱਤਾ। ਇਸ ਦਾ ਮਤਲਬ ਹੈ ਕਿ ਕਿਸੇ ਦੇਸ਼ ਨੂੰ ਆਪਣੀ ਆਰਥਿਕਤਾ ਨੂੰ ਵਿਸ਼ਵ-ਵਿਆਪੀ ਦ੍ਰਿਸ਼ਟੀਕੋਣ ਦੀ ਬਜਾਏ ਰਾਸ਼ਟਰੀ ਹਿੱਤਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਣਾ ਚਾਹੀਦਾ ਹੈ। ਟਰੰਪ ਦੀ ਟੈਰਿਫ਼ ਨੀਤੀ ਦੋਧਾਰੀ ਤਲਵਾਰ ਬਣ ਗਈ ਹੈ। ਇੱਕ ਪਾਸੇ, ਅਮਰੀਕਾ ਇਸ ਰਾਹੀਂ ਘਰੇਲੂ ਉਤਪਾਦਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹੈ, ਪਰ ਦੂਜੇ ਪਾਸੇ, ਇਹ ਉਸਦੀ ਆਪਣੀ ਆਰਥਿਕਤਾ ’ਤੇ ਵੀ ਭਾਰੀ ਦਬਾਅ ਪਾ ਸਕਦਾ ਹੈ। ਹੁਣ ਇਹ ਦੇਖਣਾ ਬਾਕੀ ਹੈ ਕਿ ਇਸ ਟੈਰਿਫ਼ ਜੰਗ ਵਿੱਚ ਕੌਣ ਜਿੱਤੇਗਾ ? ਅਤੇ ਕਿਸਨੂੰ ਜ਼ਿਆਦਾ ਨੁਕਸਾਨ ਹੋਵੇਗਾ ?)




## ਭਾਰਤੀ ਕਾਰੋਬਾਰ ’ਤੇ ਕਿਸ ਤਰ੍ਹਾਂ ਦਾ ਪਵੇਗਾ ਪ੍ਰਭਾਵ ?

ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ’ਤੇ ਅਮਰੀਕੀ ਟੈਰਿਫ਼ ਦਾ ਸਿੱਧਾ ਪ੍ਰਭਾਵ ਘੱਟ ਹੋਵੇਗਾ ਅਤੇ ਨੁਕਸਾਨ ਵੀ ਘੱਟ ਹੋਵੇਗਾ ਪਰ ਡੋਨਾਲਡ ਟਰੰਪ ਨੇ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਨਾਲ ਵਪਾਰ ਯੁੱਧ ਸ਼ੁਰੂ ਕਰ ਦਿੱਤਾ ਹੈ, ਜਿਸਦਾ ਅਸਰ ਭਾਰਤ ’ਤੇ ਪਵੇਗਾ। ਈ.ਟੀ.ਨਾਓ ਦੇ ਅਰਥਸ਼ਾਸਤਰੀ ਅਤੇ ਸਲਾਹਕਾਰ ਸੰਪਾਦਕ ਸਵਾਮੀਨਾਥਨ ਅਈਅਰ ਦਾ ਕਹਿਣਾ ਹੈ ਕਿ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਅਨਿਸ਼ਚਿਤਤਾ ਕਾਰਨ ਵਿਸ਼ਵ ਜੀ.ਡੀ.ਪੀ. ਹੌਲੀ ਹੋ ਰਹੀ ਹੈ। ਇਹ ਭਾਰਤ ਦੇ ਜੀ.ਡੀ.ਪੀ. ਨੂੰ ਵੀ ਹੌਲੀ ਕਰ ਰਿਹਾ ਹੈ। ਭਾਰਤ ’ਤੇ ਪੈਣ ਵਾਲੇ ਪ੍ਰਭਾਵ ਬਾਰੇ ਅਈਅਰ ਕਹਿੰਦੇ ਹਨ ਕਿ ਡੋਨਾਲਡ ਟਰੰਪ ਚੀਨ, ਰੂਸ ਅਤੇ ਮੈਕਸੀਕੋ ਵਰਗੇ ਦੇਸ਼ਾਂ ਦਾ ਸਾਹਮਣਾ ਕਰ ਰਹੇ ਹਨ, ਇਸ ਲਈ ਭਾਰਤ ’ਤੇ ਸਿੱਧੇ ਪ੍ਰਭਾਵ ਦੀ ਸੰਭਾਵਨਾ ਘੱਟ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਨੇ ਭਾਰਤ ’ਤੇ 26 ਫੀਸਦ ਦਾ ਵਾਧੂ ਦਰਾਮਦ ਟੈਕਸ ਲਗਾਇਆ ਹੈ ਜੋ ਕਿ ਥਾਈਲੈਂਡ, ਵੀਅਤਨਾਮ ਅਤੇ ਚੀਨ ਵਰਗੇ ਪ੍ਰਤੀਯੋਗੀ ਦੇਸ਼ਾਂ ਦੇ ਮੁਕਾਬਲੇ ਘੱਟ ਹੈ। ਟੈਕਸਾਂ ’ਚ ਵਾਧੇ ਦਾ ਇਹ ਹੁਕਮ 9 ਅਪਰੈਲ ਤੋਂ ਪ੍ਰਭਾਵੀ ਹੋ ਗਿਆ ਸੀ ਪਰ ਟਰੰਪ ਨੇ ਹੁਣ ਇਸ ਨੂੰ 90 ਦਿਨਾਂ ਲਈ ਭਾਵ 9 ਜੁਲਾਈ ਤੱਕ ਮੁਲਤਵੀ ਕਰ ਦਿੱਤਾ ਹੈ।

## ਅਮਰੀਕਾ ਲਈ ਵਰਦਾਨ ਜਾਂ ਆਫ਼ਤ ?



ਟਰੰਪ ਦੀ ਰਣਨੀਤੀ ਦਾ ਉਦੇਸ਼ ਅਮਰੀਕਾ ਵਿੱਚ ਵਿਦੇਸ਼ੀ ਨਿਵੇਸ਼ ਅਤੇ ਘਰੇਲੂ ਉਤਪਾਦਾਂ ਨੂੰ ਉਤਸ਼ਾਹਿਤ ਕਰਨਾ ਹੈ। ਪਰ ਇਹ ਟੀਚਾ ਓਨਾ ਆਸਾਨ ਨਹੀਂ ਹੈ ਜਿੰਨਾ ਇਹ ਲੱਗਦਾ ਹੈ। ਸੀ.ਐਨ.ਐਨ. ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਵੀਂ ਟੈਰਿਫ਼ ਨੀਤੀ ਅਮਰੀਕੀ ਕੰਪਨੀਆਂ ਨੂੰ ਹਰ ਸਾਲ 654 ਬਿਲੀਅਨ ਡਾਲਰ ਦਾ ਵਾਧੂ ਨੁਕਸਾਨ ਪਹੁੰਚਾ ਸਕਦੀ ਹੈ, ਜਿਸ ਨਾਲ ਉਤਪਾਦਨ ਲਾਗਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ ਅਤੇ ਮਹਿੰਗਾਈ ਦਾ ਬੋਝ ਖਪਤਕਾਰਾਂ ’ਤੇ ਪੈ ਸਕਦਾ ਹੈ। ਜੇ.ਪੀ. ਮੋਰਗਨ ਅਤੇ ਗੋਲਡਮੈਨ ਵਰਗੀਆਂ ਵਿੱਤੀ ਕੰਪਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਟੈਰਿਫ਼ ਜੰਗ ਲੰਬੇ ਸਮੇਂ ਤੱਕ ਜਾਰੀ ਰਹੀ, ਤਾਂ ਅਮਰੀਕਾ ਨੂੰ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਕੀ ਸੁਖਬੀਰ ਬਾਦਲ ਦੀ ਪ੍ਰਧਾਨ ਵਜੋਂ ਵਾਪਸੀ ਨਾਲ ਅਕਾਲੀ ਦਲ ਵਿੱਚ ਪਵੇਗੀ ਨਵੀਂ ਜਾਨ ?

## ਕੀ ਪ੍ਰਧਾਨ ਬਣਨ ਤੋਂ ਬਾਅਦ ਘੱਟ ਜਾਣਗੀਆਂ ਸੁਖਬੀਰ ਸਿੰਘ ਬਾਦਲ ਦੀਆਂ ਚੁਣੌਤੀਆਂ ?

## ਅਕਾਲੀ ਦਲ 2027 ਲਈ ਮੈਦਾਨ 'ਚ ਉੱਤਰਿਆ, ਪੰਥਕ ਤੇ ਪੰਜਾਬ ਮੁੱਦੇ ਬਣੇ ਅਕਾਲੀ ਦਲ ਦਾ ਆਧਾਰ





ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916

**(ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਵਜੋਂ ਮੁੜ ਤਾਜਪੋਸ਼ੀ ਨਾਲ, ਸ਼੍ਰੋਮਣੀ ਅਕਾਲੀ ਦਲ ਦੇ ਭਵਿੱਖ ਬਾਰੇ ਚਰਚਾ ਤੇਜ਼ ਹੋ ਗਈ ਹੈ। ਕੀ ਇਹ ਬਦਲਾਅ ਪੰਜਾਬ ਦੀ ਰਾਜਨੀਤੀ ਵਿੱਚ ਪਾਰਟੀ ਨੂੰ ਮਜ਼ਬੂਤ ਕਰੇਗਾ ? ਪੂਰਾ ਵਿਸ਼ਲੇਸ਼ਣ ਜਾਣੋ -ਸੰਪਾਦਕ)**

ਸੁਖਬੀਰ ਸਿੰਘ ਬਾਦਲ ਨੂੰ ਸਰਬਸੰਮਤੀ ਨਾਲ ਮੁੜ ਸ਼੍ਰੋਮਣੀ ਅਕਾਲੀ ਦਲ ਦਾ 12 ਅਪ੍ਰੈਲ, 2025 ਨੂੰ ਅੰਮ੍ਰਿਤਸਰ ਦੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਏ ਪਾਰਟੀ ਦੇ ਇਜਲਾਸ ਵਿੱਚ ਪ੍ਰਧਾਨ ਚੁਣ ਲਿਆ ਗਿਆ ਹੈ। ਸਿਆਸੀ ਮਾਹਿਰ ਪਾਰਟੀ ਦੇ ਇਸ ਫ਼ੈਸਲੇ ਬਾਰੇ ਕਈ ਸਵਾਲ ਖੜੇ ਕਰਦੇ ਹਨ। ਕੀ ਇਹ 104 ਸਾਲ ਪੁਰਾਣੀ, ਖੇਤਰੀ ਅਤੇ ਪੰਥਕ ਪਾਰਟੀ ਹੁਣ ਇੱਕ ਹੀ ਪਰਿਵਾਰ ਤੱਕ ਸੀਮਤ ਹੋ ਕੇ ਰਹਿ ਗਈ ਹੈ ਅਤੇ ਕੱਦਵਾਰ ਸਿਆਸੀ ਆਗੂਆਂ ਦੀ ਮੌਜੂਦਗੀ ਨੂੰ ਨਕਾਰ ਰਹੀ ਹੈ। ਇਹ ਸੁਆਲ ਅਹਿਮ ਹੈ ਕਿ 'ਰਾਜ ਨਹੀਂ ਸੇਵਾ' ਦਾ ਨਾਅਰਾ ਦੇਣ ਵਾਲੀ ਇਹ ਪਾਰਟੀ ਲੋਕ ਮਨਾਂ ਵਿੱਚ ਦੁਬਾਰਾ ਘਰ ਬਣਾ ਸਕੇਗੀ ਜਾਂ ਨਹੀਂ ? ਕੀ ਮੁੜ ਪੁਰਾਣੀਆਂ ਲੀਹਾਂ ਉੱਤੇ ਤੁਰਨਾ ਪਾਰਟੀ ਨੂੰ ਮੰਜ਼ਲ ਵੱਲ ਲੈ ਕੇ ਜਾ ਸਕੇਗਾ ?

### ਸੁਖਬੀਰ ਸਿੰਘ ਬਾਦਲ ਦਾ ਦਾਅਵਾ

ਸੁਖਬੀਰ ਨੇ ਦਾਅਵਾ ਕੀਤਾ ਕਿ 27 ਲੱਖ ਮੈਂਬਰਾਂ ਵਿੱਚੋਂ ਚੁਣੇ ਗਏ 507 ਡੈਲੀਗੇਟਸ ਦੀ ਸਹਿਮਤੀ ਨਾਲ ਉਨ੍ਹਾਂ ਨੇ ਅਹੁਦਾ ਸਵੀਕਾਰਿਆ। ਉਨ੍ਹਾਂ ਸਭ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਨੇ ਆਪਣੀ ਪਾਰਟੀ ਨੂੰ 'ਪੰਜਾਬ ਦਾ ਅਸਲੀ ਵਾਰਸ' ਐਲਾਨਿਆ ਹੈ। ਪ੍ਰਧਾਨ ਚੁਣੇ ਜਾਣ ਤੋਂ ਬਾਅਦ ਸੁਖਬੀਰ ਬਾਦਲ ਨੇ ਆਪਣੇ ਭਾਸ਼ਣ ਵਿੱਚ ਦਾਅਵਾ ਕੀਤਾ ਕਿ ਪਿਛਲੇ ਛੇ ਮਹੀਨਿਆਂ ਵਿੱਚ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਗਈ, ਪੰਥ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਗਈ।

ਇਹ ਸਾਜ਼ਿਸ਼ ਸ਼ੁਰੂ ਹੋਈ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਐੱਨ.ਡੀ.ਏ. ਦਾ ਸਾਥ ਛੱਡਿਆ। ਉਨ੍ਹਾਂ ਕਿਹਾ, 'ਸ਼੍ਰੋਮਣੀ ਅਕਾਲੀ ਦਲ ਦੀ ਜ਼ਿੰਮੇਵਾਰੀ ਹੈ ਪੰਜਾਬ ਨੂੰ ਅੱਗੇ ਵਧਾਉਣ ਦੀ। ਹੋਰ ਪਾਰਟੀਆਂ ਨੂੰ ਪੰਜਾਬ ਨਾਲ ਕੋਈ ਸਰੋਕਾਰ ਨਹੀਂ ਹੈ। ਪੰਜਾਬੀਆਂ ਨੂੰ ਬੇਨਤੀ ਕਰਦਾਂ ਹਾਂ ਕਿ ਆਪਣੇ ਤੇ ਪਰਾਏ ਦਾ ਫ਼ਰਕ ਪਛਾਣਨ।'

ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ 104 ਸਾਲ ਪੁਰਾਣੇ ਇਤਿਹਾਸ ਦਾ ਹਵਾਲਾ ਵੀ ਦਿੱਤਾ ਅਤੇ ਪਾਰਟੀ ਦਾ ਮੁੱਢ ਬੰਨ੍ਹਣ ਵਾਲੇ ਆਗੂਆਂ ਦੀਆਂ ਕੁਰਬਾਨੀਆਂ ਵੀ ਗਿਣਵਾਈਆਂ। ਉਨ੍ਹਾਂ ਦਾਅਵਾ ਕੀਤਾ ਕਿ 27 ਲੱਖ ਤੋਂ ਵੱਧ ਲੋਕਾਂ ਦੀ ਪਾਰਟੀ ਮੈਂਬਰਸ਼ਿਪ ਹੋਈ ਹੈ। ਉਨ੍ਹਾਂ ਵਾਅਦਾ ਕੀਤਾ ਕਿ ਅਕਾਲੀ ਦਲ ਪੰਜਾਬ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ ਲਈ ਵਚਨਬੱਧ ਰਹੇਗਾ। ਸੁਖਬੀਰ ਬਾਦਲ ਦਾ ਪ੍ਰਧਾਨ ਚੁਣਿਆ ਜਾਣਾ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਹੈ, ਖਾਸ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ। ਇਹ ਇਸ ਲਈ ਹੈ,ਕਿਉਂਕਿ ਅਕਾਲੀ ਦਲ ਆਪਣਾ ਗੁਆਚਿਆ ਆਧਾਰ ਮੁੜ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਸੁਖਬੀਰ ਸਿੰਘ ਬਾਦਲ 2008 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਦੀ ਨਿਯੁਕਤੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਪਾਰਟੀ ਨੂੰ ਹਾਲ ਹੀ ਦੇ ਸਾਲਾਂ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਵਿੱਚ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ, 2020 ਵਿੱਚ ਭਾਜਪਾ ਗਠਜੋੜ ਤੋਂ ਵੱਖ ਹੋਣਾ ਅਤੇ ਕਿਸਾਨ ਅੰਦੋਲਨ ਦੌਰਾਨ ਇਸ ਦੀ ਭਰੋਸੇਯੋਗਤਾ ਨੂੰ ਨੁਕਸਾਨ ਪਹੁੰਚਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਬਿਕਰਮ ਸਿੰਘ ਮਜੀਠੀਆ ਆਦਿ ਵਰਗੇ ਕਈ ਸੀਨੀਅਰ ਪਾਰਟੀ ਆਗੂਆਂ ਨੇ ਸੁਖਬੀਰ ਦੀ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕੀਤੇ ਸਨ। ਇਸ ਨਾਲ ਪਾਰਟੀ ਵਿੱਚ ਅੰਦਰੂਨੀ ਕਲੇਸ਼ ਦੀ ਸਥਿਤੀ ਵੀ ਪੈਦਾ ਹੋ ਗਈ ਸੀ।

2023 ਵਿੱਚ, ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਛੱਡਣ ਵਾਲੇ ਆਗੂਆਂ ਤੋਂ ਮੁਆਫ਼ੀ ਮੰਗੀ ਸੀ ਅਤੇ ਉਨ੍ਹਾਂ ਨੂੰ ਪਾਰਟੀ ਵਿੱਚ ਵਾਪਸ ਆਉਣ ਦਾ ਸੱਦਾ ਦਿੱਤਾ ਸੀ। ਉਨ੍ਹਾਂ ਦੀ ਇਹ ਰਣਨੀਤੀ 2024 ਦੀ 'ਪੰਜਾਬ ਬਚਾਓ ਯਾਤਰਾ' ਵਿੱਚ ਵੀ ਦੇਖੀ ਗਈ, ਜਿੱਥੇ ਉਨ੍ਹਾਂ ਨੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਉਠਾਇਆ ਅਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਦੀ ਮੁੜ ਨਿਯੁਕਤੀ ਨੂੰ ਇਸ ਦਿਸ਼ਾ ਵਿੱਚ ਇੱਕ ਹੋਰ ਕਦਮ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਦਾ ਉਦੇਸ਼ ਪਾਰਟੀ ਨੂੰ ਇਕਜੁੱਟ ਕਰਨਾ ਅਤੇ ਸਿੱਖ ਭਾਈਚਾਰੇ ਦੇ ਨਾਲ-ਨਾਲ ਪੰਜਾਬੀ ਪਛਾਣ ਨੂੰ ਮਜ਼ਬੂਤ ਕਰਨਾ ਹੈ।

ਸੁਖਬੀਰ ਦਾ ਇਹ ਬਿਆਨ ਕਿ ਅਕਾਲੀ ਦਲ ਪੰਜਾਬ ਦਾ ਅਸਲੀ ਵਾਰਸ ਹੈ, ਕਈ ਤਰੀਕਿਆਂ ਨਾਲ ਮਹੱਤਵਪੂਰਨ ਹੈ। ਇਹ ਨਾ ਸਿਰਫ਼ ਉਸ ਦੀ ਪਾਰਟੀ ਦੀ ਇਤਿਹਾਸਕ ਵਿਰਾਸਤ 'ਤੇ ਜ਼ੋਰ ਦਿੰਦਾ ਹੈ ਬਲਕਿ ਪੰਜਾਬ ਦੀ ਮੌਜੂਦਾ ਰਾਜਨੀਤਿਕ ਸਥਿਤੀ ਵਿੱਚ ਇੱਕ ਨਵਾਂ ਦਾਅਵਾ ਵੀ ਕਰਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ 1920 ਵਿੱਚ ਸਿੱਖਾਂ ਦੇ ਧਾਰਮਿਕ ਅਤੇ ਸਮਾਜਿਕ ਹਿੱਤਾਂ ਦੀ ਰਾਖੀ ਲਈ ਕੀਤੀ ਗਈ ਸੀ ਅਤੇ ਇਹ ਲੰਬੇ ਸਮੇਂ ਤੋਂ ਪੰਜਾਬ ਵਿੱਚ ਸਿੱਖ ਪਛਾਣ ਅਤੇ ਖੇਤਰੀ ਮਾਣ ਦਾ ਪ੍ਰਤੀਕ ਰਿਹਾ ਹੈ।

ਸੁਖਬੀਰ ਨੇ ਆਪਣੇ ਭਾਸ਼ਣ ਵਿੱਚ ਖ਼ਾਲਸਾ ਪੰਥ ਦਾ ਹਵਾਲਾ ਦਿੱਤਾ, ਜੋ ਸਿੱਖ ਭਾਈਚਾਰੇ ਲਈ ਡੂੰਘਾ ਭਾਵਨਾਤਮਕ ਮਹੱਤਵ ਰੱਖਦਾ ਹੈ। ਇਹ ਉਸ ਦੀ ਅਕਾਲੀ ਦਲ ਨੂੰ ਦੁਬਾਰਾ ਸਿੱਖਾਂ ਦਾ ਸਭ ਤੋਂ ਵੱਡਾ ਪ੍ਰਤੀਨਿਧੀ ਬਣਾਉਣ ਦੀ ਕੋਸ਼ਿਸ਼ ਹੈ, ਖਾਸ ਕਰਕੇ ਜਦੋਂ 'ਆਪ' ਅਤੇ ਕਾਂਗਰਸ ਨੇ ਵੀ ਸਿੱਖ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕੀਤੀ ਹੈ। ਆਪਣੇ ਆਪ ਨੂੰ ਪੰਜਾਬ ਦਾ ਅਸਲੀ ਵਾਰਸ ਦੱਸ ਕੇ, ਸੁਖਬੀਰ ਸਿੰਘ ਬਾਦਲ ਨੇ ਪੰਜਾਬੀ ਪਛਾਣ ਨੂੰ ਕੇਂਦਰ ਵਿੱਚ ਰੱਖਿਆ ਹੈ। ਇਹ ਬਿਆਨ ਪੰਜਾਬੀਆਂ ਨੂੰ ਯਾਦ ਦਿਵਾਉਣ ਦੀ ਕੋਸ਼ਿਸ਼ ਹੈ ਕਿ ਅਕਾਲੀ ਦਲ ਨੇ ਹਮੇਸ਼ਾ ਸੂਬੇ ਦੇ ਹਿੱਤਾਂ ਨੂੰ ਤਰਜੀਹ ਦਿੱਤੀ ਹੈ, ਭਾਵੇਂ ਇਹ ਆਨੰਦਪੁਰ ਸਾਹਿਬ ਦਾ ਮਤਾ ਹੋਵੇ ਜਾਂ ਕੇਂਦਰ ਨਾਲ ਟਕਰਾਅ।

ਸੁਖਬੀਰ ਦੀ ਸਰਬਸੰਮਤੀ ਨਾਲ ਨਿਯੁਕਤੀ ਦਰਸਾਉਂਦੀ ਹੈ ਕਿ ਪਾਰਟੀ ਘੱਟੋ ਘੱਟ ਬਾਦਲ ਪਰਿਵਾਰ ਦੀ ਅਗਵਾਈ ਵਿੱਚ ਇੱਕ ਜੁੱਟ ਹੈ।

# ਸੁਖਬੀਰ ਸਿੰਘ ਬਾਦਲ ਲਈ ਚੁਣੌਤੀਆਂ

ਸੁਖਬੀਰ ਸਿੰਘ ਬਾਦਲ ਲਈ ਅਸਲ ਚੁਣੌਤੀ ਪਾਰਟੀ ਛੱਡ ਚੁੱਕੇ ਨਾਰਾਜ਼ ਆਗੂਆਂ ਨੂੰ ਵਾਪਸ ਲਿਆਉਣਾ ਹੈ। ਉਸ ਦੀ 2023 ਦੀ ਮੁਆਫ਼ੀ ਅਤੇ ਹੁਣ ਇਹ ਅਕਾਲੀ ਦਲ ਦੇ ਪ੍ਰਧਾਨ ਵਜੋਂ ਨਿਯੁਕਤੀ ਉਸ ਦਿਸ਼ਾ ਵਿੱਚ ਕਦਮ ਹੋ ਸਕਦੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਅਕਾਲੀ ਦਲ ਨੂੰ ਸਿਰਫ਼ 3 ਸੀਟਾਂ ਮਿਲੀਆਂ ਅਤੇ ਇਸ ਦਾ ਵੋਟ ਹਿੱਸਾ 18.38% ਰਹਿ ਗਿਆ। ਸੁਖਬੀਰ ਦੀ ਇਹ ਨਿਯੁਕਤੀ ਅਤੇ ਉਨ੍ਹਾਂ ਦਾ ਬਿਆਨ 2027 ਲਈ ਇੱਕ ਸ਼ੁਰੂਆਤੀ ਬਿਗਲ ਹੈ। ਪਾਰਟੀ ਹੁਣ ਪੇਂਡੂ ਸਿੱਖ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ।




ਪੰਜਾਬ ਬਚਾਓ ਯਾਤਰਾ ਅਤੇ ਹੁਣ ਇਸ ਬਿਆਨ ਰਾਹੀਂ, ਸੁਖਬੀਰ ਇਹ ਸੁਨੇਹਾ ਦੇ ਰਹੇ ਹਨ ਕਿ ਸਿਰਫ਼ ਅਕਾਲੀ ਦਲ ਹੀ ਪੰਜਾਬ ਦੀਆਂ ਸਮੱਸਿਆਵਾਂ ਜਿਵੇਂ ਕਿ ਨਸ਼ੇ, ਬੇਰੁਜ਼ਗਾਰੀ ਅਤੇ ਕਿਸਾਨਾਂ ਦੇ ਮੁੱਦੇ ਹੱਲ ਕਰ ਸਕਦਾ ਹੈ। 2020 ਵਿੱਚ ਕਿਸਾਨ ਅੰਦੋਲਨ ਦੌਰਾਨ ਅਕਾਲੀ ਦਲ ਨੇ ਐਨ.ਡੀ.ਏ. ਛੱਡ ਦਿੱਤਾ ਸੀ। 2024 ਵਿੱਚ, ਸੁਖਬੀਰ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਦਾ ਗਠਜੋੜ ਬਸਪਾ ਨਾਲ ਹੈ, ਪਰ ਐਨ.ਡੀ.ਏ. ਵਿੱਚ ਉਨ੍ਹਾਂ ਦੀ ਵਾਪਸੀ ਦੀਆਂ ਅਟਕਲਾਂ ਅਜੇ ਵੀ ਖਤਮ ਨਹੀਂ ਹੋਈਆਂ ਹਨ। ਉਸ ਦੀ ਨਿਯੁਕਤੀ ਅਤੇ ਪੰਜਾਬ ਦੇ ਵਾਰਸ ਵਜੋਂ ਉਸ ਦਾ ਬਿਆਨ ਵੀ ਕੇਂਦਰ ਨਾਲ ਭਵਿੱਖ ਦੇ ਸਬੰਧਾਂ 'ਤੇ ਨਿਰਭਰ ਕਰੇਗਾ। ਜੇਕਰ ਅਕਾਲੀ ਦਲ ਐਨ.ਡੀ.ਏ. ਵਿੱਚ ਵਾਪਸ ਆਉਂਦਾ ਹੈ, ਤਾਂ ਉਨ੍ਹਾਂ ਲਈ ਪਾਰਟੀ ਤੇ ਪੰਜਾਬ ਦੀ ਖ਼ੁਦਮੁਖ਼ਤਿਆਰੀ ਯਕੀਨੀ ਬਣਾਈ ਰੱਖਣਾ ਅਹਿਮ ਇਮਤਿਹਾਨ ਹੋਵੇਗਾ। ਸੁਖਬੀਰ ਸਿੰਘ ਬਾਦਲ ਦਾ ਰਸਤਾ ਸੌਖਾ ਨਹੀਂ ਹੈ। ਉਨ੍ਹਾਂ ਨੂੰ ਸਭ ਤੋਂ ਵੱਡੀ ਸਮੱਸਿਆ ਭਰੋਸੇਯੋਗਤਾ ਦੀ ਹੈ। 2017-2022 ਦੌਰਾਨ ਅਕਾਲੀ ਦਲ-ਭਾਜਪਾ ਸਰਕਾਰ 'ਤੇ ਭ੍ਰਿਸ਼ਟਾਚਾਰ, ਡਰੱਗ ਮਾਫ਼ੀਆ ਨੂੰ ਸਰਪ੍ਰਸਤੀ ਦੇਣ, ਬੇਅਦਬੀ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲੱਗੇ ਸਨ। ਬਰਗਾੜੀ ਬੇਅਦਬੀ ਘਟਨਾ ਅਤੇ ਉਸ ਤੋਂ ਬਾਅਦ ਹੋਈ ਹਿੰਸਾ ਨੇ ਪਾਰਟੀ ਦੇ ਅਕਸ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਸੀ। ਇਸ ਦਾਗ਼ ਨੂੰ ਮਿਟਾਉਣ ਲਈ ਸੁਖਬੀਰ ਨੂੰ ਸਖ਼ਤ ਮਿਹਨਤ ਕਰਨੀ ਪਵੇਗੀ। ਸੁਖਬੀਰ ਸਿੰਘ ਬਾਦਲ ਦੀਆਂ ਮੁਸੀਬਤਾਂ ਇੱਥੇ ਹੀ ਨਹੀਂ ਰੁਕਣੀਆਂ ਸਗੋਂ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਹ ਚੁਣੌਤੀ ਹੋਰ ਵੀ ਵੱਡੀ ਹੋ ਜਾਵੇਗੀ ਖ਼ਾਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਵੱਲੋਂ ਚਲਾਈ ਜਾ ਰਹੀ ਸਮਾਨਾਂਤਰ ਭਰਤੀ ਮੁਹਿੰਮ ਕਾਰਨ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਝੂੰਦਾਂ, ਬੀਬੀ ਜਗੀਰ ਕੌਰ ਆਦਿ ਸਮੇਤ ਪਾਰਟੀ ਦੇ ਬਹੁਤੇ ਸੀਨੀਅਰ ਆਗੂ ਕਮੇਟੀ ਵੱਲੋਂ ਚਲਾਈ ਜਾ ਰਹੀ ਭਰਤੀ ਕਮੇਟੀ ਦੇ ਨਾਲ ਚਲੇ ਗਏ ਹਨ।

**(ਬਾਕੀ ਸਫ਼ਾ 30 'ਤੇ)**

## ਕੀ ਕਹਿੰਦੇ ਹਨ ਵਿਰੋਧੀ ਆਗੂ ਤੇ ਬੁੱਧੀਜੀਵੀ ?

ਹਾਲਾਂ ਕਿ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਨੂੰ ਕਾਗਜ਼ੀ ਤਬਦੀਲੀ ਕਰਾਰ ਦਿੰਦੇ ਹੋਏ ਕਿਹਾ ਹੈ ਕਿ ਸੁਖਬੀਰ ਨੇ ਕਦੇ ਵੀ ਅਹੁਦਾ ਨਹੀਂ ਛੱਡਿਆ।

ਪੰਜਾਬ ਦੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਇਸ ਨੂੰ ਇੱਕ ਨਕਲੀ ਪ੍ਰਧਾਨ ਦੀ ਨਿਯੁਕਤੀ ਕਿਹਾ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਰੋਧੀ ਧਿਰ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।ਸਿੱਖ ਇਤਿਹਾਸਕਾਰ ਅਤੇ ਪੰਥਕ ਸਿਆਸਤ ਦੇ ਮਾਹਿਰ ਗੁਰਦਰਸ਼ਨ ਸਿੰਘ ਢਿੱਲੋਂ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਦੀ ਹੋਈ ਚੋਣ ਨੂੰ ਸਮੁੱਚੇ ਪੰਥ ਵੱਲੋਂ ਕੀਤੀ ਗਈ ਚੋਣ ਨਹੀਂ ਕਿਹਾ ਜਾ ਸਕਦਾ। ਉਹ ਕਹਿੰਦੇ ਹਨ, 'ਸੁਖਬੀਰ ਦੀ ਚੋਣ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਇੱਕ ਗਰੁੱਪ ਦੀ ਚੋਣ ਹੈ ਨਾ ਕਿ ਲੋਕਾਂ ਦੀ ਪਸੰਦ ਹੈ। ਜਦੋਂ ਤੱਕ ਕੋਈ ਆਗੂ ਅਕਾਲ ਤਖ਼ਤ ਸਾਹਿਬ ਦੀ ਅਹਿਮੀਅਤ ਨੂੰ ਸਵੀਕਾਰ ਕੇ ਲੋਕ ਦਰਬਾਰ ਵਿੱਚ ਨਹੀਂ ਆਉਂਦਾ, ਉਹ ਕਿਸੇ ਪੰਥਕ ਪਾਰਟੀ ਦੀ ਸਹੀ ਅਗਵਾਈ ਨਹੀਂ ਕਰ ਸਕਦਾ। ਢਿੱਲੋਂ ਦਾ ਕਹਿਣਾ ਹੈ ਕਿ ਜਦੋਂ ਤੱਕ ਲੋਕ ਨਹੀਂ ਮੰਨਦੇ ਉਦੋਂ ਤੱਕ ਅਕਾਲੀ ਦਲ ਦਾ ਕੋਈ ਭਵਿੱਖ ਨਹੀਂ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਕੋਈ ਸਮਾਂ ਸੀ ਜਦੋਂ ਔਰਤ ਵੋਟਰ ਅਤੇ ਕਿਸਾਨ ਵੋਟਰ ਅਕਾਲੀ ਦਲ ਦੇ ਹਿਮਾਇਤੀ ਸਨ ਪਰ ਬੀਤੇ ਸਮੇਂ ਦੇ ਘਟਨਾਕ੍ਰਮਾਂ ਨੇ ਇਸ ਦੇ ਆਗੂਆਂ ਦਾ ਅਕਸ ਖ਼ਰਾਬ ਕੀਤਾ ਹੈ। ਜੇ ਉਸ ਨੂੰ ਮੁੜ ਸੁਧਾਰਿਆ ਨਾ ਗਿਆ ਤਾਂ ਪਾਰਟੀ ਦਾ ਪ੍ਰਦਰਸ਼ਨ ਵੀ ਨਹੀਂ ਸੁਧਰੇਗਾ। ਜਗਰੂਪ ਸਿੰਘ ਸੇਖੋਂ ਕਹਿੰਦੇ ਹਨ ਕਿ ਅਕਾਲੀ ਦਲ ਨੇ ਹਾਲ ਹੀ ਵਿੱਚ ਦਾਅਵੇ ਕੀਤੇ ਕਿ 27 ਲੱਖ ਤੋਂ ਵੱਧ ਮੈਂਬਰ ਬਣਾਏ ਗਏ ਹਨ। ਪਰ ਇਹ ਅੰਕੜਾ ਸ਼ੱਕ ਦੇ ਘੇਰੇ ਵਿੱਚ ਹੈ। ਜੇ ਪਾਰਟੀ ਨਾਲ ਅਸਲੋਂ ਇੰਨੇ ਲੋਕ ਜੁੜ ਚੁੱਕੇ ਤਾਂ ਇਸ ਨੂੰ ਇੱਕ ਚੰਗੀ ਸ਼ੁਰੂਆਤ ਮੰਨਿਆ ਜਾਣਾ ਚਾਹੀਦਾ ਹੈ। ਪਰ ਪਾਰਟੀ ਨੂੰ ਪਾਰਦਰਸ਼ਤਾ ਦਿਖਾਉਣ ਦੀ ਲੋੜ ਹੈ।

ਦੂਜੇ ਪਾਸੇ ਅਕਾਲੀ ਦਲ ਬਾਦਲ ਦੇ ਸਲਾਹਕਾਰ ਹਰਚਰਨ ਸਿੰਘ ਬੈਂਸ ਦਾ ਕਹਿਣਾ ਹੈ ਕਿ ਅਕਾਲੀ ਦਲ ਦੇ ਇਤਿਹਾਸ ਵਿੱਚ ਕਈ ਅਜਿਹੇ ਮੌਕੇ ਆਏ ਹਨ ਜਦੋਂ ਬਹੁਤ ਹੀ ਸੰਕਟ ਦੇ ਸਮੇਂ ਵਿੱਚੋਂ ਅਕਾਲੀ ਦਲ ਉਭਰਿਆ। ਅੱਜ ਦਾ ਫ਼ੈਸਲਾ ਅਕਾਲੀ ਦਲ ਨੂੰ ਮੁੜ ਸੰਕਟ ਵਿੱਚੋਂ ਕੱਢਣ ਦਾ ਸਮਾਂ ਹੈ। ਇਹ ਪਲ ਨੇ ਜਦੋਂ ਪੰਥ ਲਈ ਦਰਦ ਰੱਖਣ ਵਾਲੇ ਇੱਕ ਥਾਂ ਇਕੱਠੇ ਹੋਣਗੇ। ਸੁਖਬੀਰ ਬਾਦਲ ਬਾਰੇ ਉਨ੍ਹਾਂ ਕਿਹਾ, 'ਅਜਿਹਾ ਨਹੀਂ ਦੁਨੀਆਂ ਭਰ ਵਿੱਚ ਵੀ ਸਿਆਸੀ ਪਰਿਵਾਰਾਂ ਦੀਆਂ ਅਗਲੀਆਂ ਪੀੜੀਆਂ ਸਿਆਸਤ ਵਿੱਚ ਆਉਂਦੀਆਂ ਹਨ। ਇਹ ਫ਼ੈਸਲਾ ਪਾਰਟੀ ਦਾ ਨਹੀਂ ਬਲਕਿ ਲੋਕਾਂ ਦੇ ਉਤਸ਼ਾਹ ਦਾ ਹੈ।'

# ਸਾਬਕਾ ਕੰਪਨੀ ਅਧਿਕਾਰੀ ਵੱਲੋਂ ਫੇਸਬੁੱਕ 'ਤੇ ਅਮਰੀਕੀ ਰਾਸ਼ਟਰੀ ਸੁਰੱਖਿਆ ਨੂੰ ਢਾਹ ਲਗਾਉਣ ਦਾ ਦੋਸ਼

ਵਾਸ਼ਿੰਗਟਨ/ਏ.ਟੀ.ਨਿਊਜ਼: ਫੇਸਬੁੱਕ ਦੀ ਸਾਬਕਾ ਅਧਿਕਾਰੀ ਸਾਰਾ ਵਿਅਨ-ਵਿਲੀਅਮਜ਼ ਨੇ ਪਿਛਲੇ ਦਿਨੀਂ ਸੀਨੇਟ ਦੀ ਨਿਆਇਕ ਸੰਮਿਤੀ ਸਾਹਮਣੇ ਆਪਣੀ ਗਵਾਹੀ ਦਿੰਦਿਆਂ ਦੋਸ਼ ਲਾਇਆ ਕਿ ਫੇਸਬੁੱਕ ਨੇ ਕੌਮੀ ਸੁਰੱਖਿਆ ਨੂੰ ਕਮਜ਼ੋਰ ਕੀਤਾ ਅਤੇ ਚੀਨ ਵਿੱਚ ਆਪਣਾ ਵਪਾਰ ਵਧਾਉਣ ਲਈ ਅਮਰੀਕਾ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ ਪਹਿਲਕਦਮੀਆਂ ਬਾਰੇ ਜਾਣਕਾਰੀ ਚੀਨ ਨੂੰ ਦਿੱਤੀ ਹੈ।



ਵਿਲੀਅਮਜ਼ ਨੇ ਆਪਣੀ ਗਵਾਹੀ ਦੌਰਾਨ ਕਿਹਾ, ਅਸੀਂ ਚੀਨ ਨਾਲ ਏ.ਆਈ. ਹਥਿਆਰਾਂ ਦੀ ਦੌੜ ਵਿੱਚ ਹਾਂ ਅਤੇ ਮੈਟਾ ਵਿੱਚ ਮੇਰੇ ਕਾਰਜਕਾਲ ਦੌਰਾਨ ਕੰਪਨੀ ਦੇ ਅਧਿਕਾਰੀਆਂ ਨੇ ਕਰਮਚਾਰੀਆਂ, ਹਿੱਸੇਦਾਰਾਂ, ਕਾਂਗਰਸ ਅਤੇ ਅਮਰੀਕੀ ਜਨਤਾ ਨਾਲ ਚੀਨੀ ਕਮਿਊਨਿਸਟ ਪਾਰਟੀ ਨਾਲ ਆਪਣੇ ਰਿਸ਼ਤਿਆਂ ਬਾਰੇ ਝੂਠ ਬੋਲਿਆ।

ਗੌਰਤਲਬ ਹੈ ਕਿ ਵਿਲੀਅਮਜ਼ ਦੀ ਕਿਤਾਬ ਕੇਰਲੈੱਸ ਪੀਪਲ ਵਿੱਚ ਉਨ੍ਹਾਂ ਦੇ ਮੈਟਾ ਵਿੱਚ ਕੰਮ ਕਰਦੇ ਸਮੇਂ ਦੇ ਕਈ ਵਾਕਿਆਂ ਦਾ ਜ਼ਿਕਰ ਕੀਤਾ ਗਿਆ ਹੈ। ਪ੍ਰਕਾਸ਼ਿਤ ਹੋਣ ਦੇ ਪਹਿਲੇ ਹੀ ਹਫ਼ਤੇ ਵਿੱਚ ਇਸ ਕਿਤਾਬ ਦੀ 60,000 ਕਾਪੀਆਂ ਵਿਕ ਗਈਆਂ ਅਤੇ ਇਹ ਐਮੇਜ਼ਾਨ ਦੀ 'ਬੈਸਟਸੈਲਰ' ਸੂਚੀ ਵਿੱਚ ਪਹਿਲੀਆਂ 10 ਵਿੱਚ ਆ ਗਈ।

ਕਨੇਟਿਕਟ ਤੋਂ ਡੈਮੋਕਰੈਟ ਸਾਂਸਦ ਰਿਚਾਰਡ ਬਲੂਮੇਂਥਲ ਨੇ ਇੱਕ ਸੁਣਵਾਈ ਦੌਰਾਨ ਦੱਸਿਆ ਕਿ ਮੈਟਾ ਨੇ ਆਪਣੀ ਸਾਬਕਾ ਅਧਿਕਾਰੀ ਨੂੰ ਚੁੱਪ ਕਰਵਾਉਣ ਲਈ ਡਰਾਇਆ-ਧਮਕਾਇਆ। ਵਿਲੀਅਮਜ਼ ਨੇ ਕਮੇਟੀ ਨੂੰ ਦੱਸਿਆ, ਉਨ੍ਹਾਂ ਸੱਤ ਸਾਲਾਂ ਦੌਰਾਨ, ਮੈਂ ਮੈਟਾ ਦੇ ਅਧਿਕਾਰੀਆਂ ਨੂੰ ਕਈ ਵਾਰੀ ਅਮਰੀਕੀ ਕੌਮੀ ਸੁਰੱਖਿਆ ਨੂੰ ਕਮਜ਼ੋਰ ਕਰਦੇ ਅਤੇ ਅਮਰੀਕੀ ਕਦਰਾਂ ਨਾਲ ਵਿਸ਼ਵਾਸਘਾਤ ਕਰਦੇ ਵੇਖਿਆ। ਉਹਨਾਂ ਨੇ ਚੀਨ ਦਾ ਭਰੋਸਾ ਜਿੱਤਣ ਅਤੇ 18 ਅਰਬ ਡਾਲਰ ਦਾ ਵਪਾਰ ਖੜਾ ਕਰਨ ਲਈ ਇਹ ਸਭ ਕੁਝ ਕੀਤਾ।

ਜ਼ਿਕਰਯੋਗ ਹੈ ਕਿ ਇਹ ਸੁਣਵਾਈ ਮੈਟਾ ਵਿਰੁੱਧ ਇੱਕ ਵੱਡੇ ਐਂਟੀਟ੍ਰਸਟ ਮੁਕੱਦਮੇ ਦੇ ਸ਼ੁਰੂ ਹੋਣ ਤੋਂ ਕੁਝ ਦਿਨ ਪਹਿਲਾਂ ਹੋਈ ਹੈ। ਫੈਡਰਲ ਟ੍ਰੇਡ ਕਮਿਸ਼ਨ ਦਾ ਇਹ ਮਾਮਲਾ ਕੰਪਨੀ ਨੂੰ ਇੰਸਟਾਗ੍ਰਾਮ ਅਤੇ ਵਟਸਐਪ ਵੇਚਣ ਲਈ ਮਜਬੂਰ ਕਰ ਸਕਦਾ ਹੈ।

## ਟਰੰਪ 'ਕਮਾਂਡਰ ਇਨ ਚੀਫ' ਵਜੋਂ ਸੇਵਾ ਨਿਭਾਉਣ ਲਈ ਪੂਰੀ ਤਰ੍ਹਾਂ ਫਿੱਟ

ਵੈਸਟ ਪਾਮ ਬੀਚ/ਏ.ਟੀ.ਨਿਊਜ਼: ਡੋਨਾਲਡ ਟਰੰਪ ਦੇ ਡਾਕਟਰ ਦਾ ਕਹਿਣਾ ਹੈ ਕਿ ਅਮਰੀਕੀ ਰਾਸ਼ਟਰਪਤੀ 'ਕਮਾਂਡਰ ਇਨ ਚੀਫ' ਵਜੋਂ ਸੇਵਾ ਕਰਨ ਲਈ ਕਾਫ਼ੀ ਸਿਹਤਮੰਦ ਹਨ। ਵ੍ਹਾਈਟ ਹਾਊਸ ਨੇ ਬੀਤੇ ਦਿਨੀਂ ਟਰੰਪ ਦੇ ਕੀਤੇ ਗਏ ਮੈਡੀਕਲ ਟੈਸਟਾਂ ਦੀਆਂ ਰਿਪੋਰਟਾਂ ਜਾਰੀ ਕੀਤੀਆਂ। ਟਰੰਪ 78 ਸਾਲ ਦੇ ਹਨ। ਟਰੰਪ ਦੇ ਡਾਕਟਰ, ਕੈਪਟਨ ਸੀਨ ਬਾਰਬਾਬੇਲਾ ਨੇ ਕਿਹਾ ਕਿ ਰਾਸ਼ਟਰਪਤੀ ਦੀ ਸਰਗਰਮ ਜੀਵਨ ਸ਼ੈਲੀ ਉਨ੍ਹਾਂ ਦੀ ਸਰੀਰਕ ਸਿਹਤ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਂਦੀਹੈ। ਟਰੰਪ 14 ਜੂਨ ਨੂੰ 79 ਸਾਲ ਦੇ ਹੋ ਜਾਣਗੇ। ਅਮਰੀਕੀ ਰਾਸ਼ਟਰਪਤੀ ਦੇ ਡਾਕਟਰ ਨੇ ਕਿਹਾ ਕਿ ਟਰੰਪ ਕਮਾਂਡਰ-ਇਨ-ਚੀਫ਼ ਅਤੇ ਰਾਜ ਦੇ ਮੁਖੀ ਦੇ ਫਰਜ਼ ਨਿਭਾਉਣ ਲਈ ਪੂਰੀ ਤਰ੍ਹਾਂ ਸਿਹਤਮੰਦ ਹਨ। 2020 ਤੋਂ, ਉਹਨਾਂ ਨੇ 20 ਪੌਂਡ ਭਾਰ ਘਟਾ ਲਿਆ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਟਰੰਪ ਦੀਆਂ ਦੋਵੇਂ ਅੱਖਾਂ ਵਿੱਚ ਮੋਤੀਆਬਿੰਦ ਦੀ ਸਰਜਰੀ ਹੋਈ ਹੈ। ਹਾਲਾਂਕਿ, ਰਿਪੋਰਟ ਵਿੱਚ ਕੋਈ ਤਾਰੀਖ ਨਹੀਂ ਦਿੱਤੀ ਗਈ ਹੈ। ਇਹ ਸਰਜਰੀ ਵੱਡੀ ਉਮਰ ਦੇ ਲੋਕਾਂ ਵਿੱਚ ਆਮ ਹੈ। ਇਸ ਵਿੱਚ, ਅੱਖ ਦੇ ਧੁੰਦਲੇ ਲੈਂਸ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਇੱਕ ਨਕਲੀ ਲੈਂਸ ਲਗਾਇਆ ਜਾਂਦਾ ਹੈ। ਇਸ ਨਾਲ ਦੇਖਣਾ ਆਸਾਨ ਹੋ ਜਾਂਦਾ ਹੈ। ਰਿਪੋਰਟ ਦੇ ਅਨੁਸਾਰ, ਟਰੰਪ ਦੀ ਜੁਲਾਈ 2024 ਵਿੱਚ ਕੋਲੋਨੋਸਕੋਪੀ ਹੋਈ। ਇੱਕ ਸੁਭਾਵਕ ਪੌਲੀਪ ਅਤੇ ਡਾਇਵਰਟੀਕੁਲੋਸਿਸ ਨਾਮਕ ਇੱਕ ਸਥਿਤੀ ਪਾਈ ਗਈ। ਇਹ ਇੱਕ ਆਮ ਸਥਿਤੀ ਹੈ ਜਿਸ ਵਿੱਚ ਅੰਤੜੀਆਂ ਦੀਆਂ ਕੰਧਾਂ ਉਮਰ ਦੇ ਨਾਲ ਕਮਜ਼ੋਰ ਹੋ ਜਾਂਦੀਆਂ ਹਨ। ਇਸ ਨਾਲ ਪੇਟ ਫੁੱਲ ਸਕਦਾ ਹੈ, ਹਾਲਾਂਕਿ ਜ਼ਿਆਦਾਤਰ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਹੁੰਦੀ।

## ਅਮਰੀਕਾ ਵੱਲੋਂ ਦੱਖਣੀ ਸੁਡਾਨ ਦੇ ਸਾਰੇ ਨਾਗਰਿਕਾਂ ਦੇ ਵੀਜ਼ੇ ਰੱਦ ਕੀਤੇ ਜਾਣਗੇ: ਮਾਰਕੋ ਰੁਬੀਓ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੁਬੀਓ ਨੇ ਐਲਾਨ ਕੀਤਾ ਹੈ ਕਿ ਦੱਖਣੀ ਸੁਡਾਨ ਦੇ ਸਾਰੇ ਪਾਸਪੋਰਟ ਧਾਰਕਾਂ ਦੇ ਵੀਜ਼ੇ ਰੱਦ ਕੀਤੇ ਜਾ ਰਹੇ ਹਨ। ਉਸ ਨੇ ਦੋਸ਼ ਲਾਇਆ ਹੈ ਕਿ ਦੱਖਣੀ ਸੁਡਾਨ ਦੀ ਆਰਜ਼ੀ ਸਰਕਾਰ ਟਰੰਪ ਪ੍ਰਸ਼ਾਸਨ ਦੁਆਰਾ ਦੇਸ਼ ਵਿਚੋਂ ਕੱਢੇ ਸੁਡਾਨੀਆਂ ਨੂੰ ਵਾਪਿਸ ਲੈਣ ਤੋਂ ਨਾਂਹ ਕਰ ਰਹੀ ਹੈ। ਇਹ ਪਹਿਲੀ ਘਟਨਾ ਹੈ ਜਿਸ ਵਿੱਚ ਟਰੰਪ ਪ੍ਰਸ਼ਾਸਨ ਦੁਆਰਾ ਕਿਸੇ ਇੱਕ ਦੇਸ਼ ਦੇ ਪਾਸਪੋਰਟ ਧਾਰਕਾਂ ਵਿਰੁੱਧ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਚਿਤਾਵਨੀ ਦੇ ਚੁੱਕੇ ਹਨ ਕਿ ਆਪਣੇ ਨਾਗਰਿਕਾਂ ਨੂੰ ਵਾਪਿਸ ਨਾ ਲੈਣ ਵਾਲੇ ਦੇਸ਼ਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਰੁਬੀਓ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਦੱਖਣੀ ਸੁਡਾਨ ਦੀ ਆਰਜ਼ੀ ਸਰਕਾਰ ਅਮਰੀਕਾ ਦਾ ਲਾਹਾ ਲੈਣਾ ਬੰਦ ਕਰ ਦੇਵੇ। ਉਨ੍ਹਾਂ ਕਿਹਾ ਹੈ ਕਿ ਹਰੇਕ ਦੇਸ਼ ਨੂੰ ਹਰ ਹਾਲਤ ਵਿੱਚ ਆਪਣੇ ਸ਼ਹਿਰੀ ਸਮਾਬੱਧ ਤਰੀਕੇ ਨਾਲ ਵਾਪਿਸ ਲੈਣੇ ਪੈਣਗੇ ਜਦੋਂ ਅਮਰੀਕਾ ਸਮੇਤ ਕੋਈ ਵੀ ਦੇਸ਼ ਉਨ੍ਹਾਂ ਨੂੰ ਕੱਢਣ ਦਾ ਫ਼ੈਸਲਾ ਕਰਦਾ ਹੈ। ਰੁਬੀਓ ਨੇ ਹੋਰ ਕਿਹਾ ਹੈ ਕਿ ਦੱਖਣੀ ਸੁਡਾਨ ਦੇ ਲੋਕਾਂ ਦਾ ਅਮਰੀਕਾ ਵਿੱਚ ਦਾਖਲਾ ਰੋਕਣ ਲਈ ਉਨ੍ਹਾਂ ਨੂੰ ਵੀਜ਼ੇ ਜਾਰੀ ਕਰਨਾ ਵੀ ਬੰਦ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਦੱਖਣੀ ਸੁਡਾਨ ਜਦੋਂ ਮੁਕੰਮਲ ਸਹਿਯੋਗ ਕਰਨਾ ਸ਼ੁਰੂ (ਬਾਕੀ ਸਫ਼ਾ 30 'ਤੇ)

# ਟਰੰਪ ਅਤੇ ਪੁਤਿਨ ਵਿਚਾਲੇ ਜਲਦੀ ਹੋਵੇਗੀ ਮੁਲਾਕਾਤ

ਮਾਸਕੋ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਪਿਛਲੇ ਦਿਨੀਂ ਰੂਸੀ ਸ਼ਹਿਰ ਸੇਂਟ ਪੀਟਰਸਬਰਗ ਪਹੁੰਚੇ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ। ਰੂਸੀ ਰਾਸ਼ਟਰਪਤੀ ਦੇ ਦਫ਼ਤਰ ਕ੍ਰੇਮਲਿਨ ਨੇ ਕਿਹਾ ਹੈ ਕਿ ਮੀਟਿੰਗ ਵਿੱਚ ਯੂਕ੍ਰੇਨ ਦੀ ਸਥਿਤੀ 'ਤੇ ਚਰਚਾ ਕੀਤੀ ਗਈ ਅਤੇ ਉੱਥੇ ਸ਼ਾਂਤੀ ਸਥਾਪਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ ਗਈ। ਇਸ ਦੌਰਾਨ ਟਰੰਪ ਅਤੇ ਪੁਤਿਨ ਵਿਚਕਾਰ ਮੁਲਾਕਾਤ ਦੇ ਪ੍ਰੋਗਰਾਮ 'ਤੇ ਵੀ ਚਰਚਾ ਹੋਈ।



ਰੂਸੀ ਰਾਸ਼ਟਰਪਤੀ ਦੇ ਦਫ਼ਤਰ ਕ੍ਰੇਮਲਿਨ ਨੇ ਕਿਹਾ ਹੈ ਕਿ ਮੀਟਿੰਗ ਵਿੱਚ ਯੂਕ੍ਰੇਨ ਦੀ ਸਥਿਤੀ 'ਤੇ ਚਰਚਾ ਕੀਤੀ ਗਈ ਅਤੇ ਉੱਥੇ ਸ਼ਾਂਤੀ ਸਥਾਪਤ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ ਗਈ। ਟਰੰਪ ਅਤੇ ਪੁਤਿਨ ਵਿਚਕਾਰ ਮੁਲਾਕਾਤ ਦੇ ਸ਼ਡਿਊਲ 'ਤੇ ਵੀ ਚਰਚਾ ਹੋਈ। ਦੂਜੇ ਪਾਸੇ, ਵਾਸ਼ਿੰਗਟਨ ਵਿੱਚ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਰੂਸ ਯੂਕ੍ਰੇਨ ਵਿੱਚ ਜੰਗਬੰਦੀ 'ਤੇ ਤੇਜ਼ੀ ਨਾਲ ਕੰਮ ਕਰ ਰਿਹਾ ਹੈ।

ਪੁਤਿਨ ਨੂੰ ਮਿਲਣ ਤੋਂ ਪਹਿਲਾਂ, ਵਿਟਕੋਫ ਨੇ ਪੀਟਰਸਬਰਗ ਵਿੱਚ ਪੁਤਿਨ ਦੇ ਨਿਵੇਸ਼ ਰਾਜਦੂਤ ਕਿਰਿਲ ਦਮਿਤਰੀਵ ਨਾਲ ਗੱਲਬਾਤ ਕੀਤੀ। ਇਸ ਤੋਂ ਬਾਅਦ ਵਿਟਕੋਫ ਨੇ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕੀਤੀ। ਵਿਟਕੌਫ ਅਮਰੀਕਾ-ਰੂਸ ਸਬੰਧਾਂ ਨੂੰ ਵਾਪਸ ਪਟੜੀ 'ਤੇ ਲਿਆਉਣ ਵਿੱਚ ਇੱਕ ਮੁੱਖ ਹਸਤੀ ਵਜੋਂ ਉਭਰਿਆ ਹੈ। ਇਹ ਵਿਟਕੋਫ ਦੀ ਪੁਤਿਨ ਨਾਲ ਤੀਜੀ ਮੁਲਾਕਾਤ ਸੀ। ਟਰੰਪ ਦੇ ਵਿਸ਼ਵਾਸਪਾਤਰ ਹੋਣ ਦੇ ਨਾਤੇ, ਉਹ ਰੂਸ ਦੇ ਨਾਲ-ਨਾਲ ਯੂਕ੍ਰੇਨ ਦੇ ਸੰਪਰਕ ਵਿਚ ਹੈ। ਪਰ ਉਨ੍ਹਾਂ ਦੀ ਰੂਸ ਫੇਰੀ ਤੋਂ ਕੋਈ ਵੱਡੇ ਨਤੀਜੇ ਨਿਕਲਣ ਦੀ ਉਮੀਦ ਨਹੀਂ ਹੈ।

ਇਹ ਵਿਟਕੌਫ ਦੀ ਟਰੰਪ ਦੇ ਦੂਤ ਵਜੋਂ ਪੁਤਿਨ ਨਾਲ ਤੀਜੀ ਮੁਲਾਕਾਤ ਸੀ। ਇਹ ਮੀਟਿੰਗ ਸੀਰੀਆ ਵਿੱਚ ਰੂਸ-ਸਮਰਥਿਤ ਅਸਦ ਸਰਕਾਰ ਦੇ ਪਤਨ, ਰੂਸ-ਸਮਰਥਿਤ ਇਰਾਨ ਤੇ ਅਮਰੀਕਾ ਵਿਚਕਾਰ ਤਣਾਅ, ਅਮਰੀਕਾ ਅਤੇ ਚੀਨ ਵਿਚਕਾਰ ਚੱਲ ਰਹੀ ਵਪਾਰ ਜੰਗ ਅਤੇ ਯੂਕ੍ਰੇਨ ਯੁੱਧ ਦੇ ਵਿਚਕਾਰ ਹੋਈ ਹੈ। ਜ਼ਾਹਿਰ ਹੈ ਕਿ ਦੋਵੇਂ ਧਿਰਾਂ ਆਪਣੇ-ਆਪਣੇ ਹਿੱਤਾਂ ਲਈ ਗੱਲ ਕਰਦੀਆਂ ਪਰ ਉਨ੍ਹਾਂ ਗੱਲਾਂ ਨੂੰ ਅਜੇ ਜਨਤਕ ਨਹੀਂ ਕੀਤਾ ਗਿਆ ਹੈ।

**ਰੂਸ ਨਾਲ ਲੜ ਰਹੇ ਚੀਨੀ ਨਾਗਰਿਕ ਭਾੜੇ ਦੇ ਫ਼ੌਜੀ: ਅਮਰੀਕਾ**

ਯੂਕ੍ਰੇਨ ਵਿਰੁੱਧ ਜੰਗ ਵਿੱਚ ਰੂਸੀ ਫੌਜ ਦੇ ਨਾਲ ਲੜ ਰਹੇ ਸੌ ਤੋਂ ਵੱਧ ਚੀਨੀ ਨਾਗਰਿਕ ਭਾੜੇ ਦੇ ਸੈਨਿਕ ਹਨ ਜਿਨ੍ਹਾਂ ਦਾ ਚੀਨੀ ਸਰਕਾਰ ਨਾਲ ਸਿੱਧਾ ਕੋਈ ਸਬੰਧ ਨਹੀਂ ਹੈ। ਇਹ ਜਾਣਕਾਰੀ ਅਮਰੀਕੀ ਖ਼ੁਫ਼ੀਆ ਏਜੰਸੀ ਤੋਂ ਜਾਣੂ ਦੋ ਅਮਰੀਕੀ ਅਧਿਕਾਰੀਆਂ ਅਤੇ ਇੱਕ ਸਾਬਕਾ ਪੱਛਮੀ ਖ਼ੁਫ਼ੀਆ ਅਧਿਕਾਰੀ ਨੇ ਦਿੱਤੀ। ਹਾਲਾਂਕਿ, ਅਧਿਕਾਰੀ ਨੇ ਇਹ ਵੀ ਦੱਸਿਆ ਕਿ ਚੀਨੀ ਫੌਜੀ ਅਧਿਕਾਰੀ ਜੰਗ ਤੋਂ ਰਣਨੀਤਕ ਗਿਆਨ ਪ੍ਰਾਪਤ ਕਰਨ ਲਈ ਬੀਜਿੰਗ ਦੀ ਆਗਿਆ ਨਾਲ ਰੂਸੀ ਸਰਹੱਦ ਦੇ ਪਿੱਛੇ ਥੀਏਟਰ ਵਿੱਚ ਰਹੇ ਹਨ।

**ਯੂਕ੍ਰੇਨੀ ਫੌਜਾਂ ਨੇ ਦੋ ਚੀਨੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ**

ਹਿੰਦ-ਪ੍ਰਸ਼ਾਂਤ ਮਹਾਸਾਗਰ ਵਿੱਚ ਤਾਇਨਾਤ ਅਮਰੀਕੀ ਫ਼ੌਜਾਂ ਦੇ ਮੁਖੀ ਐਡਮਿਰਲ ਸੈਮੂਅਲ ਪਾਪਾਰੋ ਨੇ ਪੁਸ਼ਟੀ ਕੀਤੀ ਕਿ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਦੁਆਰਾ ਰੂਸ ਨਾਲ ਲੜਾਈ ਵਿੱਚ 155 ਚੀਨੀ ਨਾਗਰਿਕ ਸ਼ਾਮਲ ਹੋਣ ਦੀ ਰਿਪੋਰਟ ਤੋਂ ਬਾਅਦ ਯੂਕ੍ਰੇਨੀ ਫ਼ੌਜਾਂ ਨੇ ਦੋ ਚੀਨੀ ਨਾਗਰਿਕਾਂ ਨੂੰ ਫੜ ਲਿਆ ਹੈ। ਇਸ ਦੇ ਨਾਲ ਹੀ, ਚੀਨ ਨੇ ਜ਼ੇਲੇਂਸਕੀ ਦੇ ਇਨ੍ਹਾਂ ਦੋਸ਼ਾਂ ਨੂੰ ਗੈਰ-ਜ਼ਿੰਮੇਵਾਰ ਦੱਸਿਆ ਅਤੇ ਕਿਹਾ ਕਿ ਉਹ ਲੜਾਈ ਵਿੱਚ ਸ਼ਾਮਲ ਨਹੀਂ ਸਨ।

## ਅਮਰੀਕਾ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ

ਸੈਕਰਾਮੈਂਟੋ,ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਯੂ.ਐਸ. ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਹਾਵਰਡ,ਟਫ਼ਟਸ ਤੇ ਸਟੈਂਫ਼ੋਰਡ ਸਮੇਤ ਪ੍ਰਮੁੱਖ ਯੂਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਖ਼ਬਰ ਹੈ। ਮਾਸ ਮੀਡੀਆ ਬਲੂਮਬਰਗ ਅਨੁਸਾਰ ਇਮੀਗ੍ਰੇਸ਼ਨ ਪ੍ਰਸ਼ਾਸਨ ਦੀ ਇਸ ਕਾਰਵਾਈ ਨੇ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ ਹੈ। ਜਿਨ੍ਹਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਉਨ੍ਹਾਂ ਵਿੱਚ ਯੂਨੀਵਰਸਿਟੀਆਂ ਵਿੱਚ ਇਸ ਸਮੇਂ ਪੜ੍ਹ ਰਹੇ ਵਿਦਿਆਰਥੀ ਤੇ ਹਾਲ ਹੀ ਵਿੱਚ ਗਰੈਜੂਏਟ ਬਣੇ ਵਿਦਿਆਰਥੀ ਵੀ ਸ਼ਾਮਿਲ ਹਨ। ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਅਨੁਸਾਰ ਇਕੱਲੇ ਕੈਲੀਫ਼ੋਰਨੀਆ ਵਿੱਚ ਯੂ.ਸੀ.ਐਲ.ਏ., ਯੂ.ਸੀ. ਬਰਕਲੇ, ਯੂ.ਸੀ. ਡੇਵਿਸ, ਯੂ.ਸੀ. ਸੈਨ ਡਇਏਗੋ, ਯੂ.ਸੀ. ਸਾਂਤਾ ਕਰੂਜ਼ ਤੇ ਸਟੈਂਫ਼ੋਰਡ ਸਮੇਤ ਅਨੇਕਾਂ ਸਿੱਖਿਆ ਸੰਸਥਾਵਾਂ ਦੇ ਦਰਜਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਸਟੈਂਫ਼ੋਰਡ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਆਪਣੇ 6 ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਬਾਰੇ ਜਾਣਕਾਰੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਜੇਕਰ ਕਾਨੂੰਨੀ ਮਜਬੂਰੀ ਨਾ ਹੋਵੇ ਤਾਂ ਉਹ ਇਮੀਗ੍ਰੇਸ਼ਨ ਪ੍ਰਸ਼ਾਸਨ ਨਾਲ ਵਿਦਿਆਰਥੀਆਂ ਦਾ ਨਿੱਜੀ ਰਿਕਾਰਡ ਸਾਂਝਾ ਨਹੀਂ ਕਰਦੇ। ਹਾਵਰਡ ਦੇ 3

ਮੌਜੂਦਾ ਤੇ 2 ਸਾਬਕਾ ਗਰੈਜੂਏਟ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਏ.ਪੀ. ਦੀ ਇੱਕ ਰਿਪੋਰਟ ਵਿੱਚ ਡਾਰਟਮਾਊਥ ਕਾਲਜ, ਮਿਨੀਸੋਟਾ ਸਟੇਟ ਯੂਨੀਵਰਸਿਟੀ, ਐਰੀਜ਼ੋਨਾ ਸਟੇਟ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ਼ ਓਰੇਗੋਨ ਦੇ ਕਈ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਪੁਸ਼ਟੀ ਕੀਤੀ ਗਈ ਹੈ। ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਡਰਾਈਵਿੰਗ ਨਿਯਮਾਂ ਦੀ ਉਲੰਘਣਾ ਸਮੇਤ ਛੋਟੇ ਮੋਟੇ ਅਪਰਾਧ ਤਹਿਤ ਵਿਦਿਆਰਥੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਤੋਂ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕ ਪ੍ਰੇਸ਼ਾਨ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਚੋਣਾਂ : ਲਿਬਰਲਾਂ ਤੇ ਟੋਰੀਆਂ ਦੇ ਵਿਚਾਲੇ ਹੋਣ ਲੱਗੀ ਫ਼ਸਵੀਂ ਟੱਕਰ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੀਆਂ ਫ਼ੈਡਰਲ ਚੋਣਾਂ ਦਾ ਦਿਨ ਜਿਵੇਂ ਜਿਵੇਂ ਨੇੜੇ ਆਉਣ ਲੱਗਾ ਹੈ, ਤਿਵੇਂ ਤਿਵੇਂ ਵੋਟਰ ਮਨ ਖੋਲ੍ਹਣ ਲੱਗੇ ਹਨ, ਜਿਸ ਨਾਲ ਤਸਵੀਰ ਕੁਝ ਸਾਫ਼ ਹੋਣ ਲੱਗੀ ਹੈ ਕਿ ਚੋਣਾਂ ਤੋਂ ਬਾਅਦ ਦੇਸ਼ ਦੀ ਵਾਗਡੋਰ ਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਹੱਥ ਰਹੇਗੀ ਜਾਂ ਉਸ ਕੁਰਸੀ ’ਤੇ ਕੰਜ਼ਰਵੇਟਿਵ ਆਗੂ ਪੀਅਰ ਪੋਲਿਵਰ ਬਿਰਾਜਮਾਨ ਹੋਣਗੇ।



ਭਰੋਸੇਮੰਦ ਮੰਨੇ ਜਾਂਦੇ ਕੁਝ ਸਰਵੇਖਣ ਅਦਾਰਿਆਂ ਵੱਲੋਂ ਜਾਰੀ ਰਿਪੋਰਟਾਂ ਮੁਤਾਬਕ ਟੱਕਰ ਦਿਨ ਬ ਦਿਨ ਫ਼ਸਵੀਂ ਬਣਦੀ ਜਾ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਕੁਝ ਨੀਤੀਆਂ ਕਾਰਨ ਪਾਰਟੀ ਨਾਲ ਨਾਰਾਜ਼ ਹੋਏ ਵੋਟਰਾਂ ਨੇ ਤਿੰਨ ਮਹੀਨੇ ਪਹਿਲਾਂ ਲਿਬਰਲ ਪਾਰਟੀ ਨੂੰ ਲੋਕਪ੍ਰਿਅਤਾ ਪੱਖੋਂ 25 ਫ਼ੀਸਦੀ ਤੱਕ ਹੇਠਾਂ ਸੁੱਟ ਦਿੱਤਾ ਸੀ, ਪਰ ਮਾਰਕ ਕਾਰਨੀ ਵੱਲੋਂ ਪ੍ਰਧਾਨ ਮੰਤਰੀ ਬਣ ਕੇ ਚੋਣਾਂ ਦਾ ਐਲਾਨ ਕਰਨ ਅਤੇ ਅਮਰੀਕਨ ਰਾਸ਼ਟਰਪਤੀ ਦੀਆਂ ਟੈਰਿਫ਼ ਧਮਕੀਆਂ ਨਾਲ ਸਿੱਝਣ ਵਾਲੇ ਬਾਦਲੀਲ ਬਿਆਨਾਂ ਨੇ ਪਾਰਟੀ ਵਿੱਚ ਨਵੀਂ ਰੂਹ ਫ਼ੂਕੀ ਤੇ ਅਪ੍ਰੈਲ ਦੇ ਪਹਿਲੇ ਹਫ਼ਤੇ ਪਾਰਟੀ ਨੂੰ 44 ਫ਼ੀਸਦੀ ਲੋਕਪ੍ਰਿਅਤਾ ’ਤੇ ਲਿਜਾ ਖੜਾਇਆ, ਜਦ ਕਿ ਕੰਜ਼ਰਵੇਟਿਵ 37 ਫ਼ੀਸਦ ’ਤੇ ਜਾ ਅਟਕੇ। ਦੋ ਦਿਨ ਪਹਿਲਾਂ ਉਨ੍ਹਾਂ ਸਰਵੇਖਣ ਏਜੰਸੀਆਂ ਦੇ ਤਾਜ਼ੇ ਸਰਵੇਖਣਾਂ ਵਿੱਚ ਲਿਬਰਲਾਂ ਤੇ ਟੋਰੀਆਂ ਦਾ ਫ਼ਰਕ ਸਿਰਫ਼ 3 ਫ਼ੀਸਦੀ ਰਹਿ ਗਿਆ ਹੈ ਤੇ ਵੋਟ ਲਈ ਮਨ ਬਣਾ ਚੁੱਕੇ ਵੋਟਰਾਂ ਦੀ ਫ਼ੀਸਦੀ ਵਧਣ ਲੱਗੀ ਹੈ। ਬੇਸ਼ੱਕ ਕਿਊਬਕ ਸੂਬੇ ਤੱਕ ਹੀ ਸੀਮਤ ਬਲਾਕ ਕਿਊਬਕਵਾ ਦਾ ਗਰਾਫ਼ 6 ਫ਼ੀਸਦੀ ’ਤੇ ਟਿਕਿਆ ਹੈ, ਪਰ ਤਾਜ਼ੇ ਸਰਵੇਖਣ ਵਿੱਚ ਪਤਾ ਲੱਗਾ ਹੈ ਕਿ ਕੈਨੇਡਾ ਭਰ ’ਚ ਆਪਣੇ ਉਮੀਦਵਾਰ ਖੜਾਉਣ ਵਾਲੀ ਨਿਊ ਡੈਮੋਕਰੈਟਿਕ ਪਾਰਟੀ ਦੇ ਚਹੇਤੇ ਇੱਕ ਫ਼ੀਸਦੀ ਘਟ ਗਏ ਹਨ। ਇਸ ਦੇ ਪ੍ਰਧਾਨ ਜਗਮੀਤ ਸਿੰਘ ਨੂੰ ਬਰਨਬੀ ਕੇਂਦਰੀ ਹਲਕੇ ਤੋਂ ਆਪਣੀ ਸੀਟ ਬਚਾਉਣੀ ਔਖੀ ਹੋਈ ਪਈ ਹੈ। ਗਰੀਨ ਪਾਰਟੀ ਪਹਿਲਾਂ ਵਾਂਗ ਦੋ ਢਾਈ ਫ਼ੀਸਦ ’ਤੇ ਸਿਮਟੀ ਹੋਈ ਹੈ।

ਵੋਟਰਾਂ ਵੱਲੋਂ ਅਗਲੇ ਪ੍ਰਧਾਨ ਮੰਤਰੀ ਵਜੋਂ ਦਰਸਾਈ ਪਸੰਦ ’ਤੇ ਗੌਰ ਕਰੀਏ ਤਾਂ ਉਹ ਸੁਲਝੇ ਆਗੂ ਵਜੋਂ ਮਾਰਕ ਕਾਰਨੀ ਨੂੰ ਪੀਅਰ ਪੋਲਿਵਰ ਤੋਂ ਅੱਗੇ ਰੱਖਦੇ ਹਨ। ਸਿਆਸੀ ਸੂਝ ਵਾਲੇ ਲੋਕਾਂ ਦੇ ਸ਼ੰਕੇ ਵੀ ਹਨ ਕਿ ਸ਼ਾਇਦ ਮਾਰਕ ਕਾਰਨੀ ਪਾਰਟੀ ਨੀਤੀਆਂ ਵਿੱਚ ਵੱਡੇ ਬਦਲਾਅ ਕਰਨ ਵਿੱਚ ਸਫ਼ਲ ਨਾ ਹੋ ਸਕੇ ਤੇ ਦੇਸ਼ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਪਹਿਲਾਂ ਵਾਂਗ ਬਣੀਆਂ ਰਹਿਣ। ਵੋਟਰ ਤਿੰਨਾਂ ਵੱਡੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਕੀਤੇ ਜਾ ਰਹੇ ਵਾਅਦਿਆਂ ਨੂੰ ਵੋਟਰ ਭਰਮਾਊ ਸਮਝ ਕੇ ਉਨ੍ਹਾਂ ’ਤੇ ਭਰੋਸਾ ਕਰਨ ਤੋਂ ਕਤਰਾਉਣ ਲੱਗੇ ਹਨ। ਲੋਕਾਂ ਦੀਆਂ ਵੱਡੀਆਂ ਮੰਗਾਂ ਘਰਾਂ ਦੀ ਗਿਣਤੀ, ਅਮਨ ਕਨੂੰਨ, ਸਜ਼ਾਵਾਂ ’ਚ ਸਖ਼ਤੀ ਅਤੇ ਅਵਾਸ ਪਾਬੰਦੀਆਂ ਹਨ।

ਬਹੁਤੇ ਲੋਕ 20 ਤੇ 21 ਅਪ੍ਰੈਲ ਨੂੰ ਪਾਰਟੀ ਆਗੂਆਂ ਦੀ ਜਨਤਕ ਬਹਿਸ ’ਤੇ ਵੀ ਅੱਖਾਂ ਟਿਕਾਈ ਬੈਠੇ ਹਨ। ਪਿਛਲੀਆਂ ਚੋਣਾਂ ਵਿੱਚ ਆਮ ਕਰਕੇ ਇਹੀ ਬਹਿਸ ਵੋਟਰਾਂ ਦੇ ਮਨ ਪੱਕੇ ਕਰਦੀ ਰਹੀ ਹੈ। ਇਸ ਵਾਰ ਦੀ ਬਹਿਸ ਕੀ ਰੰਗ ਲਿਆਏਗੀ, ਇਸ ਦੀਆਂ ਕਿਆਸਅਰਾਈਆਂ ਤਾਂ ਬਹਿਸ ਤੋਂ ਅਗਲੇ ਦਿਨ ਸ਼ੁਰੂ ਹੋ ਜਾਣਗੀਆਂ, ਪਰ ਉਸ ਦਾ ਰੰਗ 28 ਅਪ੍ਰੈਲ ਰਾਤ ਨੂੰ ਹੀ ਉਘੜ ਕੇ ਸਾਹਮਣੇ ਆਏਗਾ।

# ਵੈਨਕੂਵਰ ’ਚ ਨਗਰ ਕੀਰਤਨ ਦਾ ਸੰਗਤ ਨੇ ਥਾਂ-ਥਾਂ ਲੰਗਰ ਲਾ ਕੇ ਕੀਤਾ ਸਵਾਗਤ



ਵੈਨਕੂਵਰ/ਏ.ਟੀ.ਨਿਊਜ਼: ਖ਼ਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ ਵੱਲੋਂ ਇੱਥੇ ਵਿਸਾਖੀ ਮੌਕੇ ਨਗਰ ਕੀਰਤਨ ਸਜਾਇਆ ਗਿਆ। ਐਤਕੀਂ ਅਮਰੀਕੀ ਸ਼ਰਧਾਲੂਆਂ ਦੀ ਘਾਟ ਰੜਕਦੀ ਰਹੀ। ਸੰਘੀ ਚੋਣਾਂ ਨੇੜੇ ਹੋਣ ਕਰਕੇ ਕੌਮੀ ਪਾਰਟੀਆਂ ਦੇ ਆਗੂ ਕੁੱਝ ਸਮਾਂ ਹਾਜ਼ਰੀ ਭਰ ਕੇ ਤੁਰਦੇ ਬਣੇ। ਪ੍ਰਸ਼ਾਸਨ ਵੱਲੋਂ ਨਗਰ ਕੀਰਤਨ ਦੇ ਰੂਟ ਬਾਰੇ ਲੋਕਾਂ ਨੂੰ ਕਈ ਦਿਨਾਂ ਤੋਂ ਸੂਚਿਤ ਕੀਤਾ ਜਾ ਰਿਹਾ ਸੀ, ਜਿਸ ਕਰਕੇ ਲੋਕਾਂ ਨੂੰ ਪ੍ਰੇਸ਼ਾਨੀ ਨਹੀਂ ਆਈ। ਨਗਰ ਕੀਰਤਨ ਦੀ ਆਰੰਭਤਾ ਅਰਦਾਸ ਕਰਕੇ ਕੀਤੀ ਗਈ।

ਗੁਰਦੁਆਰੇ ਤੋਂ ਸ਼ੁਰੂ ਹੋਇਆ ਨਗਰ ਕੀਰਤਨ ਸ਼ਹਿਰ ਦੀ ਰੌਸ ਸਟਰੀਟ, ਮੈਰੀਨ ਡਰਾਈਵ, ਮੇਨ ਸਟਰੀਟ ਅਤੇ 49 ਸਟਰੀਟ ਤੋਂ ਮੁੜ ਕੇ ਫਰੇਜ਼ਰ ਸਟਰੀਟ ਹੁੰਦੇ ਹੋਏ ਸ਼ਾਮ ਨੂੰ ਵਾਪਸ ਗੁਰਦੁਆਰੇ ਪਹੁੰਚ ਕੇ ਸੰਪੂਰਨ ਹੋਇਆ। ਇਸ ਦੌਰਾਨ ਵੈਨਕੂਵਰ ਪੁਲਿਸ ਟੁਕੜੀ ਵੱਲੋਂ ਸਲਾਮੀ ਦਿੱਤੀ ਗਈ ਤੇ ਗਤਕਾ ਪਾਰਟੀਆਂ ਨੇ ਆਪਣੇ ਜੌਹਰ ਦਿਖਾਏ। ਸਾਰੇ ਰਸਤੇ ’ਚ ਸ਼ਰਧਾਲੂਆਂ ਨੇ ਵੱਖ ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਗੁਰਬਾਣੀ ਦਾ ਜਾਪ ਕਰਦੀ ਹੋਈ ਨਾਲ-ਨਾਲ ਪੈਦਲ ਚੱਲ ਰਹੀ ਸੀ।

# ਵਿਨੀਪੈੱਗ ਸਿਟੀ ਹਾਲ ਵਿਖੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ

ਵਿਨੀਪੈੱਗ/ਏ.ਟੀ.ਨਿਊਜ਼: ਖ਼ਾਲਸਾ ਸਾਜਨਾ ਦਿਵਸ ਅਤੇ ਸਿੱਖ ਹੈਰੀਟੇਜ ਮੰਥ ਨੂੰ ਸਮਰਪਿਤ ਸਿਟੀ ਹਾਲ ਵਿਨੀਪੈੱਗ ਵਿੱਚ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਨਿਸ਼ਾਨ ਸਾਹਿਬ ਝੁਲਾਏ ਗਏ। ਸਿਟੀ ਕੌਂਸਲਰ ਤੇ ਸਪੀਕਰ ਦੇਵੀ ਸ਼ਰਮਾ ਨੇ ਮੰਚ ਤੋਂ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਜ਼ਿਕਰਯੋਗ ਹੈ ਕਿ ਵਿਨੀਪੈੱਗ ਸਿਟੀ ਵੱਲੋਂ ਹਰ ਸਾਲ ਵਿਸਾਖੀ ਦੇ ਮੌਕੇ ਸਿਟੀ ਹਾਲ ਵਿਖੇ ਕੇਸਰੀ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ ਅਤੇ ਅਪ੍ਰੈਲ ਮਹੀਨੇ ਨੂੰ ਸਿੱਖ ਹੈਰੀਟੇਜ ਮਹੀਨੇ ਵਜੋਂ ਮਨਾਇਆ ਜਾਂਦਾ ਹੈ।ਇਸ ਤੋਂ ਇਲਾਵਾ



ਵਿਨੀਪੈੱਗ ਦੇ ਮਸ਼ਹੂਰ ਰੈੱਡ ਰਿਵਰ ਕਾਲਜ ਵਿੱਚ ਇੰਡੀਅਨ ਕਲਚਰ ਕਲੱਬ ਦੇ ਸਹਿਯੋਗ ਨਾਲ ਰੈੱਡ ਰਿਵਰ ਕਾਲਜ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਪੱਗ ਦੇ ਸਨਮਾਨ ਵਜੋਂ ਸਾਲਾਨਾ ‘ਟਰਬਨਪ੍ਰਾਈਡ ਡੇ’ ਆਯੋਜਿਤ ਕੀਤਾ ਗਿਆ। ਇਸ ਆਯੋਜਨ ਦਾ ਟੀਚਾ ਲੋਕਾਂ ਨੂੰ ਪੱਗ ਦੇ ਇਤਿਹਾਸ ਤੋਂ ਜਾਣੂ ਕਰਵਾਉਣਾ ਸੀ।

# ਕੀ ਤੀਜੇ ਵਿਸ਼ਵ ਯੁੱਧ ਵੱਲ ਵੱਧ ਰਿਹੈ ਰੂਸ-ਯੂਕ੍ਰੇਨ ਟਕਰਾਅ ?

ਲੰਡਨ/ਏ.ਟੀ.ਨਿਊਜ਼: ਹੁਣ ਬ੍ਰਿਟੇਨ, ਰੂਸ ਅਤੇ ਯੂਕ੍ਰੇਨ ਵਿਚਕਾਰ ਚੱਲ ਰਹੀ ਜੰਗ ਵਿੱਚ ਸ਼ਾਮਿਲ ਹੋਣ ਜਾ ਰਿਹਾ ਹੈ। ‘ਦ ਟੈਲੀਗ੍ਰਾਫ’ ਦੀ ਰਿਪੋਰਟ ਅਨੁਸਾਰ, ਬ੍ਰਿਟਿਸ਼ ਫ਼ੌਜਾਂ ਨੂੰ ਯੂਕ੍ਰੇਨ ਵਿੱਚ ਪੰਜ ਸਾਲਾਂ ਲਈ ਤਾਇਨਾਤ ਕੀਤਾ ਜਾ ਸਕਦਾ ਹੈ। ਬ੍ਰਿਟੇਨ ਸਹਿਯੋਗੀਆਂ ਦੁਆਰਾ ਵਿਚਾਰ-ਵਟਾਂਦਰੇ ਦੀਆਂ ਯੋਜਨਾਵਾਂ ਦੇ ਤਹਿਤ ਪੰਜ ਸਾਲਾਂ ਲਈ ਯੂਕ੍ਰੇਨ ਵਿੱਚ ਫੌਜਾਂ ਤਾਇਨਾਤ ਕਰਨ ’ਤੇ ਵਿਚਾਰ ਕਰ ਰਿਹਾ ਹੈ। ਯੂਰਪੀਅਨ ਅਗਵਾਈ ਵਾਲੀ ਇੱਕ ਫੋਰਸ ਯੂਕ੍ਰੇਨ ਭੇਜੀ ਜਾਵੇਗੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਯੋਜਨਾ ਦੇ ਤਹਿਤ, ਮੇਜ਼ ’ਤੇ ਮੌਜੂਦ ਕਈ ਵਿਕਲਪਾਂ ਵਿਚੋਂ ਇੱਕ, ਇੱਕ ਯੂਰਪੀਅਨ ਅਗਵਾਈ ਵਾਲੀ ਫੋਰਸ ਯੂਕ੍ਰੇਨ ਭੇਜੀ ਜਾਵੇਗੀ ਤਾਂ ਜੋ ਰੂਸ ਨੂੰ ਕਿਸੇ ਵੀ ਸਮਝੌਤੇ ਦੀ ਉਲੰਘਣਾ ਕਰਨ ਤੋਂ ਰੋਕਿਆ ਜਾ ਸਕੇ ਅਤੇ ਕੀਵ ਦੇ ਲੋਕਾਂ ਨੂੰ ਕੁਝ ਬਹੁਤ ਲੋੜੀਂਦੀ ਰਾਹਤ ਮਿਲ ਸਕੇ।



ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਬੁਲਾਰੇ ਨੇ ਮਾਰਚ ਵਿੱਚ ਕਿਹਾ ਸੀ ਕਿ ਰੂਸ ਨਾਲ ਸ਼ਾਂਤੀ ਸਮਝੌਤੇ ਦੀ ਸਥਿਤੀ ਵਿੱਚ ਕਈ ਦੇਸ਼ ਯੂਕ੍ਰੇਨ ਨੂੰ ਸ਼ਾਂਤੀ ਸੈਨਾਵਾਂ ਪ੍ਰਦਾਨ ਕਰਨ ਲਈ ਤਿਆਰ ਹਨ। ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਕਈ ਵਾਰ ਯੂਕ੍ਰੇਨ ਦੇ ਰਾਸ਼ਟਰਪਤੀ ਜ਼ੇਲੇਂਸਕੀ ਨੂੰ ਮਿਲ ਚੁੱਕੇ ਹਨ ਤੇ ਉਨ੍ਹਾਂ ਦਾ ਸਮਰਥਨ ਕਰਨ ਦਾ ਵਾਅਦਾ ਕੀਤਾ ਹੈ।

**ਪ੍ਰਿੰਸ ਹੈਰੀ ਵੱਲੋਂ ਯੂਕ੍ਰੇਨ ਦਾ ਦੌਰਾ**

ਬ੍ਰਿਟੇਨ ਦੇ ਰਾਜਾ ਚਾਰਲਸ ਤੀਜੇ ਦੇ ਛੋਟੇ ਪੁੱਤਰ ਪ੍ਰਿੰਸ ਹੈਰੀ ਅਚਾਨਕ ਯੂਕ੍ਰੇਨ ਪਹੁੰਚੇ ਅਤੇ ਉੱਥੇ ਉਨ੍ਹਾਂ ਨੇ ਰੂਸ ਨਾਲ ਦੇਸ਼ ਦੀ ਚੱਲ ਰਹੀ ਜੰਗ ਦੇ ਪੀੜਤਾਂ ਨਾਲ ਮੁਲਾਕਾਤ ਕੀਤੀ। ਇੱਕ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ। ਹੈਰੀ ਨੇ ਪਿਛਲੇ ਦਿਨੀਂ ਸੁਪਰਹਿਊਮਨ ਸੈਂਟਰ ਦਾ ਦੌਰਾ ਕੀਤਾ, ਜੋ ਕਿ ਲਵੀਵ ਵਿੱਚ ਇੱਕ ਆਰਥੋਪੀਡਿਕ ਕਲੀਨਿਕ ਹੈ ਜੋ ਜ਼ਖ਼ਮੀ ਫੌਜੀ ਕਰਮਚਾਰੀਆਂ ਅਤੇ ਨਾਗਰਿਕਾਂ ਦਾ ਇਲਾਜ ਕਰਦਾ ਹੈ। ਪ੍ਰਿੰਸ ਹੈਰੀ ਦੀ ਫੇਰੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਯੁੱਧ ਦੇ ਵਿਚਕਾਰ ਫਸੇ ਲੋਕਾਂ ਨੂੰ ਉੱਚ ਪੱਧਰੀ ਸੇਵਾਵਾਂ ਮਿਲਣ। ਇਸ ਕੇਂਦਰ ਵਿੱਚ ਪ੍ਰੋਸਥੈਟਿਕ ਅੰਗ, ਪੁਨਰ ਨਿਰਮਾਣ ਸਰਜਰੀ ਅਤੇ ਮਨੋਵਿਗਿਆਨਕ ਸਹਾਇਤਾ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ। ਪ੍ਰਿੰਸ ਹੈਰੀ ਦੇ ਪੱਛਮੀ ਯੂਕ੍ਰੇਨ ਦੇ ਦੌਰੇ ਬਾਰੇ ਜਾਣਕਾਰੀ ਉਨ੍ਹਾਂ ਦੇ ਉੱਥੋਂ ਚਲੇ ਜਾਣ ਤੋਂ ਬਾਅਦ ਦਿੱਤੀ ਗਈ। ਬ੍ਰਿਟਿਸ਼ ਫੌਜ ਵਿੱਚ 10 ਸਾਲ ਸੇਵਾ ਨਿਭਾਉਣ ਵਾਲੇ ਹੈਰੀ ਨੇ ਜ਼ਖਮੀ ਸੈਨਿਕਾਂ ਦੀ ਮਦਦ ਕਰਨਾ ਆਪਣਾ ਮੁੱਖ ਕੰਮ ਬਣਾਇਆ ਹੈ। ਉਸਨੇ 2014 ਵਿੱਚ ‘ਇਨਵਿਕਟਸ ਗੇਮਜ਼’ ਦੀ ਸਥਾਪਨਾ ਕੀਤੀ ਤਾਂ ਜੋ ਜ਼ਖਮੀ ਸੈਨਿਕਾਂ ਨੂੰ ਪੈਰਾਲੰਪਿਕਸ ਵਰਗੇ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਦਿੱਤਾ ਜਾ ਸਕੇ। ਬੁਲਾਰੇ ਨੇ ਕਿਹਾ ਕਿ ‘ਇਨਵਿਕਟਸ’ ਸਿਰਫ਼ ਇੱਕ ਮੁਕਾਬਲੇ ਤੋਂ ਕਿਤੇ ਵੱਧ ਹੈ। ਇਹ ਸੱਟ ਤੋਂ ਬਾਅਦ ਦੀ ਜ਼ਿੰਦਗੀ ਬਾਰੇ ਹੈ, ਇਸੇ ਕਰਕੇ ਹੈਰੀ ਲਵੀਵ ਵਰਗੇ ਮੁੜ ਵਸੇਬਾ ਕੇਂਦਰਾਂ ਵਿੱਚ ਜਾਂਦਾ ਹੈ।

ਇਸ ਫੇਰੀ ਦੌਰਾਨ ਹੈਰੀ ਨੇ ਯੂਕ੍ਰੇਨ ਦੇ ਵੈਟਰਨਜ਼ ਮਾਮਲਿਆਂ ਬਾਰੇ ਮੰਤਰੀ ਨਤਾਲੀਆ ਕਲਮੀਕੋਵਾ ਨਾਲ ਮੁਲਾਕਾਤ ਕੀਤੀ। ਹੈਰੀ (40) ਯੂਕ੍ਰੇਨ ਦਾ ਦੌਰਾ ਕਰਨ ਵਾਲਾ ਸ਼ਾਹੀ ਪਰਿਵਾਰ ਦਾ ਦੂਜਾ ਮੈਂਬਰ ਹੈ। ਉਸਦੀ ਰਿਸ਼ਤੇਦਾਰ ਸੋਫੀ, ਡਚੇਸ ਆਫ ਐਡਿਨਬਰਗ, ਪਿਛਲੇ ਸਾਲ ਕੀਵ ਆਈ ਸੀ।

# 50 ਦੇਸ਼ਾਂ ਵੱਲੋਂ ਯੂਕ੍ਰੇਨ ਨੂੰ ਜੰਗ ਲੜਨ ਲਈ ਹਥਿਆਰ ਦੇਣ ਦਾ ਐਲਾਨ

## ਬਰਤਾਨੀਆ-ਜਰਮਨੀ ਦੀ ਪ੍ਰਧਾਨਗੀ ’ਚ ਹੋਈ ਰੱਖਿਆ ਮੰਤਰੀਆਂ ਦੀ ਮੀਟਿੰਗ ’ਚ ਲਿਆ

ਬ੍ਰਸਲਜ਼/ਏ.ਟੀ.ਨਿਊਜ਼ : ਵਿਸ਼ਵ ਸ਼ਾਂਤੀ ਲਈ ਇਹ ਖਤਰਨਾਕ ਸੰਕੇਤ ਹੈ। ਯੂਕ੍ਰੇਨ ਜੰਗ ਖਤਮ ਕਰਨ ਦੇ ਅਮਰੀਕੀ ਯਤਨਾਂ ਵਿਚਾਲੇ ਯੂਰਪ ਦੀ ਅਗਵਾਈ ’ਚ ਲਗਪਗ 50 ਦੇਸ਼ਾਂ ਦਾ ਗਰੁੱਪ ਯੂਕ੍ਰੇਨ ਨਾਲ ਖੜ੍ਹਾ ਹੋ ਰਿਹਾ ਹੈ, ਜੋ ਜੰਗ ਜਾਰੀ ਰੱਖਣ ਲਈ ਤਿਆਰ ਹੈ। ਬਰਤਾਨੀਆ ਤੇ ਜਰਮਨੀ ਨੇ ਕਿਹਾ ਹੈ ਕਿ ਯੂਕ੍ਰੇਨ ਨੂੰ ਰੂਸ ਨਾਲ ਲੜਨ ਦੇ ਕਾਬਿਲ ਬਣਾਇਆ ਜਾਵੇਗਾ। ਇਸ ਲਈ ਉਸ ਦੇ ਸਾਰੇ ਮਿੱਤਰ ਦੇਸ਼ ਉਸ ਨੂੰ ਫ਼ੌਜੀ ਸਹਾਇਤਾ ਦਿੰਦੇ ਰਹਿਣਗੇ। ਬਰਤਾਨੀਆ ਤੇ ਜਰਮਨੀ ਦੀ ਪ੍ਰਧਾਨਗੀ ’ਚ ਹੋਈ ਲਗਪਗ 50 ਦੇਸ਼ਾਂ ਦੀ ਬੈਠਕ ’ਚ ਅਮਰੀਕਾ ਨੇ ਹਿੱਸਾ ਨਹੀਂ ਲਿਆ ਪਰ ਉਸ ਦੇ ਰੱਖਿਆ ਮੰਤਰੀ ਪੀਟ ਹੈਗਸੇਥ ਵੀਡੀਓ ਲਿੰਕ ਰਾਹੀਂ ਬੈਠਕ ਨਾਲ ਜੁੜੇ ਰਹੇ।




ਯੂਕ੍ਰੇਨ ਦੀ ਹਮਾਇਤ ’ਚ ਪਹਿਲੀ ਵਾਰ ਇੰਨੀ ਵੱਡੀ ਗਿਣਤੀ ’ਚ ਦੇਸ਼ ਇਕੱਠੇ ਹੋਏ ਹਨ ਤੇ ਉਨ੍ਹਾਂ ਨੇ ਫ਼ੌਜੀ ਹਮਾਇਤ ਦਾ ਐਲਾਨ ਕੀਤਾ ਹੈ। ਇਨ੍ਹਾਂ ਦੇਸ਼ਾਂ ਨੇ ਕਿਹਾ ਕਿ ਯੂਕ੍ਰੇਨ ’ਚ ਸ਼ਾਂਤੀ ਕਾਇਮ ਕਰਨ ਦੇ ਯਤਨਾਂ ਵਿਚਾਲੇ ਕੋਈ ਸੰਕੇਤ ਨਹੀਂ ਮਿਲਿਆ ਹੈ ਜਿਸ ਤੋਂ ਪਤਾ ਲੱਗੇ ਕਿ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਜੰਗ ਖਤਮ ਕਰਨਾ ਚਾਹੁੰਦੇ ਹਨ। ਬ੍ਰਸਲਜ਼ ਸਥਿਤ ਨਾਟੋ ਹੈੱਡ ਕੁਆਰਟਰ ’ਚ ਹੋਈ ਬੈਠਕ ਵਿੱਚ ਜਰਮਨੀ ਦੇ (**ਬਾਕੀ ਸਫ਼ਾ 30 ’ਤੇ**)



# Matrimonial



Punjabi Sikh parents are seeking a suitable match for their 30-year-old son, who is a US citizen and 5'-5" tall. He is a university graduate with a Master of Science degree from Boston University and is currently employed as a scientist in a reputed company. We are looking for a professionally qualified girl from the USA or Canada. Please send your recent pictures and bio data to: b_kaur13@yahoo.com



## ਦੁੱਖ ਬੁਰੇ ਪਰਦੇਸਾਂ ਦੇ...

# ਕੀ ਕੈਨੇਡਾ ਤੋਂ ਭਾਰਤੀਆਂ ਦਾ ਹੋਣ ਲੱਗਿਐ ਮੋਹ ਭੰਗ?

## ਕੈਨੇਡਾ ਵਿੱਚ ਮਹਿੰਗਾਈ ਅਤੇ ਰਿਹਾਇਸ਼ ਦੀ ਘਾਟ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਬਣੇ ਵੱਡੀ ਸਮੱਸਿਆ

## ਸਿੱਖਿਆ ਕਰਜ਼ਾ ਲੈ ਕੇ ਕੈਨੇਡਾ ਗਏ ਵਿਦਿਆਰਥੀਆਂ ਲਈ ਕਰਜ਼ਾ ਮੋੜਨਾ ਹੋਇਆ ਮੁਸ਼ਕਿਲ



**ਮੀਡੀਆ 'ਚ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ ਇਸ ਸਮੇਂ ਕੈਨੇਡਾ ਵਿੱਚ ਕਰੀਬ ਸਾਢੇ ਤਿੰਨ ਲੱਖ ਭਾਰਤੀ ਵਿਦਿਆਰਥੀ ਹਨ, ਜਿਨ੍ਹਾਂ 'ਚ ਵੱਡੀ ਗਿਣਤੀ ਪੰਜਾਬੀ ਵਿਦਿਆਰਥੀਆਂ ਦੀ ਹੈ। ਆਰਥਿਕ ਮਾਹਿਰਾਂ ਵੱਲੋਂ ਦਿੱਤੇ ਗਏ ਇੱਕ ਅੰਦਾਜ਼ੇ ਮੁਤਾਬਿਕ ਹਰ ਸਾਲ ਪੰਜਾਬ ਦਾ 27 ਹਜ਼ਾਰ ਕਰੋੜ ਰੁਪਿਆ ਕੈਨੇਡਾ ਪੁੱਜ ਰਿਹਾ ਹੈ ਤੇ ਹਰ ਬੀਤਦੇ ਸਾਲ ਨਾਲ ਇਹ ਰਕਮ ਵਧਦੀ ਜਾ ਰਹੀ ਹੈ, ਪਰ ਹੁਣ ਇਸ ਵਰਤਾਰੇ ਨੂੰ ਠੱਲ੍ਹ ਪੈਣ ਦੀ ਸੰਭਾਵਨਾ ਬਣ ਗਈ ਹੈ। ਕੈਨੇਡਾ ਵਿੱਚ ਇਸ ਸਮੇਂ ਸੰਸਦੀ ਚੋਣਾਂ ਹੋ ਰਹੀਆਂ ਹਨ। ਕੈਨੇਡਾ 'ਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਹੀ ਪਤਾ ਚੱਲੇਗਾ ਕਿ ਨਵੀਂ ਸਰਕਾਰ ਪਰਵਾਸ ਨੂੰ ਕਿੰਨਾ ਕੁ ਉਤਸ਼ਾਹਿਤ ਕਰਦੀ ਹੈ ?**

ਕੈਨੇਡਾ ਨੂੰ ਕਿਸੇ ਸਮੇਂ ਪੰਜਾਬੀਆਂ ਦੀ ਸੁਪਨਨਗਰੀ ਕਿਹਾ ਜਾਂਦਾ ਸੀ, ਪਰ ਹੁਣ ਪੰਜਾਬੀਆਂ ਦਾ ਇਸ ਦੇਸ਼ ਤੋਂ ਕੁਝ ਹੱਦ ਤੱਕ ਮੋਹ ਭੰਗ ਹੋ ਗਿਆ ਲੱਗਦਾ ਹੈ, ਜਿਸ ਕਰਕੇ ਇਹ ਵੀ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਕੈਨੇਡਾ ਜਾ ਰਹੇ ਪੰਜਾਬੀਆਂ ਦੀ ਰਫ਼ਤਾਰ ਨੂੰ ਬਰੇਕਾਂ ਲੱਗ ਸਕਦੀਆਂ ਹਨ, ਬਰੇਕਾਂ ਭਾਵੇਂ ਨਾ ਵੀ ਲੱਗਣ ਪਰ ਇਸ ਸਮੇਂ ਇਹ ਰਫ਼ਤਾਰ ਕੁਝ ਢਿੱਲੀ ਜ਼ਰੂਰ ਪੈ ਗਈ ਜਾਪਦੀ ਹੈ।

ਹੁਣ ਭਾਰਤ ਦੇ ਰਾਸ਼ਟਰੀ ਮੀਡੀਆ ਵੱਲੋਂ ਜਾਰੀ ਅੰਕੜੇ ਕੁਝ ਵੱਖਰੀ ਕਹਾਣੀ ਕਹਿ ਰਹੇ ਹਨ। ਇਹਨਾਂ ਅੰਕੜਿਆਂ ਅਨੁਸਾਰ ਵੱਡੀ ਗਿਣਤੀ ਲੋਕ ਕੈਨੇਡਾ ਛੱਡ ਰਹੇ ਹਨ। ਭਾਰਤੀ ਮੀਡੀਆ ਵਿੱਚ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ 2021 ਦੀ ਸ਼ੁਰੂਆਤ 'ਚ 85,927 ਲੋਕਾਂ ਨੇ ਕੈਨੇਡਾ ਛੱਡ ਦਿੱਤਾ ਸੀ। 2022 ਵਿੱਚ, 93,818 ਲੋਕਾਂ ਨੇ ਕੈਨੇਡੀਅਨ ਸਥਾਈ ਨਾਗਰਿਕਤਾ ਛੱਡ ਦਿੱਤੀ, ਜਦੋਂ ਕਿ 2023 ਦੇ ਪਹਿਲੇ ਛੇ ਮਹੀਨਿਆਂ ਵਿੱਚ, 42,000 ਲੋਕਾਂ ਨੇ ਕੈਨੇਡੀਅਨ ਸਥਾਈ ਨਾਗਰਿਕਤਾ (ਪੀ. ਆਰ.) ਛੱਡ ਦਿੱਤੀ। ਭਾਰਤੀ ਰਾਸ਼ਟਰੀ ਮੀਡੀਆ ਅਨੁਸਾਰ ਹਾਲ ਹੀ ਵਿੱਚ ਕੈਨੇਡਾ ਦੀ ਸਥਾਈ ਨਾਗਰਿਕਤਾ (ਪੀ. ਆਰ.) ਛੱਡਣ ਵਾਲਿਆਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ। 2022 ਵਿੱਚ ਜਾਰੀ ਕੀਤੇ ਗਏ ਕੁੱਲ ਵਿਦਿਆਰਥੀ ਵੀਜ਼ਿਆਂ ਵਿੱਚੋਂ 2 ਲੱਖ 25 ਹਜ਼ਾਰ 835 ਯਾਨੀ ਲਗਭਗ 41 ਫੀਸਦੀ ਭਾਰਤੀ ਸਨ। ਅੰਕੜਿਆਂ ਅਨੁਸਾਰ ਸਾਲ 2022 ਵਿੱਚ ਕੈਨੇਡਾ ਗਏ ਭਾਰਤੀ ਵਿਦਿਆਰਥੀਆਂ ਵਿਚੋਂ 70 ਹਜ਼ਾਰ ਵਿਦਿਆਰਥੀ ਪੰਜਾਬ ਤੋਂ ਸਨ, ਜੋ ਕਿ 20 ਫ਼ੀਸਦੀ ਦੇ ਕਰੀਬ ਬਣਦਾ ਹੈ। 2023 ਵਿੱਚ, ਲਗਭਗ 9 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਸਨ, ਜਿਨ੍ਹਾਂ ਵਿੱਚੋਂ ਲਗਭਗ 40 ਪ੍ਰਤੀਸ਼ਤ ਭਾਰਤੀ ਸਨ।

ਕੈਨੇਡਾ ਦਾ ਕੁੱਲ ਰਕਬਾ 99,84,670 ਵਰਗ ਕਿਲੋਮੀਟਰ ਹੈ, ਜਿਸ ਵਿਚੋਂ 90,93,507 ਵਰਗ ਕਿਲੋਮੀਟਰ ਰਕਬਾ ਜ਼ਮੀਨੀ ਖੇਤਰ ਹੈ ਤੇ ਕੁੱਲ ਰਕਬੇ ਦਾ ਲਗਭਗ 12 ਫ਼ੀਸਦੀ ਹਿੱਸਾ ਜਲ ਖੇਤਰ ਹੈ। ਇਹ ਦੇਸ਼ ਰਕਬੇ ਪੱਖੋਂ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਸਾਲ 2021 ਦੀ ਜਨਗਣਨਾ ਅਨੁਸਾਰ ਕੈਨੇਡਾ ਦੀ ਕੁੱਲ ਆਬਾਦੀ 3,65,66,248 ਸੀ ਜਦੋਂ ਕਿ ਮਾਰਚ, 2023 ਤੱਕ ਇਹ ਆਬਾਦੀ 3,95,66,248 ਦੇ ਅੰਕੜੇ ਤੱਕ ਪੁੱਜ ਚੁੱਕੀ ਸੀ। ਇੱਥੇ ਵਸੋਂ ਦੀ ਘਣਤਾ 4.2 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਬਣਦੀ ਹੈ। ਇੱਥੇ ਪ੍ਰਤੀ ਵਿਅਕਤੀ ਸਾਲਾਨਾ ਆਮਦਨ 60,177 ਡਾਲਰ ਦੇ ਕਰੀਬ ਹੈ ਤੇ ਸਾਲ 2023 ਦੌਰਾਨ ਕੁੱਲ ਅਨੁਮਾਨਿਤ ਜੀ.ਡੀ.ਪੀ. 2.385 ਟ੍ਰਿਲਿਅਨ ਡਾਲਰ ਦੱਸਿਆ ਜਾਂਦਾ ਹੈ। ਕੈਨੇਡਾ ਵਿਖੇ ਰਹਿ ਰਹੇ ਪੰਜਾਬੀਆਂ ਦੀ ਆਬਾਦੀ ਦੀ ਜੇ ਗੱਲ ਕੀਤੀ ਜਾਵੇ ਤਾਂ ਸਾਲ 2021 ਦੀ ਜਨਗਣਨਾ ਅਨੁਸਾਰ ਇਹ 9,42,170 ਦੱਸੀ ਗਈ ਸੀ, ਜਿਸ ਵਿਚੋਂ ਉਂਟਾਰੀਓ ਵਿੱਚ 3,97,865, ਬ੍ਰਿਟਿਸ਼ ਕੋਲੰਬੀਆ ਵਿੱਚ 3,15,000 ਅਤੇ ਅਲਬਰਟਾ ਇਲਾਕੇ ਵਿੱਚ 1,26,385 ਪੰਜਾਬੀ ਲੋਕ ਵਸਦੇ ਸਨ। ਕੈਨੇਡਾ ਦੇ ਨਿਊਨਾਵਤ ਖੇਤਰ ਵਿੱਚ ਵੱਸਣ ਵਾਲੇ ਪੰਜਾਬੀਆਂ ਦੀ ਕੁੱਲ ਗਿਣਤੀ 50 ਤੋਂ ਵੀ ਘੱਟ ਹੈ, ਜਦੋਂ ਕਿ ਪੰਜਾਬੀਆਂ ਦੀ ਸਭ ਤੋਂ ਵੱਧ ਵਸੋਂ ਉਂਟਾਰੀਓ ਇਲਾਕੇ 'ਚ ਹੈ। ਸਾਲ 2021 ਦੀ ਜਨਗਣਨਾ ਮੁਤਾਬਿਕ ਕੈਨੇਡਾ ਵਿਖੇ ਪੰਜਾਬੀ ਭਾਸ਼ਾ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਤੇ ਸਾਲ 2001 ਦੀ ਜਨਗਣਨਾ ਅਨੁਸਾਰ ਇੱਥੇ ਰਹਿਣ ਵਾਲੇ ਪੰਜਾਬੀਆਂ ਵਿਚੋਂ 86 ਫ਼ੀਸਦੀ ਦੇ ਕਰੀਬ ਪੰਜਾਬੀਆਂ ਦਾ ਸਿੱਖ ਧਰਮ 'ਚ ਵਿਸ਼ਵਾਸ ਸੀ ਤੇ ਬਾਕੀ 14 ਫ਼ੀਸਦੀ ਪੰਜਾਬੀ ਲੋਕ ਹੋਰ ਧਰਮਾਂ ਨਾਲ ਸੰਬੰਧਿਤ ਸਨ।



ਇਸ ਸਮੇਂ ਕੈਨੇਡਾ ਵਿੱਚ ਸੰਸਦੀ ਚੋਣਾਂ ਦਾ ਐਲਾਨ ਹੋ ਚੁੱਕਿਆ ਹੈ। ਇਹਨਾਂ ਚੋਣਾਂ ਵਿੱਚ ਮਹਿੰਗਾਈ, ਰਿਹਾਇਸ਼ ਦੀ ਘਾਟ ਅਤੇ ਪਰਵਾਸੀ ਵੱਡੇ ਮੁੱਦੇ ਬਣੇ ਹੋਏ ਹਨ। ਰਿਪੋਰਟਾਂ ਅਨੁਸਾਰ ਕੈਨੇਡਾ ਵਿੱਚ ਇਸ ਸਮੇਂ ਮਹਿੰਗਾਈ ਬਹੁਤ ਵੱਧ ਗਈ ਹੈ ਅਤੇ ਕੈਨੇਡਾ ਵਿੱਚ ਵਿਦੇਸ਼ੀ ਵਿਦਿਆਰਥੀਆਂ ਅਤੇ ਵਿਦੇਸ਼ੀ ਲੋਕਾਂ ਦੀ ਬਹੁਤਾਤ ਕਾਰਨ ਰਿਹਾਇਸ਼ ਦੀ ਵੱਡੀ ਸਮੱਸਿਆ ਉਭਰ ਕੇ ਸਾਹਮਣੇ ਆਈ ਹੈ। ਇਸ ਤੋਂ ਇਲਾਵਾ ਕੈਨੇਡਾ ਕੁਝ ਕਾਰਨਾਂ ਕਰਕੇ ਆਰਥਿਕ ਮੰਦੀ ਦਾ ਸ਼ਿਕਾਰ ਹੋ ਰਿਹਾ ਹੈ। ਕੈਨੇਡਾ ਵਿੱਚ ਲੋਕਾਂ ਦੀ ਆਮਦਨੀ ਘੱਟ ਰਹੀ ਹੈ, ਜਦੋਂ ਕਿ ਮਹਿੰਗਾਈ ਵਿੱਚ ਵਾਧਾ ਹੋ ਰਿਹਾ ਹੈ।

ਇਹ ਤਾਂ ਪੂਰੀ ਦੁਨੀਆਂ ਨੂੰ ਪਤਾ ਹੈ ਕਿ ਭਾਰਤੀਆਂ ਖਾਸ ਕਰਕੇ ਪੰਜਾਬੀ ਵਿਦਿਆਰਥੀਆਂ ਵਿੱਚ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਪੰਜਾਬੀ ਵਿਦਿਆਰਥੀਆਂ ਲਈ ਲੰਬੇ ਸਮੇਂ ਤੋਂ ਪਹਿਲੀ ਪਸੰਦ ਕੈਨੇਡਾ ਰਿਹਾ ਹੈ। ਪੰਜਾਬ ਤੋਂ ਵੱਡੀ ਗਿਣਤੀ ਵਿਦਿਆਰਥੀ ਸਿੱਖਿਆ ਕਰਜ਼ਾ ਲੈ ਕੇ ਕੈਨੇਡਾ ਗਏ ਹੋਏ ਹਨ, ਪਰ ਹੁਣ ਉਥੇ ਮਹਿੰਗਾਈ ਅਤੇ ਰਿਹਾਇਸ਼ ਦੀ ਸਮੱਸਿਆ ਕਾਰਨ ਉਹ ਪ੍ਰੇਸ਼ਾਨ ਹੋ ਰਹੇ ਹਨ ਅਤੇ ਹੋਰਨਾਂ ਦੇਸ਼ਾਂ ਨੂੰ ਜਾਣ ਨੂੰ ਤਰਜੀਹ ਦੇ ਰਹੇ ਹਨ। ਹੁਣ ਜੇ ਭਾਰਤੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋ ਰਿਹਾ ਹੈ ਤਾਂ ਇਸ ਦਾ ਇੱਕ ਕਾਰਨ ਕੈਨੇਡਾ ਦੇ ਮੌਜੂਦਾ ਮਾਹੌਲ ਨੂੰ ਵੀ ਮੰਨਿਆ ਜਾਂਦਾ ਹੈ। ਕੈਨੇਡਾ ਵਿੱਚ ਚੋਣਾਂ ਵਾਲਾ ਮਾਹੌਲ ਹੋਣ ਦੇ ਬਾਵਜੂਦ ਅਨਿਸ਼ਚਿਤਾ ਵਾਲੀ ਸਥਿਤੀ ਮੰਨੀ ਜਾ ਰਹੀ ਹੈ। ਇਸ ਤੋਂ ਇਲਾਵਾ ਪਿਛਲੇ ਸਮੇਂ ਦੌਰਾਨ ਕੈਨੇਡਾ ਸਰਕਾਰ ਵੱਲੋਂ ਕੁਝ ਅਜਿਹੇ ਨਿਯਮ ਬਣਾਏ ਗਏ, ਜਿਸ ਕਾਰਨ ਕੈਨੇਡਾ ਜਾਣ ਦੀ ਥਾਂ ਭਾਰਤੀ ਵਿਦਿਆਰਥੀ ਅਮਰੀਕਾ, ਆਸਟ੍ਰੇਲੀਆ, ਬ੍ਰਿਟੇਨ ਅਤੇ ਹੋਰ ਮੁਲਕਾਂ ਵਿੱਚ ਜਾ ਰਹੇ ਹਨ।

ਕੈਨੇਡਾ ਦੀ ਸਭ ਤੋਂ ਚੰਗੀ ਗੱਲ ਉਥੇ ਨਸਲੀ ਵਿਤਕਰਾ ਨਾ ਹੋਣਾ ਹੈ, ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਵਿਦਿਆਰਥੀ ਉਥੇ ਜਾਣਾ ਚਾਹੁੰਦੇ ਹਨ।

(ਬਾਕੀ ਸਫ਼ਾ 30 'ਤੇ)

### ਪੜ੍ਹਾਈ ਦੇ ਨਾਲ-ਨਾਲ ਨੌਕਰੀ ਦਾ ਮੌਕਾ



ਪੰਜਾਬ ਤੋਂ ਕੈਨੇਡਾ ਜਾਣ ਵਾਲੇ ਨੌਜਵਾਨਾਂ ਵਿੱਚ ਜ਼ਿਆਦਾਤਰ ਵਿਦਿਆਰਥੀ ਅਜਿਹੇ ਹਨ ਜੋ 12ਵੀਂ ਤੋਂ ਬਾਅਦ ਹੀ ਉੱਥੇ ਜਾਣਾ ਚਾਹੁੰਦੇ ਹਨ। ਅਸਲ ਵਿੱਚ, ਵਿਦੇਸ਼ ਵਿੱਚ ਪੜ੍ਹਨਾ ਬਹੁਤ ਮਹਿੰਗਾ ਹੈ। ਮਾਪੇ ਹਰ ਸਾਲ ਲਗਭਗ 25 ਤੋਂ 30 ਲੱਖ ਰੁਪਏ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਕਾਲਜ ਦੀ ਫੀਸ 'ਤੇ ਹੀ ਖਰਚ ਕਰਦੇ ਹਨ। ਕੈਨੇਡਾ ਜਾਣ ਦਾ ਫਾਇਦਾ ਇਹ ਹੈ ਕਿ ਉੱਥੇ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਪਾਰਟ-ਟਾਈਮ ਨੌਕਰੀ ਦਾ ਵਿਕਲਪ ਵੀ ਦਿੱਤਾ ਜਾਂਦਾ ਹੈ। ਇਹ ਪਾਰਟ-ਟਾਈਮ ਨੌਕਰੀ ਹਫ਼ਤੇ ਵਿੱਚ 10 ਤੋਂ 20 ਘੰਟੇ ਦੀ ਹੁੰਦੀ ਹੈ, ਜਿਸ ਰਾਹੀਂ ਵਿਦਿਆਰਥੀ ਆਪਣੀ ਜੇਬ ਦੇ ਪੈਸੇ ਨੂੰ ਪੂਰਾ ਕਰਨ ਲਈ ਕਾਫ਼ੀ ਕਮਾਈ ਕਰਦੇ ਹਨ। ਇਸ ਤੋਂ ਇਲਾਵਾ ਇੱਥੇ ਨਸਲੀ ਵਿਤਕਰੇ ਵਰਗੀਆਂ ਸਮੱਸਿਆਵਾਂ ਨਹੀਂ ਹਨ।

# ਅਮਰੀਕਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਯਾਤਰਾ ਕਰਨ ਆਇਆਂ ਦੀ ਨਿਗਰਾਨੀ ਵਧੀ

## ਟਰੰਪ ਨੇ ਇਮੀਗ੍ਰੇਸ਼ਨ ਨਿਯਮ ਕੀਤੇ ਸਖ਼ਤ, ਜੇਕਰ ਕੋਈ ਗਲਤੀ ਕਰੇਗਾ ਤਾਂ ਵੀਜ਼ਾ ਹੋਵੇਗਾ ਰੱਦ

ਅਮਰੀਕਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਨਿਗਰਾਨੀ ਵਧ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ ਇਮੀਗ੍ਰੇਸ਼ਨ ਨਿਯਮਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਨੂੰ ਹੁਣ ਹੋਰ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਡੋਨਾਲਡ ਟਰੰਪ ਨੇ ਦੇਸ਼ ਵਿੱਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ 'ਤੇ ਸਖ਼ਤੀ ਕਰ ਦਿੱਤੀ ਹੈ। ਅਮਰੀਕਾ ਸਰਕਾਰ ਨੇ ਦੇਸ਼ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਹੈ ਕਿ ਜੇ ਉਨ੍ਹਾਂ ਨੇ ਅਮਰੀਕਾ ਵਿੱਚ ਤੀਹ ਦਿਨ ਤੋਂ ਜ਼ਿਆਦਾ ਰਹਿਣਾ ਹੈ ਤਾਂ ਉਹ ਰਜਿਸਟਰੇਸ਼ਨ ਕਰਵਾ ਲੈਣ, ਨਹੀਂ ਤਾਂ ਉਨ੍ਹਾਂ ਨੂੰ ਜੇਲ੍ਹ ਤੇ ਜੁਰਮਾਨਾ ਦੋਵੇਂ ਹੋਣਗੇ।

ਯੂਐੱਸ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (ਡੀ.ਐਚ.ਐਸ.) ਨੇ ਸਵੈ-ਡਿਪੋਰਟੇਸ਼ਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਿਆਂ ਵਿਦੇਸ਼ੀ ਨਾਗਰਿਕਾਂ ਨੂੰ 30 ਦਿਨਾਂ ਦੇ ਅੰਦਰ ਆਪਣੇ ਆਪ ਨੂੰ ਸਰਕਾਰ ਕੋਲ ਰਜਿਸਟਰ ਕਰਨ ਜਾਂ ਜੁਰਮਾਨੇ ਜਾਂ ਕੈਦ ਦਾ ਸਾਹਮਣਾ ਕਰਨ ਲਈ ਕਿਹਾ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਜੋ ਵਿਦੇਸ਼ੀ ਨਾਗਰਿਕ ਅਮਰੀਕਾ ਵਿੱਚ 30 ਦਿਨਾਂ ਤੋਂ ਵੱਧ ਸਮੇਂ ਤੋਂ ਰਹਿ ਰਹੇ ਹਨ, ਉਨ੍ਹਾਂ ਨੂੰ ਸਰਕਾਰ ਕੋਲ ਰਜਿਸਟਰ ਹੋਣਾ ਚਾਹੀਦਾ ਹੈ ਅਤੇ ਅਜਿਹਾ ਨਾ ਕਰਨ 'ਤੇ ਜੁਰਮਾਨਾ ਅਤੇ ਕੈਦ ਹੋ ਸਕਦੀ ਹੈ। ਇਸ ਸਬੰਧੀ ਪੋਸਟ ਐਕਸ 'ਤੇ ਵੀ ਨਸ਼ਰ ਕੀਤੀ ਗਈ ਹੈ। ਇਸ ਤੋਂ ਪਹਿਲਾਂ ਵੀ ਟਰੰਪ ਪ੍ਰਸ਼ਾਸਨ ਦੇ ਫ਼ੈਸਲਿਆਂ ਕਾਰਨ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਿਆ ਗਿਆ ਸੀ। ਅਜਿਹੀ ਸਥਿਤੀ ਵਿੱਚ ਜੇਕਰ ਕੋਈ ਵਿਦਿਆਰਥੀ ਕੁਝ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਇਸ ਸਮੇਂ ਅਮਰੀਕਾ ਵਿੱਚ ਪੜ੍ਹ ਰਹੇ ਹੋ ਜਾਂ ਭਵਿੱਖ ਵਿੱਚ ਉੱਥੇ ਜਾਣ ਬਾਰੇ ਸੋਚ ਰਹੇ ਹੋ ਤਾਂ ਤੁਹਾਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

### ਅਮਰੀਕਾ ਵਿੱਚ 30 ਦਿਨ ਤੋਂ ਵੱਧ ਰਹਿਣ 'ਤੇ ਰਜਿਸਟਰੇਸ਼ਨ ਜ਼ਰੂਰੀ



ਅਮਰੀਕਾ ਵਿੱਚ ਵਿਦਿਆਰਥੀ ਨੂੰ ਉਸ ਦੀ ਪੜ੍ਹਾਈ ਦੇ ਆਧਾਰ 'ਤੇ ਵੀਜ਼ਾ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ, ਐਫ਼-1 ਵੀਜ਼ਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ, ਜੋ ਰਵਾਇਤੀ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਂਦੇ ਹਨ। ਜਦੋਂ ਕਿ ਐੱਮ-1 ਵੀਜ਼ਾ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜੋ ਕਿ ਕਿੱਤਾਮੁਖੀ ਪ੍ਰੋਗਰਾਮਾਂ ਵਿੱਚ ਦਾਖਲਾ ਲੈਂਦੇ ਹਨ। ਅਜਿਹੀ ਸਥਿਤੀ ਵਿੱਚ ਜੇਕਰ ਕੋਈ ਵਿਦਿਆਰਥੀ ਕੋਈ ਗਲਤੀ ਕਰਦਾ ਹੈ ਤਾਂ ਉਸ ਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਸ ਹਾਲਤ ਵਿੱਚ ਵਿਦਿਆਰਥੀਆਂ ਕੋਲ ਸਿਰਫ਼ ਇੱਕ ਹੀ ਬਦਲ ਬਚਦਾ ਹੈ ਅਤੇ ਉਹ ਹੈ ਅਮਰੀਕਾ ਛੱਡਣਾ।

**ਇਨ੍ਹਾਂ ਨਿਯਮਾਂ ਦਾ ਰੱਖੋ ਧਿਆਨ**

* ਵਿਦਿਆਰਥੀ ਆਪਣਾ ਕੋਰਸ ਸ਼ੁਰੂ ਹੋਣ ਤੋਂ ਸਿਰਫ਼ 30 ਦਿਨ ਪਹਿਲਾਂ ਅਮਰੀਕਾ ਜਾ ਸਕਦੇ ਹਨ।
* ਅਮਰੀਕਾ ਪਹੁੰਚਣ ਤੋਂ ਬਾਅਦ ਵਿਦਿਆਰਥੀ ਲਈ ਆਪਣੀ ਯੂਨੀਵਰਸਿਟੀ ਬਾਰੇ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨੂੰ ਸੂਚਿਤ ਕਰਨਾ ਜ਼ਰੂਰੀ ਹੈ। ਜੇਕਰ ਪੜ੍ਹਾਈ ਦੌਰਾਨ ਕਿਸੇ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਵਿਦਿਆਰਥੀ ਨੂੰ ਸਿਰਫ਼ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨਾਲ ਹੀ ਸੰਪਰਕ ਕਰਨਾ ਪਵੇਗਾ।
* ਜੇਕਰ ਕੋਈ ਵਿਦਿਆਰਥੀ ਆਪਣੇ ਕੋਰਸ ਦੀ ਮਿਆਦ ਵਧਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਕੋਰਸ ਪੂਰਾ ਹੋਣ ਤੋਂ ਪਹਿਲਾਂ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨਾਲ ਸੰਪਰਕ ਕਰਨਾ ਚਾਹੀਦਾ ਹੈ।
* ਐਫ਼-1 ਵੀਜ਼ਾ ਵਾਲੇ ਵਿਦਿਆਰਥੀ ਸਿਰਫ਼ ਤਾਂ ਹੀ ਕੰਮ ਕਰ ਸਕਦੇ ਹਨ ਜੇਕਰ ਉਨ੍ਹਾਂ ਕੋਲ ਯੂਨੀਵਰਸਿਟੀ ਦੇ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਤੋਂ ਜਾਂ ਕੁਝ ਮਾਮਲਿਆਂ ਵਿੱਚ, ਯੂ.ਐਸ.ਸਿਟੀਜਨ ਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਿਜ਼ ਤੋਂ ਇਜਾਜ਼ਤ ਹੋਵੇ।
* ਕੋਰਸ ਪੂਰਾ ਹੋਣ ਤੋਂ ਬਾਅਦ, ਐਫ਼-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ 60 ਦਿਨਾਂ ਦੇ ਅੰਦਰ ਅਮਰੀਕਾ ਛੱਡਣਾ ਪਵੇਗਾ ਅਤੇ ਐਮ-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ 30 ਦਿਨਾਂ ਦੇ ਅੰਦਰ ਅਮਰੀਕਾ ਛੱਡਣਾ ਪਵੇਗਾ।

**ਭੁੱਲ ਕੇ ਵੀ ਨਾ ਕਰੋ ਇਹ ਗ਼ਲਤੀਆਂ**

* ਵੀਜ਼ਾ ਰੱਦ ਕਰਨ ਦਾ ਫ਼ੈਸਲਾ ਅਮਰੀਕੀ ਵਿਦੇਸ਼ ਵਿਭਾਗ (ਵਾਸ਼ਿੰਗਟਨ ਡੀ.ਸੀ.) ਜਾਂ ਕਿਸੇ ਵੀ ਅਮਰੀਕੀ ਕੌਂਸਲੇਟ ਅਧਿਕਾਰੀ ਦੁਆਰਾ ਲਿਆ ਜਾ ਸਕਦਾ ਹੈ।

**ਇਨ੍ਹਾਂ ਕਾਰਨਾਂ ਕਰਕੇ ਰੱਦ ਹੋ ਸਕਦਾ ਹੈ ਵੀਜ਼ਾ**

* ਸੁਰੱਖਿਆ, ਅਪਰਾਧ, ਸਿਹਤ, ਆਰਥਿਕ ਜਾਂ ਕਿਸੇ ਹੋਰ ਕਾਰਨ ਕਰਕੇ।
* ਜੇਕਰ ਵੀਜ਼ਾ ਧਾਰਕ ਲੋੜੀਂਦੇ ਮਾਪਦੰਡ ਪੂਰੇ ਨਹੀਂ ਕਰਦਾ ਹੈ।
* ਜੇਕਰ ਕਾਨੂੰਨ ਦੀ ਉਲੰਘਣਾ ਦੀ ਸੰਭਾਵਨਾ ਹੋਵੇ।
* ਵੀਜ਼ਾ ਰੱਦ ਹੋਣ ਦੇ ਹੋਰ ਕਾਰਨ ਵੀ ਹੋ ਸਕਦੇ ਹਨ।

**ਘਰੇਲੂ ਹਿੰਸਾ ਜਾਂ ਹਮਲਾ**

* ਜੇਕਰ ਕੋਈ ਵਿਦਿਆਰਥੀ ਡੈਜ਼ੀਗਨੇਟਿਡ ਸਕੂਲ ਅਧਿਕਾਰੀ ਨੂੰ ਦੱਸੇ ਬਿਨਾਂ ਕੋਰਸ ਛੱਡ ਦਿੰਦਾ ਹੈ, ਤਾਂ ਇਸ ਨੂੰ ਵੀਜ਼ਾ ਨਿਯਮਾਂ ਦੀ ਉਲੰਘਣਾ ਮੰਨਿਆ ਜਾਵੇਗਾ ਅਤੇ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।
* ਐੱਫ਼-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀਆਂ ਨੂੰ ਬਿਨਾਂ ਇਜਾਜ਼ਤ ਅਮਰੀਕਾ ਵਿੱਚ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ। ਜੇਕਰ ਅਜਿਹਾ ਕਰਦੇ ਫ਼ੜੇ ਗਏ, ਤਾਂ ਉਨ੍ਹਾਂ ਨੂੰ ਦੇਸ਼ ਛੱਡਣਾ ਪਵੇਗਾ ਅਤੇ ਦੁਬਾਰਾ ਅਮਰੀਕਾ ਵਿੱਚ ਦਾਖਲ ਨਹੀਂ ਹੋ ਸਕਣਗੇ।
* ਜੇਕਰ ਵਿਦਿਆਰਥੀ ਦਾ ਅਕਾਦਮਿਕ ਰਿਕਾਰਡ ਮਾੜਾ ਹੈ ਜਾਂ ਉਸ ਵਿਰੁੱਧ ਕੋਈ ਅਨੁਸ਼ਾਸਨੀ ਕਾਰਵਾਈ ਲੰਬਿਤ ਹੈ ਤਾਂ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।
* ਜੇਕਰ ਵਿਦਿਆਰਥੀ ਕੋਲ ਆਪਣੀ ਪੜ੍ਹਾਈ ਅਤੇ ਰਹਿਣ-ਸਹਿਣ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਪੈਸੇ ਨਹੀਂ ਹਨ, ਤਾਂ ਉਸ ਦਾ ਵੀਜ਼ਾ ਵੀ ਰੱਦ ਕੀਤਾ ਜਾ ਸਕਦਾ ਹੈ।

**ਹੋਰ ਕਾਰਨਾਂ 'ਚ ਸ਼ਾਮਲ ਹਨ**


* ਨਵਾਂ ਪਤਾ ਨਾ ਦੱਸਣਾ।
* ਕਿਸੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣਾ।
* ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨਾ

**24 ਘੰਟੇ ਆਪਣੇ ਕੋਲ ਰੱਖਣੇ ਪੈਣਗੇ ਇਹ ਦਸਤਾਵੇਜ਼**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨੇ ਇੱਕ ਨਵਾਂ ਨਿਯਮ ਲਾਗੂ ਕੀਤਾ ਹੈ, ਜਿਸ ਦੇ ਅਨੁਸਾਰ ਅਮਰੀਕਾ ਵਿੱਚ ਰਹਿਣ ਵਾਲੇ ਸਾਰੇ ਪ੍ਰਵਾਸੀਆਂ ਨੂੰ, ਭਾਵੇਂ ਉਹ ਕਾਨੂੰਨੀ ਵੀਜ਼ਾ 'ਤੇ, ਜਿਵੇਂ ਕਿ ਐਚ1ਬੀ ਵੀਜ਼ਾ ਜਾਂ ਵਿਦਿਆਰਥੀ ਵੀਜ਼ਾ, ਸਭ ਨੂੰ 24 ਘੰਟੇ ਆਪਣੇ ਕੋਲ ਕਾਨੂੰਨੀ ਦਸਤਾਵੇਜ਼ ਰੱਖਣੇ ਪੈਣਗੇ। ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤਾ ਗਿਆ ਇਹ ਨਿਯਮ 11 ਅਪ੍ਰੈਲ ਤੋਂ ਲਾਗੂ ਹੋ ਗਿਆ ਹੈ। ਇਹ ਨਿਯਮ ਟਰੰਪ ਦੇ ਹੁਕਮ 'ਪ੍ਰੋਟੈਕਟਿੰਗ ਦ ਅਮਰੀਕਨ ਪੀਪਲ ਅਗੇਂਸਟ ਇਨਵੈਸ਼ਨ' ਤਹਿਤ ਲਾਗੂ ਕੀਤਾ ਗਿਆ ਹੈ। ਇਸ ਨਿਯਮ ਦਾ ਮਕਸਦ ਅਮਰੀਕਾ 'ਚ ਰਹਿ ਰਹੇ ਗ਼ੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸ਼ਿਕੰਜਾ ਕੱਸਣਾ ਹੈ। ਇਸ ਨਿਯਮ ਨੂੰ ਲਾਗੂ ਕਰਨ ਲਈ ਅਮਰੀਕੀ ਅਦਾਲਤ ਤੋਂ ਮਨਜ਼ੂਰੀ ਮਿਲ ਗਈ ਹੈ। ਟਰੰਪ ਪ੍ਰਸ਼ਾਸਨ ਦਾ ਉਦੇਸ਼ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਲੱਖਾਂ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਕੱਢਣਾ ਹੈ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com










## ਮਾਮਲਾ ਨੈਸ਼ਨਲ ਹੈਰਾਲਡ ਦਾ

# ਈ.ਡੀ. ਵੱਲੋਂ ਸੋਨੀਆ ਤੇ ਰਾਹੁਲ ਖ਼ਿਲਾਫ਼ ਦੋਸ਼ ਪੱਤਰ ਦਾਇਰ

ਨਵੀਂ ਦਿੱਲੀ/ਏ.ਟੀ.ਨਿਊਜ਼: ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਕਾਂਗਰਸ ਦੇ ਨੈਸ਼ਨਲ ਹੈਰਾਲਡ ਅਖ਼ਬਾਰ ਅਤੇ ਐਸੋਸੀਏਟਿਡ ਜਰਨਲਸ ਲਿਮਿਟਡ (ਏ.ਜੇ. ਐਲ.) ਨਾਲ ਜੁੜੇ 988 ਕਰੋੜ ਰੁਪਏ ਦੇ ਹਵਾਲਾ ਰਾਸ਼ੀ ਦੇ ਦੋਸ਼ਾਂ ਦੇ ਮਾਮਲੇ 'ਚ ਪਿਛਲੇ ਦਿਨੀਂ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕੀਤਾ ਹੈ, ਜਿਸ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਵੀ ਨਾਂਅ ਹਨ। ਦੋਵਾਂ ਖ਼ਿਲਾਫ਼ ਪਹਿਲੀ ਵਾਰ ਦੋਸ਼ ਪੱਤਰ ਦਾਇਰ ਕੀਤਾ ਗਿਆ ਹੈ। ਈ.ਡੀ. ਨੇ ਇਸ ਮਾਮਲੇ 'ਚ ਸੈਮ ਪਿਤਰੋਦਾ ਅਤੇ ਸੁਮਨ ਦੂਬੇ ਨੂੰ ਵੀ ਦੋਸ਼ੀ ਵਿਅਕਤੀ ਵਜੋਂ ਨਾਮਜ਼ਦ ਕੀਤਾ ਹੈ। ਰਾਊਜ਼ ਐਵੇਨਿਊ ਅਦਾਲਤ 'ਚ ਇਸ ਮਾਮਲੇ ਦੀ ਸੁਣਵਾਈ 25 ਅਪ੍ਰੈਲ ਨੂੰ ਹੋਵੇਗੀ। ਅਦਾਲਤ ਨੇ ਈ.ਡੀ. ਤੋਂ ਮਾਮਲੇ ਦੀ ਕੇਸ ਡਾਇਰੀ ਵੀ ਮੰਗੀ ਹੈ। ਈ.ਡੀ. ਨੇ ਹਾਲੇ ਤੱਕ ਏ.ਜੇ.ਐਲ. ਅਤੇ 'ਯੰਗ ਇੰਡੀਆ' ਦੀ ਤਕਰੀਬਨ 661 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਜ਼ਿਕਰਯੋਗ ਹੈ ਕਿ ਸੰਘੀ ਜਾਂਚ ਏਜੰਸੀ ਨੇ ਦਿੱਲੀ 'ਚ ਆਈ. ਟੀ. ਓ. ਸਥਿਤ ਹੈਰਾਲਡ ਹਾਊਸ, ਮੁੰਬਈ ਦੇ ਬਾਂਦਰਾ ਇਲਾਕੇ 'ਚ ਸਥਿਤ ਇਮਾਰਤ



ਅਤੇ ਲਖਨਊ ਦੇ ਬਿਸ਼ੇਸ਼ਵਰ ਨਾਥ ਰੋਡ 'ਤੇ ਸਥਿਤ ਏ. ਜੇ. ਐਲ. ਇਮਾਰਤ 'ਤੇ ਨੋਟਿਸ ਚਿਪਕਾਏ ਸਨ। ਨੋਟਿਸਾਂ 'ਚ ਇਮਾਰਤਾਂ ਖਾਲੀ ਕਰਨ ਜਾਂ ਈ. ਡੀ. ਨੂੰ ਕਿਰਾਏ (ਮੁੰਬਈ ਸੰਪਤੀ ਦੇ ਮਾਮਲੇ ਵਿੱਚ) ਟਰਾਂਸਫਰ ਕਰਨ ਦੀ ਮੰਗ ਕੀਤੀ ਗਈ ਸੀ। ਇਹ ਕਾਰਵਾਈ ਹਵਾਲਾ ਰਾਸ਼ੀ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਦੀ ਧਾਰਾ (8) ਅਤੇ ਨਿਯਮ 5(1) ਦੇ ਤਹਿਤ ਕੀਤੀ ਗਈ। ਇਹ ਅਚੱਲ ਜਾਇਦਾਦ ਈ. ਡੀ. ਨੇ ਨਵੰਬਰ 2023 'ਚ ਕੁਰਕ ਕੀਤੀ ਸੀ। ਹਵਾਲਾ ਰਾਸ਼ੀ ਦਾ ਇਹ ਮਾਮਲਾ ਏ. ਜੇ. ਐਲ. ਅਤੇ 'ਯੰਗ ਇੰਡੀਅਨ' ਖ਼ਿਲਾਫ਼ ਹੈ। ਏ. ਜੇ. ਐਲ. ਹੀ ਨੈਸ਼ਨਲ ਹੈਰਾਲਡ ਨੂੰ ਪ੍ਰਕਾਸ਼ਿਤ ਕਰਦੀ ਹੈ ਅਤੇ ਇਸ ਦੀ ਮਾਲਕੀ 'ਯੰਗ ਇੰਡੀਅਨ ਪ੍ਰਾਈਵੇਟ ਲਿਮਟਿਡ' ਕੋਲ ਹੈ। ਕਾਂਗਰਸ ਆਗੂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ 'ਯੰਗ ਇੰਡੀਅਨ' ਵਿੱਚ ਵੱਡੇ ਸ਼ੇਅਰ ਧਾਰਕ ਹਨ, ਜਿਨ੍ਹਾਂ ਕੋਲ 38-38 ਫ਼ੀਸਦੀ ਦੀ ਹਿੱਸੇਦਾਰੀ ਹੈ। ਈ.ਡੀ. ਨੇ ਕਿਹਾ ਕਿ ਇਹ ਸੰਪਤੀ ਦਿੱਲੀ, ਮੁੰਬਈ ਤੇ ਲਖਨਊ ਸਮੇਤ ਕਈ ਸ਼ਹਿਰਾਂ ਵਿੱਚ ਹੈ।

ਕੀ ਹੈ ਮਾਮਲਾ ?

ਇਹ ਮਾਮਲਾ ਨੈਸ਼ਨਲ ਹੈਰਾਲਡ ਅਖ਼ਬਾਰ ਨਾਲ ਜੁੜਿਆ ਹੈ, ਜਿਸ ਦੀ ਸਥਾਪਨਾ ਸਾਲ 1938 'ਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਕੀਤੀ ਸੀ। ਉਸ ਸਮੇਂ ਇਹ ਅਖ਼ਬਾਰ ਕਾਂਗਰਸ ਦਾ ਮੁੱਖ ਪੱਤਰ ਮੰਨਿਆ ਜਾਂਦਾ ਸੀ। ਅਖ਼ਬਾਰ ਦਾ ਮਾਲਕਾਨਾ ਹੱਕ ਐਸੋਸੀਏਟਡ ਜਨਰਲ ਲਿਮਟਡ ਯਾਨੀ ਏ. ਜੇ. ਐਲ. ਕੋਲ ਸੀ, ਜੋ ਦੋ ਹੋਰ ਅਖ਼ਬਾਰ ਵੀ ਛਾਪਦੀ ਸੀ। ਹਿੰਦੀ 'ਚ ਨਵਜੀਵਨ ਅਤੇ ਉਰਦੂ 'ਚ ਕੌਮੀ ਆਵਾਜ਼। ਅਜ਼ਾਦੀ ਤੋਂ ਬਾਅਦ ਸਾਲ 1956 'ਚ ਐਸੋਸੀਏਟਡ ਜਨਰਲ ਨੂੰ ਗੈਰ-ਕਾਰੋਬਾਰੀ ਕੰਪਨੀ ਦੇ ਰੂਪ 'ਚ ਸਥਾਪਿਤ ਕੀਤਾ ਗਿਆ ਅਤੇ ਕੰਪਨੀ ਐਕਟ ਦੀ ਧਾਰਾ-25 ਦੇ ਹੇਠ ਇਸ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ। ਸਾਲ 2008 ਵਿੱਚ ਏ. ਜੇ. ਐਲ. ਦੇ ਸਾਰੇ ਪ੍ਰਕਾਸ਼ਨਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਕੰਪਨੀ 'ਤੇ 90 ਕਰੋੜ ਰੁਪਏ ਦਾ ਕਰਜ਼ ਵੀ ਚੜ੍ਹ ਗਿਆ। ਫਿਰ ਕਾਂਗਰਸ ਦੀ ਲੀਡਰਸ਼ਿਪ ਨੇ 'ਯੰਗ ਇੰਡੀਅਨ ਪ੍ਰਾਈਵੇਟ ਲਿਮਟਡ' ਨਾਂਅ ਦੀ ਇੱਕ ਹੋਰ ਗੈਰ-ਕਾਰੋਬਾਰੀ ਕੰਪਨੀ ਬਣਾਈ, ਜਿਸ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਸਮੇਤ ਮੋਤੀਲਾਲ ਵੋਹਰਾ, ਸੁਮਨ ਦੂਬੇ, ਆਸਕਰ ਫਰਨਾਂਡੇਜ਼ ਅਤੇ ਸੈਮ ਪਿਤਰੋਦਾ ਨੂੰ ਡਾਇਰੈਕਟਰ ਬਣਾਇਆ ਗਿਆ। ਇਸ ਨਵੀਂ ਕੰਪਨੀ 'ਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਕੋਲ 76 ਫ਼ੀਸਦੀ ਸ਼ੇਅਰ ਸਨ, ਜਦੋਂਕਿ ਬਾਕੀ ਦੇ 24 ਫ਼ੀਸਦੀ ਸ਼ੇਅਰ ਹੋਰਨਾਂ ਡਾਇਰੈਕਟਰਾਂ ਦੇ ਕੋਲ ਸਨ। ਕਾਂਗਰਸ ਪਾਰਟੀ ਨੇ ਇਸ ਕੰਪਨੀ ਨੂੰ 90 ਕਰੋੜ ਰੁਪਏ ਬਤੌਰ ਕਰਜ਼ਾ ਵੀ ਦਿੱਤਾ। ਇਸ ਕੰਪਨੀ ਨੇ 'ਏ.ਜੇ.ਐਲ.' ਨੂੰ ਆਪਣੇ 'ਚ ਮਿਲਾ ਲਿਆ ਸੀ। ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਨੇ ਸਾਲ 2012 'ਚ ਇਕ ਪਟੀਸ਼ਨ ਦਾਇਰ ਕਰਕੇ ਕਾਂਗਰਸ ਦੇ ਨੇਤਾਵਾਂ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਆਪਣੀ ਪਟੀਸ਼ਨ 'ਚ ਦੋਸ਼ ਲਗਾਇਆ ਸੀ ਕਿ ਸਿਰਫ਼ 50 ਲੱਖ ਰੁਪਏ 'ਚ 90.25 ਕਰੋੜ ਰੁਪਏ ਵਸੂਲਣ ਦਾ ਢੰਗ ਕੱਢਿਆ, ਜੋ ਨਿਯਮਾਂ ਦੇ ਖ਼ਿਲਾਫ਼ ਹੈ। ਪਟੀਸ਼ਨ 'ਚ ਦੋਸ਼ ਲਗਾਇਆ ਗਿਆ ਸੀ ਕਿ 50 ਲੱਖ ਰੁਪਏ 'ਚ ਨਵੀਂ ਕੰਪਨੀ ਬਣਾ ਕੇ ਏ. ਜੇ. ਐਲ. ਦੀ 2000 ਕਰੋੜ ਰੁਪਏ ਦੀ ਜਾਇਦਾਦ ਨੂੰ ਆਪਣਾ ਬਣਾਉਣ ਦੀ ਚਾਲ ਚੱਲੀ ਗਈ ਸੀ।

# ਬੈਲਜੀਅਮ 'ਚ ਭਗੌੜਾ ਕਾਰੋਬਾਰੀ ਮੇਹੁਲ ਚੋਕਸੀ ਗ੍ਰਿਫ਼ਤਾਰ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਜਾਂਚ ਏਜੰਸੀਆਂ ਵੱਲੋਂ ਹਵਾਲਗੀ ਦੀ ਅਪੀਲ ਮਗਰੋਂ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੂੰ ਬੈਲਜੀਅਮ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਹੈ। ਚੋਕਸੀ ਪੰਜਾਬ ਨੈਸ਼ਨਲ ਬੈਂਕ ਨਾਲ 13,000 ਕਰੋੜ ਰੁਪਏ ਦੀ ਬੈਂਕ ਕਰਜ਼ਾ 'ਧੋਖਾਧੜੀ' ਕੇਸ ਵਿੱਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ। ਚੋਕਸੀ ਦੇ ਭਤੀਜੇ ਹੀਰਾ ਕਾਰੋਬਾਰੀ ਨੀਰਵ ਮੋਦੀ ਤੋਂ ਬਾਅਦ ਇਸ ਕੇਸ ਦੇ ਦੂਜੇ 'ਮੁੱਖ ਸ਼ੱਕੀ' ਵਿਰੁੱਧ ਕਾਰਵਾਈ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਅਤੇ ਐੱਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਾਇਰ ਹਵਾਲਗੀ ਬੇਨਤੀ ਦੇ ਅਧਾਰ 'ਤੇ ਕੀਤੀ ਗਈ ਹੈ।

ਚੋਕਸੀ ਦੇ ਬੈਲਜੀਅਮ ਵਿੱਚ ਹੋਣ ਬਾਰੇ ਪਿਛਲੇ ਸਾਲ ਪਤਾ ਲੱਗਾ ਸੀ। ਹੀਰਾ ਕਾਰੋਬਾਰੀ, ਜੋ 2018 ਵਿੱਚ ਭਾਰਤ ਛੱਡਣ ਮਗਰੋਂ ਐਂਟੀਗਾ ਵਿੱਚ ਰਹਿ ਰਿਹਾ ਸੀ, ਮੈਡੀਕਲ ਇਲਾਜ ਲਈ ਉਥੇ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਚੋਕਸੀ ਦੀ ਗ੍ਰਿਫ਼ਤਾਰੀ ਲਈ ਜਾਰੀ ਇੰਟਰਪੋਲ ਰੈੱਡ ਨੋਟਿਸ ਕੁਝ ਸਮਾਂ ਪਹਿਲਾਂ 'ਵਾਪਸ' ਲੈ ਲਿਆ ਗਿਆ ਸੀ ਅਤੇ ਭਾਰਤੀ ਏਜੰਸੀਆਂ ਉਦੋਂ ਤੋਂ ਉਸ ਦੀ ਪੈੜ ਨੱਪਦਿਆਂ ਹਵਾਲਗੀ ਰੂਟ ਰਾਹੀਂ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਸਨ। ਸੂਤਰਾਂ ਨੇ ਦੱਸਿਆ ਕਿ ਭਾਰਤੀ ਏਜੰਸੀਆਂ ਨੇ 2018 ਤੇ 2021 ਵਿੱਚ ਮੁੰਬਈ ਦੀ



ਵਿਸ਼ੇਸ਼ ਅਦਾਲਤ ਵੱਲੋਂ ਜਾਰੀ ਕੀਤੇ ਗਏ ਘੱਟੋ-ਘੱਟ ਦੋ ਗ੍ਰਿਫ਼ਤਾਰੀ ਵਾਰੰਟ ਹਵਾਲਗੀ ਬੇਨਤੀ ਵਜੋਂ ਆਪਣੇ ਬੈਲਜੀਅਨ ਹਮਰੁਤਬਾ ਨਾਲ ਸਾਂਝੇ ਕੀਤੇ ਹਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰੀ/ਨਜ਼ਰਬੰਦੀ ਤੋਂ ਬਾਅਦ ਰਸਮੀ ਕਾਗਜ਼ੀ ਕਾਰਵਾਈ ਪੂਰੀ ਕੀਤੀ ਜਾ ਰਹੀ ਹੈ ਕਿਉਂਕਿ ਚੋਕਸੀ ਸਿਹਤ ਦੇ ਹਵਾਲੇ ਨਾਲ ਜ਼ਮਾਨਤ ਦੀ ਮੰਗ ਕਰ ਸਕਦਾ ਹੈ। ਸੀ.ਬੀ.ਆਈ. ਅਤੇ ਈ.ਡੀ. ਨੇ ਚੋਕਸੀ, ਮੋਦੀ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਕਰਮਚਾਰੀਆਂ, ਬੈਂਕ ਅਧਿਕਾਰੀਆਂ ਅਤੇ ਹੋਰਾਂ ਖ਼ਿਲਾਫ਼ 2018 ਵਿੱਚ ਮੁੰਬਈ 'ਚ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਦੀ ਬ੍ਰੈਡੀ ਹਾਊਸ ਸ਼ਾਖਾ ਵਿੱਚ ਕਥਿਤ ਕਰਜ਼ਾ ਧੋਖਾਧੜੀ ਦੇ ਦੋਸ਼ ਤਹਿਤ ਕੇਸ ਦਰਜ ਕੀਤਾ ਸੀ। ਐਫ.ਆਈ.ਆਰ. ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਚੋਕਸੀ, ਉਸ ਦੀ ਫਰਮ ਗੀਤਾਂਜਲੀ ਜੈਮਜ਼ ਅਤੇ ਹੋਰਾਂ ਨੇ 'ਕੁਝ ਬੈਂਕ ਅਧਿਕਾਰੀਆਂ ਨਾਲ ਮਿਲ ਕੇ ਪੀਐਨਬੀ ਨਾਲ ਧੋਖਾਧੜੀ ਕੀਤੀ। ਧੋਖਾਧੜੀ ਨਾਲ ਐਲ.ਓ.ਯੂ. (ਅੰਡਰਟੈਕਿੰਗ ਲੈਟਰ) ਜਾਰੀ ਕਰਵਾ ਕੇ ਅਤੇ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਐਫਐਲਸੀ (ਵਿਦੇਸ਼ੀ ਕ੍ਰੈਡਿਟ ਪੱਤਰ) ਵਧਾ ਕੇ ਬੈਂਕ ਨੂੰ ਗਲਤ ਨੁਕਸਾਨ ਪਹੁੰਚਾਇਆ।' ਸੀ.ਬੀ.ਆਈ. ਨੇ ਇਸ ਮਾਮਲੇ ਵਿੱਚ ਚੋਕਸੀ ਵਿਰੁੱਧ ਘੱਟੋ-ਘੱਟ ਦੋ ਚਾਰਜਸ਼ੀਟ ਦਾਇਰ ਕੀਤੀਆਂ ਹਨ ਜਦੋਂ ਕਿ ਈ.ਡੀ. ਨੇ ਇਸ ਤਰ੍ਹਾਂ ਦੀਆਂ ਤਿੰਨ ਸ਼ਿਕਾਇਤਾਂ ਦਾਇਰ ਕੀਤੀਆਂ ਹਨ। ਨੀਰਵ ਮੋਦੀ, ਜਿਸ ਨੂੰ ਭਗੌੜਾ ਆਰਥਿਕ ਅਪਰਾਧੀ ਐਲਾਨਿਆ ਗਿਆ ਸੀ, ਇਸ ਮਾਮਲੇ ਵਿੱਚ ਈ.ਡੀ. ਤੇ ਸੀ.ਬੀ.ਆਈ. ਵੱਲੋਂ ਕੀਤੀ ਗਈ ਕਾਨੂੰਨੀ ਬੇਨਤੀ ਦੇ ਆਧਾਰ 'ਤੇ 2019 ਵਿੱਚ ਉੱਥੋਂ ਦੇ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਏ ਜਾਣ ਮਗਰੋਂ ਲੰਡਨ ਦੀ ਇੱਕ ਜੇਲ੍ਹ ਵਿੱਚ ਬੰਦ ਹੈ। ਉਸ ਵੱਲੋਂ ਭਾਰਤ ਹਵਾਲਗੀ ਦਾ ਵਿਰੋਧ ਕੀਤਾ ਜਾ ਰਿਹਾ ਹੈ। ਈ.ਡੀ. ਨੇ ਚੋਕਸੀ ਵਿਰੁੱਧ ਮਾਮਲੇ ਵਿੱਚ 2,565.90 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕਰ ਲਈ ਹੈ ਅਤੇ ਅਦਾਲਤ ਨੇ ਇਨ੍ਹਾਂ ਸਾਰੀਆਂ ਜਾਇਦਾਦਾਂ ਦੇ 'ਮੁਦਰੀਕਰਨ' ਦੀ ਆਗਿਆ ਦੇ ਦਿੱਤੀ ਹੈ।

## ਤਹੱਵੁਰ ਰਾਣਾ ਹੋਰ ਸ਼ਹਿਰਾਂ 'ਤੇ ਵੀ ਕਰ ਸਕਦਾ ਸੀ ਮੁੰਬਈ ਵਰਗੇ ਹਮਲੇ: ਆਈ.ਐਨ.ਏ.

ਨਵੀਂ ਦਿੱਲੀ/ਏ.ਟੀ.ਨਿਊਜ਼: ਕੌਮੀ ਜਾਂਚ ਏਜੰਸੀ ਨੇ ਦਿੱਲੀ ਦੀ ਅਦਾਲਤ ਵਿੱਚ ਦਲੀਲ ਦਿੰਦਿਆਂ ਕਿਹਾ ਕਿ 26/11 ਦੇ ਮੁੰਬਈ ਹਮਲਿਆਂ ਦੇ ਸਾਜ਼ਿਸ਼ਘਾੜੇ ਤਹੱਵੁਰ ਰਾਣਾ ਨੇ ਹੋਰ ਵੀ ਕਈ ਭਾਰਤੀ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਲਈ ਯੋਜਨਾ ਘੜੀ ਸੀ। ਇਹ ਦਾਅਵਾ ਉਨ੍ਹਾਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਦੇ ਵਿਸ਼ੇਸ਼ ਜੱਜ ਚੰਦਰ ਜੀਤ ਸਿੰਘ ਸਾਹਮਣੇ ਕੀਤਾ। ਇਸ ਤੋਂ ਬਾਅਦ ਅਦਾਲਤ ਨੇ ਰਾਣਾ ਨੂੰ 18 ਦਿਨਾਂ ਦੀ ਐਨ.ਆਈ.ਏ. ਹਿਰਾਸਤ ਵਿੱਚ ਭੇਜ ਦਿੱਤਾ। ਜੱਜ ਨੇ ਆਪਣੇ ਹੁਕਮਾਂ ਵਿੱਚ ਐਨ.ਆਈ.ਏ. ਨੂੰ ਨਿਰਦੇਸ਼ ਦਿੱਤਾ ਕਿ ਉਹ ਹਰ 24 ਘੰਟਿਆਂ ਵਿੱਚ ਰਾਣਾ ਦੀ ਡਾਕਟਰੀ ਜਾਂਚ ਕਰੇ ਅਤੇ ਉਸ ਨੂੰ ਹਰ ਦੂਜੇ ਦਿਨ ਆਪਣੇ ਵਕੀਲ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ। ਜੱਜ ਨੇ ਰਾਣਾ ਨੂੰ ਸਿਰਫ਼ ਨਰਮ ਟਿਪ ਵਾਲੇ ਪੈੱਨ ਦੀ ਵਰਤੋਂ ਕਰਨ ਅਤੇ ਐਨ.ਆਈ.ਏ. ਅਧਿਕਾਰੀਆਂ ਦੀ



ਮੌਜੂਦਗੀ ਵਿੱਚ ਸੁਣਨਯੋਗ ਦੂਰੀ ਵਿੱਚ ਆਪਣੇ ਵਕੀਲ ਨੂੰ ਮਿਲਣ ਦੀ ਇਜਾਜ਼ਤ ਦਿੱਤੀ। ਐਨ.ਆਈ.ਏ. ਦੇ ਅਧਿਕਾਰੀਆਂ ਨੇ ਅਦਾਲਤ ਨੂੰ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਮੁੰਬਈ ਹਮਲੇ ਵਾਂਗ ਹੋਰ ਸ਼ਹਿਰਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਯੋਜਨਾ ਸੀ। ਇਹ ਵੀ ਸਾਹਮਣੇ ਆਇਆ ਹੈ ਕਿ ਐਨ.ਆਈ.ਏ. ਅਧਿਕਾਰੀ ਅਹਿਮ ਸਬੂਤ ਇਕੱਠੇ ਕਰਨ ਅਤੇ 17 ਸਾਲ ਪਹਿਲਾਂ ਦੀਆਂ ਘਟਨਾਵਾਂ ਦਾ ਪਤਾ ਲਗਾਉਣ ਲਈ ਰਾਣਾ ਨੂੰ ਮੁੱਖ ਸਥਾਨਾਂ 'ਤੇ ਲਿਜਾ ਸਕਦੇ ਹਨ।

# ਭਾਰਤੀ ਜੇਲ੍ਹਾਂ ਦੀ ਹਾਲਤ ਬ੍ਰਿਟਿਸ਼ ਰਾਜ ਦੌਰਾਨ ਵਰਗੀ

**➢ ਕੈਦੀਆਂ ਨੂੰ ਨਹੀਂ ਮਿਲਦੀਆਂ ਸਹੂਲਤਾਂ ➢ ਜਾਨਵਰਾਂ ਵਾਂਗ ਤਾੜੇ ਹਨ ਜੇਲ੍ਹਾਂ ਵਿੱਚ ਕੈਦੀ ➢ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਨੋਟਿਸ**

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਦੇਸ਼ ਭਰ ਦੀਆਂ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੀਆਂ ਸਮੱਸਿਆਵਾਂ ਦਾ ਨੋਟਿਸ ਲਿਆ ਹੈ ਅਤੇ ਬੀਤੇ ਦਿਨੀਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਸੀ। ਕਮਿਸ਼ਨ ਨੇ ਕਿਹਾ ਹੈ ਕਿ ਜੇਲ੍ਹਾਂ ਵਿੱਚ ਕੈਦੀਆਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਕਰਕੇ ਮਹਿਲਾ ਕੈਦੀਆਂ ਨੂੰ। ਕਮਿਸ਼ਨ ਵੱਲੋਂ ਜੇਲ੍ਹਾਂ ਵਿੱਚ ਵੇਖੀਆਂ ਗਈਆਂ ਮੁੱਖ ਸਮੱਸਿਆਵਾਂ ਵਿੱਚ ਜੇਲ੍ਹਾਂ ਦਾ ਭੀੜ-ਭੜੱਕਾ, ਜੇਲ੍ਹਾਂ ਵਿੱਚ ਬੁਨਿਆਦੀ ਸਹੂਲਤਾਂ ਅਤੇ ਸਿਹਤ ਸਹੂਲਤਾਂ ਦੀ ਘਾਟ ਸ਼ਾਮਲ ਹੈ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਕਿ ਦੇਸ਼ ਭਰ ਦੀਆਂ ਵੱਖ-ਵੱਖ ਜੇਲ੍ਹਾਂ ਦਾ ਦੌਰਾ ਕਰਨ ਤੋਂ ਬਾਅਦ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਅਤੇ ਸ਼ਿਕਾਇਤਾਂ ਰਾਹੀਂ ਕਮਿਸ਼ਨ ਦੇ ਧਿਆਨ ਵਿੱਚ ਇਹ ਮੁੱਦੇ ਲਿਆਂਦੇ ਗਏ ਹਨ।

ਇਸ ਤੋਂ ਬਾਅਦ, ਕਮਿਸ਼ਨ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਨੋਟਿਸ ਜਾਰੀ ਕਰਕੇ ਉਨ੍ਹਾਂ ਤੋਂ ਚਾਰ ਹਫ਼ਤਿਆਂ ਦੇ ਅੰਦਰ ਰਿਪੋਰਟ ਮੰਗੀ ਹੈ। ਕਮਿਸ਼ਨ ਨੇ ਇਹ ਵੀ ਦੱਸਿਆ ਹੈ ਕਿ ਪੇਸ਼ ਕੀਤੀ ਜਾਣ ਵਾਲੀ ਰਿਪੋਰਟ ਵਿੱਚ ਕਿਹੜੇ ਨੁਕਤਿਆਂ ਦਾ ਜ਼ਿਕਰ ਹੋਣਾ ਚਾਹੀਦਾ ਹੈ।

### ਮਹਿਲਾ ਕੈਦੀਆਂ ਦੀ ਹਾਲਤ

ਕਮਿਸ਼ਨ ਵੱਲੋਂ ਰਾਜਾਂ ਤੋਂ ਮੰਗੀ ਗਈ ਜਾਣਕਾਰੀ ਵਿੱਚ, ਰਾਜ ਦੀਆਂ ਜੇਲ੍ਹਾਂ ਵਿੱਚ ਬੰਦ ਮਹਿਲਾ ਕੈਦੀਆਂ ਦੀ ਗਿਣਤੀ ਦੱਸਣ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਬੱਚਿਆਂ ਨਾਲ ਰਹਿ ਰਹੀਆਂ ਮਹਿਲਾ ਕੈਦੀਆਂ ਦੀ ਗਿਣਤੀ ਵੀ ਮੰਗੀ ਗਈ ਹੈ। ਕਮਿਸ਼ਨ ਨੇ ਦੋਸ਼ੀ ਅਤੇ ਮੁਕੱਦਮਾ ਅਧੀਨ ਮਹਿਲਾ ਕੈਦੀਆਂ ਦੀ



ਗਿਣਤੀ ਵੀ ਮੰਗੀ ਹੈ, ਯਾਨੀ ਜਿਨ੍ਹਾਂ ਨੂੰ ਅਜੇ ਤੱਕ ਸਜ਼ਾ ਨਹੀਂ ਦਿੱਤੀ ਗਈ ਹੈ ਅਤੇ ਸਿਰਫ਼ ਉਨ੍ਹਾਂ ਦੀ ਸੁਣਵਾਈ ਚੱਲ ਰਹੀ ਹੈ। ਇਸ ਤੋਂ ਇਲਾਵਾ, ਕਮਿਸ਼ਨ ਨੇ ਉਨ੍ਹਾਂ ਅੰਡਰਟਰਾਇਲ ਪੁਰਸ਼ ਅਤੇ ਮਹਿਲਾ ਕੈਦੀਆਂ ਦੇ ਵੇਰਵੇ ਵੀ ਮੰਗੇ ਹਨ ਜੋ ਇੱਕ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ। ਜ਼ਿਆਦਾਤਰ ਜੇਲ੍ਹਾਂ ਵਿੱਚ ਸਮਰੱਥਾ ਤੋਂ ਵੱਧ ਕੈਦੀ ਹਨ।

ਕਮਿਸ਼ਨ ਨੇ ਮਹਿਲਾ ਕੈਦੀਆਂ ਦੇ ਸਨਮਾਨ ਅਤੇ ਸੁਰੱਖਿਆ ਦੇ ਅਧਿਕਾਰਾਂ ਦੀ ਉਲੰਘਣਾ, ਉਨ੍ਹਾਂ ਵਿਰੁੱਧ ਵੱਧ ਰਹੀ ਹਿੰਸਾ ਕਾਰਨ ਮਾਨਸਿਕ ਤਣਾਅ, ਢੁਕਵੇਂ ਪਖਾਨਿਆਂ ਦੀ ਘਾਟ, ਸੈਨੇਟਰੀ ਨੈਪਕਿਨ ਅਤੇ ਸਾਫ਼ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਵਰਗੀਆਂ ਮੁੱਢਲੀਆਂ ਜ਼ਰੂਰਤਾਂ ਦੀ ਪੂਰਤੀ ਨਾ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਹੈ।

ਕਮਿਸ਼ਨ ਨੇ ਜੇਲ੍ਹਾਂ ਵਿੱਚ ਦਿੱਤੇ ਜਾਣ ਵਾਲੇ ਭੋਜਨ ਦੀ ਗੁਣਵੱਤਾ 'ਤੇ ਵੀ ਸਵਾਲ ਉਠਾਏ ਹਨ, ਜਿਸ ਕਾਰਨ ਕੁਪੋਸ਼ਣ ਹੁੰਦਾ ਹੈ, ਖਾਸ ਕਰਕੇ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਮਾਮਲੇ ਵਿੱਚ। ਇਸ ਤੋਂ ਇਲਾਵਾ, ਮਹਿਲਾ ਕੈਦੀਆਂ ਨਾਲ ਰਹਿ ਰਹੇ ਬੱਚਿਆਂ ਦੀ ਸਿੱਖਿਆ, ਕੈਦੀਆਂ ਨੂੰ ਦਿੱਤੀ ਜਾਣ ਵਾਲੀ ਕਾਨੂੰਨੀ ਸਹਾਇਤਾ, ਕਿੱਤਾਮੁਖੀ ਸਿਖਲਾਈ ਅਤੇ ਪੁਨਰਵਾਸ ਵਰਗੇ ਮੁੱਦਿਆਂ 'ਤੇ ਵੀ ਚਿੰਤਾਵਾਂ ਜ਼ਾਹਿਰ ਕੀਤੀਆਂ ਗਈਆਂ ਹਨ।

### ਭਾਰਤ ਵਿੱਚ ਜੇਲ੍ਹਾਂ ਦੀ ਹਾਲਤ

ਲਗਭਗ ਦੋ ਸਾਲ ਪਹਿਲਾਂ, ਸੰਸਦ ਵਿੱਚ ਗ੍ਰਹਿ ਮਾਮਲਿਆਂ ਬਾਰੇ ਸਥਾਈ ਕਮੇਟੀ ਨੇ 'ਜੇਲ੍ਹ - ਸਥਿਤੀਆਂ, ਬੁਨਿਆਦੀ ਢਾਂਚਾ ਅਤੇ ਸੁਧਾਰ' ਬਾਰੇ ਆਪਣੀ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿੱਚ ਜੇਲ੍ਹਾਂ ਦੀ ਭੀੜ-ਭੜੱਕੇ 'ਤੇ ਚਿੰਤਾ ਪ੍ਰਗਟ ਕੀਤੀ ਗਈ ਸੀ। ਆਪਣੀ ਰਿਪੋਰਟ ਵਿੱਚ, ਕਮੇਟੀ ਨੇ ਕਿਹਾ ਸੀ ਕਿ ਦੇਸ਼ ਭਰ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਦੀ ਔਸਤਨ ਰਿਹਾਇਸ਼ ਦਰ 130 ਪ੍ਰਤੀਸ਼ਤ ਹੈ। ਇਸਦਾ ਮਤਲਬ ਹੈ ਕਿ ਜੇਕਰ ਜੇਲ੍ਹ ਦੀ ਸਮਰੱਥਾ 100 ਕੈਦੀ ਹੈ, ਤਾਂ ਉੱਥੇ 130 ਕੈਦੀ ਰਹਿ ਰਹੇ ਹਨ। ਰਿਪੋਰਟ ਦੇ ਅਨੁਸਾਰ, ਭਾਰਤ ਦੇ ਅੱਧੇ ਤੋਂ ਵੱਧ ਕੈਦੀ ਛੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜਿਨ੍ਹਾਂ ਵਿੱਚ ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਪੱਛਮੀ ਬੰਗਾਲ, ਦਿੱਲੀ ਅਤੇ ਮੱਧ ਪ੍ਰਦੇਸ਼ ਸ਼ਾਮਲ ਹਨ। (ਬਾਕੀ ਸ.ਫਾ 30 'ਤੇ)

**ਦਰਪਣ ਝੂਠ ਨਹੀਂ ਬੋਲਦਾ**

# ਜਥੇਦਾਰ ਗੜਗੱਜ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਨੂੰ ਸਿਰੋਪਾ ਦੇ ਕੇ ਬਾਦਲ ਦਲ ਨੂੰ ਦਿੱਤੀ ਮਾਨਤਾ

## ਅਕਾਲੀ ਧੜਿਆਂ 'ਚ ਮੁੜ ਟਕਰਾਅ ਹੋਣ ਦੀ ਸੰਭਾਵਨਾ

## ਕੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਭਰਤੀ ਕਮੇਟੀ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ?

ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨ ਵਜੋਂ ਮੁੜ ਚੋਣ ਕਰਨ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਉਨ੍ਹਾਂ ਨੂੰ ਸਿਰੋਪਾ ਦਿੱਤੇ ਜਾਣ ਤੋਂ ਬਾਅਦ ਸਿਆਸੀ ਤੇ ਪੰਥਕ ਹਲਕਿਆਂ ਵਿੱਚ ਬਹਿਸ ਛਿੜ ਗਈ ਹੈ ਕਿ ਕੀ ਦੋ ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਕਮੇਟੀ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ ?

ਪਰ ਹੁਣ ਸੁਖਬੀਰ ਸਿੰਘ ਬਾਦਲ ਕਾਰਜਕਾਰੀ ਜਥੇਦਾਰ ਤੋਂ ਸਨਮਾਨਿਤ ਹੋਣ ਬਾਅਦ ਧਾਰਮਿਕ ਤੇ ਸਿਆਸੀ ਤੌਰ 'ਤੇ ਕਾਫ਼ੀ ਹੱਦ ਤੱਕ ਆਪਣੇ ਆਪ ਨੂੰ ਸੁਰਖਰੂ ਹੋਇਆ ਸਮਝ ਰਹੇ ਹਨ। ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਦੀ ਉਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਵੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਲਈ ਇਸ ਹਲਕੇ ਤੋਂ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਦੇ ਦਾਅਵੇਦਾਰਾਂ ਵੱਲੋਂ ਲਗਾਤਾਰ ਪਾਰਟੀ ਦੀ ਹਾਈਕਮਾਨ ਤੇ ਉਮੀਦਵਾਰ ਦੇ ਐਲਾਨ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਸੀ, ਉਸ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਲੁਧਿਆਣਾ ਪੁੱਜੇ। ਇਸ ਦੌਰਾਨ ਉਨ੍ਹਾਂ ਅਕਾਲੀ ਦਲ ਦੇ ਸੀਨੀਅਰ ਆਗੂਆਂ ਨਾਲ ਗੁਪਤ ਮੀਟਿੰਗ ਕਰਨ ਤੋਂ ਬਾਅਦ ਟਿਕਟ ਦੇ ਦਾਅਵੇਦਾਰਾਂ ਤੋਂ ਵੀ ਉਨ੍ਹਾਂ ਵੱਲੋਂ ਪਾਰਟੀ ਲਈ ਕੀਤੇ ਜਾ ਰਹੇ ਕੰਮਾਂ ਦੀ ਵਿਸਥਾਰ ਨਾਲ ਜਾਣਕਾਰੀ ਲਈ। ਇਸ ਤੋਂ ਇਲਾਵਾ ਹਲਕੇ ਦੇ ਹਾਲਾਤਾਂ ਨੂੰ ਜਾਣਨ ਲਈ ਬਾਦਲ ਨੇ ਬੀਤੀਆਂ ਨਗਰ ਨਿਗਮ ਚੋਣਾਂ ਵਿੱਚ ਪਾਰਟੀ ਦੇ ਹਲਕੇ ਅਧੀਨ ਆਉਂਦੇ ਵਾਰਡਾਂ ਤੋਂ ਉਮੀਦਵਾਰ ਰਹੇ ਨੇਤਾਵਾਂ ਤੋਂ ਵੀ ਜ਼ਮੀਨੀ ਹਾਲਾਤ ਜਾਣੇ। ਇਸ ਦੌਰਾਨ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਬਾਦਲ ਨੇ ਸਮੂਹ ਨੇਤਾਵਾਂ ਤੋਂ ਵਿਧਾਨ ਸਭਾ ਹਲਕਾ ਪੱਛਮੀ ਦੀ ਉਪ ਚੋਣ ਵਿੱਚ ਉਮੀਦਵਾਰ ਸਬੰਧੀ ਉਨ੍ਹਾਂ ਦੀ ਰਾਏ ਜਾਣੀ। ਸੂਤਰਾਂ ਦੀ ਮੰਨੀਏ ਤਾਂ ਵਿਧਾਨ ਸਭਾ ਹਲਕਾ ਪੱਛਮੀ ਤੋਂ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਵਾਲੇ ਨੇਤਾਵਾਂ ਵਿੱਚ ਕਾਫ਼ੀ ਉਤਸ਼ਾਹ ਹੈ, ਜਿਨ੍ਹਾਂ ਵੱਲੋਂ ਪਾਰਟੀ ਵੱਲੋਂ ਇਸ ਚੋਣ ਨੂੰ ਲੜਨ ਦੇ ਲਏ ਗਏ ਫੈਸਲੇ ਦਾ ਸਵਾਗਤ ਕੀਤਾ ਹੈ। ਦੱਸਣਾ ਬਣਦਾ ਹੈ ਕਿ ਲੁਧਿਆਣਾ ਪੁੱਜੇ ਸੁਖਬੀਰ ਬਾਦਲ ਨੇ ਪਾਰਟੀ ਦੇ ਨੇਤਾਵਾਂ ਨੂੰ ਉਪ ਚੋਣ ਨੂੰ ਲੜਨ ਲਈ ਪਾਰਟੀ ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਦੇ ਵਿਕਾਸ ਲਈ ਕੀਤੇ ਕੰਮਾਂ ਨੂੰ ਘਰ ਘਰ ਪਹੁੰਚਾਉਣ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਹਲਕੇ ਅਧੀਨ ਆਉਂਦੇ ਸਾਰੇ ਇਲਾਕਿਆਂ ਦੇ ਇਕੱਲੇ ਇਕੱਲੇ ਘਰ ਤੱਕ ਪਾਰਟੀ ਦੀਆਂ ਨੀਤੀਆਂ ਨੂੰ ਸਹੀ ਤਰੀਕੇ ਨਾਲ ਪਹੁੰਚਾਵਾਂਗੇ ਤਾਂ ਹੀ ਨਤੀਜੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਆਉਣਗੇ। ਸੂਤਰਾਂ ਦੀ ਮੰਨੀਏ



ਤਾਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਲੁਧਿਆਣਾ ਦੇ ਨੇਤਾਵਾਂ ਨੂੰ ਜਲਦ ਉਮੀਦਵਾਰ ਦਾ ਐਲਾਨ ਕਰਨ ਦਾ ਭਰੋਸਾ ਦਿੱਤਾ ਹੈ ਪਰ ਇਸ ਦੌਰਾਨ ਉਨ੍ਹਾਂ ਸਮੂਹ ਵਰਕਰਾਂ ਨੂੰ ਤਕੜੇ ਹੋ ਕੇ ਇਨ੍ਹਾਂ ਚੋਣਾਂ ਵਿੱਚ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਦੀ ਡਿਊਟੀ ਲਗਾ ਦਿੱਤੀ ਹੈ।

ਦੂਜੇ ਪਾਸੇ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਬਣਾਈ ਗਈ ਕਮੇਟੀ ਵਿੱਚ ਇਸ ਵੇਲੇ ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ ਅਤੇ ਸਤਵੰਤ ਕੌਰ ਦੇ ਰੂਪ ਵਿੱਚ ਪੰਜ ਮੈਂਬਰ ਸ਼ਾਮਲ ਹਨ। ਕਮੇਟੀ ਨੇ 18 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਵਾਸਤੇ ਭਰਤੀ ਮੁਹਿੰਮ ਸ਼ੁਰੂ ਕੀਤੀ ਸੀ। ਇਸ ਬਾਰੇ ਜਥੇਦਾਰ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਦੀ ਉਲੰਘਣਾ ਕਰਕੇ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਭਰਤੀ ਕਮੇਟੀ, ਜੋ ਅਕਾਲ ਤਖ਼ਤ ਤੋਂ ਬਣਾਈ ਗਈ ਸੀ, ਵੱਲੋਂ ਭਰਤੀ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 10 ਅਪ੍ਰੈਲ ਤੱਕ 15 ਲੱਖ ਤੋਂ ਵੱਧ ਮੈਂਬਰ ਰਜਿਸਟਰ ਕੀਤੇ ਜਾ ਚੁੱਕੇ ਹਨ ਅਤੇ ਲਗਭਗ 7 ਲੱਖ ਹੋਰ ਮੈਂਬਰਸ਼ਿਪ ਪਰਫਾਰਮਿਆਂ ਦੀ ਮੰਗ ਆ ਚੁੱਕੀ ਹੈ। ਭਰਤੀ ਕਮੇਟੀ ਨੇ ਸੰਭਾਵਨਾ ਪ੍ਰਗਟਾਈ ਕਿ ਇਹ ਮੁਹਿੰਮ ਜੂਨ ਮਹੀਨੇ ਤੱਕ ਮੁਕੰਮਲ ਹੋ ਜਾਵੇਗੀ ਅਤੇ ਇਸ ਤੋਂ ਬਾਅਦ ਇਸ ਮਾਮਲੇ ਵਿੱਚ ਅਕਾਲ ਤਖ਼ਤ ਸਾਹਿਬ ਤੋਂ ਅਗਲੇ ਹੁਕਮਾਂ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

ਭਰਤੀ ਕਮੇਟੀ ਦੇ ਇੱਕ ਹੋਰ ਮੈਂਬਰ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਕਮੇਟੀ ਵੱਲੋਂ ਪਾਰਦਰਸ਼ੀ ਢੰਗ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਉਪਰੰਤ ਨਵੇਂ ਡੈਲੀਗੇਟ ਚੁਣ ਕੇ ਪੰਥ ਪ੍ਰਵਾਨਿਤ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਬੇਨਤੀ ਕਰਨ ਉਪਰੰਤ ਕੌਮ ਤੇ ਪੰਥ ਦੇ ਹਵਾਲੇ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਯਾਲੀ ਨੇ ਸਪੱਸ਼ਟ ਕੀਤਾ ਕਿ ਇੱਕ ਧੜਾ ਵਾਰ ਵਾਰ ਭਰਤੀ ਕਮੇਟੀ ਨੂੰ ਨਿਗਰਾਨ ਕਮੇਟੀ ਦੱਸ ਕੇ ਗੁਮਰਾਹ ਕਰ ਰਿਹਾ ਹੈ, ਜਦੋਂ ਕਿ 2 ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਵਿੱਚ ਕਿਤੇ ਵੀ ਨਿਗਰਾਨ ਸ਼ਬਦ ਤੱਕ ਨਹੀਂ ਹੈ। ਇਯਾਲੀ ਨੇ ਮੁੜ ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਸੰਗਤਾਂ ਨੂੰ ਅਪੀਲ ਕੀਤੀ ਕਿ ਆਓ ਰਲ ਕੇ ਪੰਜਾਬ ਦੀ ਮਾਂ ਪਾਰਟੀ ਅਤੇ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਮੁਹਿੰਮ ਦਾ ਹਿੱਸਾ ਬਣੀਏ। ਇਸ ਦੇ ਨਾਲ ਹੀ ਇਯਾਲੀ ਨੇ ਮੁੜ ਦੁਹਰਾਇਆ ਕਿ ਪੰਜ ਮੈਂਬਰੀ ਭਰਤੀ ਕਮੇਟੀ ਬਕਾਇਦਗੀ ਨਾਲ ਦਰੁਸਤ ਭਰਤੀ ਕਰਕੇ ਸੂਬੇ ਨੂੰ ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਲੀਡਰਸ਼ਿਪ ਦੇਵੇਗੀ। ਇਯਾਲੀ ਨੇ ਸੰਤੁਸ਼ਟੀ ਜ਼ਾਹਰ ਕੀਤੀ ਕਿ 10 ਅਪ੍ਰੈਲ ਸ਼ਾਮ ਤੱਕ 15 ਲੱਖ 64 ਹਜ਼ਾਰ ਦੀ ਮੈਂਬਰਸ਼ਿਪ ਕੀਤੀ ਜਾ ਚੁੱਕੀ ਹੈ ਅਤੇ 7 ਲੱਖ ਦੇ ਕਰੀਬ ਮੰਗ ਹੈ। ਇਸ ਦੌਰਾਨ ਕੁੱਝ ਆਗੂਆਂ ਨੇ ਕਿਹਾ ਕਿ ਬਾਦਲ ਅਕਾਲੀ ਦਲ ਦਾ ਮੁਕਾਬਲਾ ਕਰਨ ਲਈ ਪੰਥ ਪ੍ਰਵਾਨਿਤ ਅਜਿਹੀ ਵੱਡੀ ਜਥੇਬੰਦੀ ਦੀ ਲੋੜ ਹੈ, ਜਿਸ ਮੰਚ 'ਤੇ ਸਮੁੱਚਾ ਸਿੱਖ ਜਗਤ ਇਕੱਠਾ ਹੋਵੇ। ਸ਼੍ਰੋਮਣੀ ਅਕਾਲੀ ਦਲ ਨੇ ਲਗਭਗ 27 ਲੱਖ 68 ਹਜ਼ਾਰ ਮੈਂਬਰਾਂ ਦੀ ਭਰਤੀ ਕਰਨ ਦਾ ਦਾਅਵਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਤਤਕਾਲੀ ਪੰਜ ਸਿੰਘ ਸਾਹਿਬਾਨ ਨੇ ਵੱਖ ਹੋਏ ਧੜੇ ਨੂੰ ਅਲੱਗ ਚੁੱਲ੍ਹਾ ਸਮੇਟ ਕੇ ਅਕਾਲੀ ਦਲ ਦੀ ਮਜ਼ਬੂਤੀ ਲਈ ਵੀ ਕਾਰਜ ਕਰਨ ਦਾ ਆਦੇਸ਼ ਜਾਰੀ ਕਰਨ ਦੇ ਨਾਲ ਨਾਲ ਦੋਵੇਂ ਧਿਰਾਂ ਨੂੰ ਇਕੱਠੇ ਹੋ ਕੇ ਚੱਲਣ ਦਾ ਵੀ ਆਦੇਸ਼ ਜਾਰੀ ਕੀਤਾ ਸੀ, ਪਰ ਇਸ ਆਦੇਸ਼ ਦਾ ਪੂਰੀ ਤਰ੍ਹਾਂ ਪਾਲਣ ਕਰਨ ਵਿਚ ਦੋਵਾਂ ਧਿਰਾਂ ਵਿਚ ਕੋਈ ਸਹਿਮਤੀ ਬਣਦੀ ਫ਼ਿਲਹਾਲ ਨਜ਼ਰ ਨਹੀਂ ਆ ਰਹੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਭਰਤੀ ਕਮੇਟੀ) ਵਲੋਂ ਵੀ ਆਉਂਦੇ ਸਮੇਂ ਵਿੱਚ ਵੱਖਰੇ ਅਕਾਲੀ ਦਲ ਦੀ ਚੋਣ ਕਰਨ ਦੀ ਸੂਰਤ ਵਿੱਚ ਉਸ ਨਵੇਂ ਦਲ ਪ੍ਰਤੀ ਕਾਰਜਕਾਰੀ ਜਥੇਦਾਰ ਦਾ ਪ੍ਰਤੀਕਰਮ ਕੀ ਹੋਵੇਗਾ ? ਇਸ ਦੀਆਂ ਕਿਆਸ-ਅਰਾਈਆਂ ਵੀ ਪੰਥਕ ਹਲਕਿਆਂ ਵੱਲੋਂ ਲਗਾਈਆਂ ਜਾ ਰਹੀਆਂ ਹਨ। ਮੌਜੂਦਾ ਪੰਥਕ ਹਾਲਾਤ ਅਨੁਸਾਰ ਤਾਂ ਪੰਥਕ ਏਕਤਾ ਦੀ ਥਾਂ ਦੋਵਾਂ ਅਕਾਲੀ ਧੜਿਆਂ ਵਿੱਚ ਫ਼ਿਲਹਾਲ ਮੁੜ ਟਕਰਾਅ ਹੋਣ ਦੇ ਆਸਾਰ ਨਜ਼ਰ ਆ ਰਹੇ ਹਨ।

# ਕੀ ਵਕ਼ਫ ਬਿਲ ਦਾ ਵਿਰੋਧ ਵੀ ਹੁਣ ਦੇਸ਼ ਧ੍ਰੋਹ ਬਣਿਆ ?

ਦੁਨੀਆਂ ਦੇ ਸਾਰੇ ਲੋਕਤੰਤਰੀ ਦੇਸ਼ਾਂ ਵਿੱਚ ਸੰਸਦ ਦੁਆਰਾ ਪਾਸ ਕੀਤੇ ਗਏ ਕਾਨੂੰਨਾਂ ਦਾ ਨਾਗਰਿਕ ਸਮੂਹ ਅਤੇ ਰਾਜਨੀਤਕ ਪਾਰਟੀਆਂ ਵਿਰੋਧ ਕਰਦੀਆਂ ਹਨ, ਪਰ ਇਨ੍ਹਾਂ ਵਿਰੋਧ ਕਰਨ ਵਾਲਿਆਂ ਨੂੰ ਕੋਈ ਵੀ ਗੱਦਾਰ ਜਾਂ ਦੇਸ਼ ਧ੍ਰੋਹੀ ਨਹੀਂ ਕਹਿੰਦਾ। ਭਾਰਤ ਵਿੱਚ ਵੀ ਆਜ਼ਾਦੀ ਤੋਂ ਬਾਅਦ ਕਈ ਕਾਨੂੰਨ ਬਣਾਏ ਗਏ ਜਿਨ੍ਹਾਂ ਦਾ ਵਿਆਪਕ ਵਿਰੋਧ ਹੋਇਆ, ਪਰ ਵਿਰੋਧ ਕਰਨ ਵਾਲਿਆਂ ਨੂੰ ਕਦੇ ਕਿਸੇ ਨੇ ਗੱਦਾਰ ਨਹੀਂ ਕਿਹਾ ਤੇ ਨਾ ਹੀ ਸਰਕਾਰ ਨੇ ਉਨ੍ਹਾਂ ਵਿਰੁੱਧ ਕੋਈ ਅਪਰਾਧਿਕ ਮਾਮਲਾ ਦਰਜ ਕੀਤਾ। ਪਰ ਹੁਣ ਭਾਜਪਾ ਨੇ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਗੱਦਾਰ ਮੰਨਣਾ ਸ਼ੁਰੂ ਕਰ ਦਿੱਤਾ ਹੈ। ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਗੁਜਰਾਤ ਆਦਿ ਕਈ ਸੂਬਿਆਂ 'ਚ ਭਾਜਪਾ ਨੇ ਰਾਹੁਲ ਗਾਂਧੀ, ਸ਼ਰਦ ਪਵਾਰ, ਲਾਲੂ ਪ੍ਰਸਾਦ, ਅਖਿਲੇਸ਼ ਯਾਦਵ ਆਦਿ ਨੇਤਾਵਾਂ ਦੀਆਂ ਤਸਵੀਰਾਂ ਵਾਲੇ ਪੋਸਟਰ ਲਗਾਏ ਹਨ, ਜਿਨ੍ਹਾਂ 'ਤੇ ਲਿਖਿਆ ਹੈ, 'ਵਕ਼ਫ ਬਿੱਲ ਦਾ ਵਿਰੋਧ ਕਰਨ ਵਾਲੇ ਗੱਦਾਰ।'




ਉੱਤਰ ਪ੍ਰਦੇਸ਼ 'ਚ ਤਾਂ ਕਾਨੂੰਨ ਦਾ ਵਿਰੋਧ ਕਰਨ 'ਤੇ ਨੋਟਿਸ ਭੇਜੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਬੀਤੀ 3 ਅਪ੍ਰੈਲ ਨੂੰ ਸੰਸਦ ਵੱਲੋਂ ਪਾਸ ਕੀਤੇ ਗਏ ਵਕ਼ਫ ਕਾਨੂੰਨ ਖ਼ਿਲਾਫ਼ 4 ਅਪ੍ਰੈਲ ਨੂੰ ਮੁਜ਼ੱਫਰਨਗਰ 'ਚ ਜੁੰਮੇ ਦੀ ਨਮਾਜ਼ ਅਦਾ ਕਰਨ ਗਏ ਲੋਕਾਂ ਨੇ ਆਪਣੀਆਂ ਬਾਂਹਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਇਸ ਦਾ ਵਿਰੋਧ ਕੀਤਾ ਸੀ। ਸਰਕਾਰ ਨੇ ਅਜਿਹੇ ਲਗਭਗ ਤਿੰਨ ਸੌ ਲੋਕਾਂ ਨੂੰ ਨੋਟਿਸ ਭੇਜ ਕੇ ਕਿਹਾ ਹੈ ਕਿ ਉਹ ਥਾਣੇ ਪਹੁੰਚ ਕੇ ਦੋ ਲੱਖ ਰੁਪਏ ਦਾ ਮੁਚੱਲਕਾ ਜਮ੍ਹਾਂ ਕਰਵਾਉਣ ਤੇ ਦੋ ਜ਼ਮਾਨਤੀ ਆਪਣੇ ਨਾਲ ਲੈ ਕੇ ਆਉਣ। ਕਾਲੀ ਪੱਟੀ ਬੰਨ੍ਹ ਕੇ ਜਾਂ ਸੜਕ 'ਤੇ ਵੀ ਉੱਤਰ ਕੇ ਸਰਕਾਰ ਦੇ ਬਣਾਏ ਗਏ ਕਾਨੂੰਨ ਦਾ ਵਿਰੋਧ ਕਰਨਾ ਅਪਰਾਧ ਕਿਵੇਂ ਹੋ ਗਿਆ ? ਇਹ ਮੰਨਿਆ ਜਾ ਰਿਹਾ ਹੈ ਕਿ ਅਜਿਹੀਆਂ ਗਤੀਵਿਧੀਆਂ ਦੋ ਸਾਲ ਬਾਅਦ ਉੱਤਰ ਪ੍ਰਦੇਸ਼ 'ਚ ਹੋਣ ਵਾਲੀਆਂ ਚੋਣਾਂ ਤੱਕ ਜਾਰੀ ਰਹਿਣਗੀਆਂ, ਜਿਸ ਤੋਂ ਇਹ ਸੁਨੇਹਾ ਜਾਵੇ ਕਿ ਸਰਕਾਰ ਮੁਸਲਮਾਨਾਂ 'ਤੇ ਸਖ਼ਤੀ ਵਰਤ ਰਹੀ ਹੈ।

# ਮੋਦੀ ਦਾ ਹਿੰਦੀ ਮੋਹ ਤਾਮਿਲਨਾਡੂ ਨਾਲ ਟਕਰਾਅ ਦਾ ਕਾਰਨ ਬਣਿਆ

## ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਿਆ

ਤਾਮਿਲਨਾਡੂ ਵਿੱਚ ਇੱਕ ਸਾਲ ਬਾਅਦ ਚੋਣਾਂ ਹਨ ਤੇ ਭਾਜਪਾ ਕਿਸੇ ਤਰ੍ਹਾਂ ਉੱਥੇ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਸੂਬੇ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਰੱਖਿਆ ਹੈ। ਪਰ ਇਸ ਦਾ ਮਤਲਬ ਇਹ ਤਾਂ ਨਹੀਂ ਹੋ ਸਕਦਾ ਕਿ ਪ੍ਰਧਾਨ ਮੰਤਰੀ ਸੂਬੇ ਦੇ ਦੌਰੇ 'ਤੇ ਜਾਣਗੇ ਤਾਂ ਉਹ ਮੁੱਖ ਮੰਤਰੀ ਦਾ ਮਜ਼ਾਕ ਉਡਾਉਣਗੇ ਤੇ ਉਨ੍ਹਾਂ ਨੂੰ ਖਿਝਾਉਣ ਲਈ ਹੋਛੀਆਂ ਗੱਲਾਂ ਕਰਨਗੇ। ਮੁੱਖ ਮੰਤਰੀ ਸਟਾਲਿਨ ਨੇ ਯਕੀਨੀ ਤੌਰ 'ਤੇ ਪ੍ਰੋਟੋਕਾਲ ਤੋੜਿਆ ਤੇ ਪ੍ਰਧਾਨ ਮੰਤਰੀ ਦਾ ਸਵਾਗਤ ਕਰਨ ਨਹੀਂ ਗਏ। ਸਟਾਲਿਨ ਨੇ ਗਲਤੀ ਕੀਤੀ, ਪਰ ਪ੍ਰਧਾਨ ਮੰਤਰੀ ਨੇ ਵੀ ਸੂਬੇ ਦੇ ਲੋਕਾਂ ਦੀ ਸੰਵੇਦਨਸ਼ੀਲਤਾ ਨੂੰ ਸਮਝੇ ਬਿਨਾਂ ਹੀ ਭਾਸ਼ਾ ਦੇ ਮੁੱਦੇ 'ਤੇ ਸਟਾਲਿਨ ਨੂੰ ਖਿਝਾਇਆ।

ਉਨ੍ਹਾਂ ਕਿਹਾ ਕਿ ਤਾਮਿਲ ਦੇ ਮਾਣ ਨੂੰ ਬਣਾਈ ਰੱਖਣ ਲਈ ਘੱਟੋ-ਘੱਟ ਮੁੱਖ ਮੰਤਰੀ ਤਾਮਿਲ ਭਾਸ਼ਾ 'ਚ ਦਸਤਖ਼ਤ ਤਾਂ ਕਰਨ। ਸਵਾਲ ਇਹ ਹੈ ਕਿ ਕੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਜਿਹਾ ਕਹਿਣਾ ਸ਼ੋਭਾ ਦਿੰਦਾ ਹੈ ? ਮੋਦੀ ਖ਼ੁਦ ਭਾਸ਼ਾ ਦੇ ਆਧਾਰ 'ਤੇ ਬਣੇ ਸੂਬੇ ਤੋਂ ਆਉਂਦੇ ਹਨ, ਪਰ ਕੀ ਉਨ੍ਹਾਂ ਨੇ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਕਦੇ ਗੁਜਰਾਤੀ ਭਾਸ਼ਾ ਦੇ ਮਾਣ ਨੂੰ ਵਧਾਉਣ ਲਈ ਗੁਜਰਾਤੀ 'ਚ ਦਸਤਖ਼ਤ ਕੀਤੇ ? ਗੁਜਰਾਤ 'ਚ ਰਹਿੰਦਿਆਂ ਉਹ ਹਮੇਸ਼ਾ ਸਿਰਫ਼ ਛੇ ਕਰੋੜ ਗੁਜਰਾਤੀਆਂ ਦੀ ਗੱਲ ਕਰਦੇ ਸਨ, ਜਿਵੇਂ ਹੁਣ ਸਟਾਲਿਨ ਤਾਮਿਲ ਲੋਕਾਂ ਦੀ ਗੱਲ ਕਰਦੇ ਹਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਟਾਲਿਨ ਮੈਡੀਕਲ ਦੀ ਪੜ੍ਹਾਈ ਤਾਮਿਲ ਭਾਸ਼ਾ ਵਿੱਚ ਕਰਵਾਉਣ। ਇਹ ਗੱਲ ਵੀ ਸਟਾਲਿਨ ਨੂੰ ਤਾਮਿਲ ਪ੍ਰਤੀ ਉਸ ਦੇ ਪਿਆਰ ਬਾਰੇ ਖਿਝਾਉਣ ਲਈ ਕਹੀ ਗਈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਾਰੇ ਦੇਸ਼ 'ਚ ਹਿੰਦੀ ਨੂੰ ਪ੍ਰਮੁਖਤਾ ਦਿਵਾਉਣ 'ਚ ਲੱਗੀ ਮੋਦੀ ਸਰਕਾਰ ਪਹਿਲਾਂ ਮੈਡੀਕਲ ਤੇ ਇੰਜੀਨੀਅਰਿੰਗ ਦਾ ਇੱਕ ਵੀ ਬੈਚ ਹਿੰਦੀ 'ਚ ਪੜ੍ਹਾ ਕੇ ਦਿਖਾਉਣ, ਫਿਰ ਸੂਬਿਆਂ ਨੂੰ ਖਿਝਾਉਣ ਤਾਂ ਗੱਲ ਸਮਝ ਵਿੱਚ ਆਵੇਗੀ।



# ਵਿਸਾਖੀ ਮੇਲਾ : ਸਿਆਸੀ ਕਾਨਫ਼ਰੰਸਾਂ ’ਚ ਵੱਖ-ਵੱਖ ਪਾਰਟੀਆਂ ਨੇ ਵਜਾਇਆ ਵਿਧਾਨ ਸਭਾ ਚੋਣਾਂ-2027 ਦਾ ਬਿਗਲ

## ਅਕਾਲੀ ਦਲ (ਬ), ਅਕਾਲੀ ਦਲ ਅੰਮ੍ਰਿਤਸਰ, ਵਾਰਿਸ ਪੰਜਾਬ ਦੇ, ਸਮਾਜ ਸੇਵੀ ਲੱਖਾ ਸਧਾਣਾ ਅਤੇ ਬਸਪਾ ਨੇ ਕੀਤੀਆਂ ਸਿਆਸੀ ਕਾਨਫ਼ਰੰਸਾਂ

## ਅਕਾਲੀ ਦਲ ਪੰਜਾਬ ਦਾ ਅਸਲ ਵਾਰਿਸ : ਸੁਖਬੀਰ ਸਿੰਘ ਬਾਦਲ

**ਸਿੱਖ ਕੌਮ ਦੇ ਚੌਥੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸਾਖੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ (ਬ), ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ ਵਾਰਿਸ ਪੰਜਾਬ ਦੇ, ਸਮਾਜ ਸੇਵੀ ਲੱਖਾ ਸਧਾਣਾ ਅਤੇ ਬਸਪਾ ਵੱਲੋਂ ਸਿਆਸੀ ਕਾਨਫ਼ਰੰਸਾਂ ਕੀਤੀ ਗਈਆਂ ਜਿਨ੍ਹਾਂ ਪਾਰਟੀ ਪ੍ਰਧਾਨਾਂ ਅਤੇ ਹੋਰ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ। ਕਾਨਫ਼ਰੰਸਾਂ ’ਚ ਜਿੱਥੇ ਪੰਜਾਬ ਦੇ ਮੁੱਦਿਆਂ ਦੀ ਗੱਲ ਕੀਤੀ ਗਈ ਉੱਥੇ ਪਾਰਟੀਆਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦਾ ਵੀ ਬਿਗਲ ਵਜਾਇਆ।**



ਤਲਵੰਡੀ ਸਾਬੋ/ਏ.ਟੀ.ਨਿਊਜ਼: ਵਿਸਾਖੀ ਤੇ ਖ਼ਾਲਸਾ ਪੰਥ ਸਾਜਨਾ ਦਿਵਸ ਮੌਕੇ ਇਥੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੈਂ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣ ਲਈ ਦ੍ਰਿੜ੍ਹ ਸੰਕਲਪ ਹਾਂ। ਉਨ੍ਹਾਂ ਕਿਹਾ ਕਿ ਮੈਂ ਸਮਾਜ ਭਲਾਈ ਸਕੀਮਾਂ ਸ਼ੁਰੂ ਕਰਾਂਗਾ ਤੇ ਕਮਜ਼ੋਰ ਵਰਗਾਂ ਨੂੰ ਰਾਹਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੈਂ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਵਾਸਤੇ ਵਚਨਬੱਧ ਹਾਂ। ਉਨ੍ਹਾਂ ਕਿਹਾ ਕਿ ਅਕਾਲੀ ਦਲ ‘ਆਟਾ-ਦਾਲ’ ਸਕੀਮ ਮੁੜ ਸ਼ੁਰੂ ਕਰੇਗਾ ਅਤੇ ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਦੁੱਗਣੀ ਕੀਤੀ ਜਾਵੇਗੀ ਅਤੇ ਕਾਨੂੰਨ ਪਾਸ ਕਰ ਕੇ ਬਾਹਰਲਿਆਂ ਵੱਲੋਂ ਪੰਜਾਬ ’ਚ ਖੇਤੀਬਾੜੀ ਜ਼ਮੀਨ ਖਰੀਦਣ ’ਤੇ ਪਾਬੰਦੀ ਲਗਾਈ ਜਾਵੇਗੀ।

ਹਜ਼ਾਰਾਂ ਪਾਰਟੀ ਵਰਕਰਾਂ ਵੱਲੋਂ ਜੈਕਾਰਿਆਂ ਦੀ ਗੂੰਜ ’ਚ ਸਰਦਾਰ ਬਾਦਲ ਨੇ ਦਮਦਾਰ ਭਾਸ਼ਣ ਦਿੱਤਾ ਅਤੇ ਪੰਥ ਨੂੰ ਏਕੇ ਲਈ ਜੋਸ਼ੀਲੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ, ਪੰਜਾਬੀਅਤ ਤੇ ਖ਼ਾਲਸਾ ਪੰਥ ਦੇ ਹਿੱਤਾਂ ਵਾਸਤੇ ਸਾਰੇ ਅਕਾਲੀਆਂ ਨੂੰ ਪਾਰਟੀ ’ਚ ਵਾਪਸ ਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਪੰਜਾਬ ਨੂੰ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਦੀ ਲੁੱਟ ਤੋਂ ਬਚਾਇਆ ਜਾਵੇ ਅਤੇ ਅਕਾਲੀ ਦਲ ’ਚ ਵਿਸ਼ਵਾਸ ਪ੍ਰਗਟ ਕੀਤਾ ਜਾਵੇ, ਜਿਸ ਨੇ ਹਮੇਸ਼ਾ ਆਪਣੇ ਵਾਅਦੇ ਪੂਰੇ ਕੀਤੇ ਅਕਾਲੀ ਦਲ ਦੇ ਪ੍ਰਧਾਨ ਨੇ ਦੱਸਿਆ ਕਿ ਪਾਰਟੀ ਦਾ ਨੁਕਸਾਨ ਕਰਨ ਵਾਸਤੇ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ ਅਤੇ ਸਿੱਖ ਸੰਸਥਾਵਾਂ ਦੀ ਸ਼ਾਖ਼ ਨੂੰ ਖੋਰਾ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਦਾ ਵਿਸਥਾਰ ਕਰ ਕੇ ਉਨ੍ਹਾਂ ਨੂੰ ਸਰਕਾਰੀ ਕੰਟਰੋਲ ਅਧੀਨ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਦੋਂ ਅਕਾਲੀ ਦਲ ਨੇ ਐੱਨਡੀਏ ਛੱਡਿਆ ਤਾਂ ਇਹ ਸਭ ਕੁਝ ਸ਼ੁਰੂ ਹੋਇਆ।

ਉਨ੍ਹਾਂ ਕਿਹਾ ਕਿ ਹਾਲ ਹੀ ’ਚ ਸਿਕਿਓਰਿਟੀ ਤੇ ਹੋਰ ਲਾਲਚ ਦੇ ਕੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ ਗਈ। ਗਿਆਨੀ ਹਰਪ੍ਰੀਤ ਸਿੰਘ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਹੋਰਾਂ ਨੇ ਪੰਥ ਦੇ ਵੱਕਾਰ ਨੂੰ ਮਜ਼ਬੂਤ ਕਰਨ ਦੀ ਥਾਂ ਇਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ।

(ਬਾਕੀ ਸਫ਼ਾ 30 ’ਤੇ)

## ‘ਵਾਰਿਸ ਪੰਜਾਬ ਦੇ’ ਜਥੇਬੰਦੀ ਨੇ ਉਠਾਏ ਪੰਜਾਬ ਦੇ ਮੁੱਦੇ




ਤਲਵੰਡੀ ਸਾਬ/ਏ.ਟੀ.ਨਿਊਜ਼: ਅਕਾਲੀ ਦਲ ਵਾਰਿਸ ਪੰਜਾਬ ਦੇ ਜਥੇਬੰਦੀ ਦੀ ਕਾਨਫ਼ਰੰਸ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਪੰਥਕ ਮਸਲਿਆਂ, ਸਿੱਖ ਕੌਮ ਦੀ ਭਵਿੱਖ ਨੀਤੀ ਅਤੇ ਪੰਜਾਬ ਦੀ ਮੌਜੂਦਾ ਸਥਿਤੀ ’ਤੇ ਗੱਲ ਕੀਤੀ। ਕਾਨਫ਼ਰੰਸ ਨੂੰ ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਦੀਪ ਸਿੱਧੂ ਦੇ ਭਰਾ ਮਨਦੀਪ ਸਿੱਧੂ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੇ ਇਮਾਨ ਸਿੰਘ ਖਾਰਾ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਵਾਰਿਸ ਪੰਜਾਬ ਦੇ ਜਥੇਬੰਦੀ ਨੇ ਪੰਜਾਬ ’ਚ ਭਰੋਸੇਯੋਗ ਪ੍ਰਸ਼ਾਸਨ ਦੀ ਲੋੜ, ਕਿਸਾਨ, ਮਜ਼ਦੂਰ, ਵਪਾਰੀ ਵਰਗ ਅਤੇ ਨੌਜਵਾਨਾਂ ਦੀ ਹੱਕੀ ਲੜਾਈ ਨੂੰ ਤਰਜੀਹ ਦੇਣ ਦਾ ਮੁੱਖ ਏਜੰਡਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ’ਚ ਕਥਿਤ ਸਰਕਾਰੀ ਧੱਕੇਸ਼ਾਹੀ, ਪੰਜਾਬ ਤੇ ਸਿੱਖ ਵਿਰੋਧੀ ਫ਼ੈਸਲੇ, ਬਾਹਰਲਿਆਂ ਨੂੰ ਨੌਕਰੀਆਂ ਦੇਣੀਆਂ ਤੇ ਸੂਬੇ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਗੰਭੀਰ ਮੁੱਦੇ ਹਨ।

(ਬਾਕੀ ਸਫ਼ਾ 31 ’ਤੇ)

## ਆਪਣੇ ਫ਼ੈਸਲੇ ਆਪ ਕਰਨ ਦੇ ਸਮਰੱਥ ਬਣੇ ਸਿੱਖ ਕੌਮ: ਸਿਮਰਨਜੀਤ ਸਿੰਘ ਮਾਨ

### ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਵਿਸਾਖੀ ਮੇਲੇ ਮੌਕੇ ਕੀਤੀ ਮੀਰੀ ਪੀਰੀ ਕਾਨਫ਼ਰੰਸ

ਤਲਵੰਡੀ ਸਾਬੋ/ਏ.ਟੀ.ਨਿਊਜ਼: ਵਿਸਾਖੀ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਇੱਥੇ ਮੀਰੀ ਪੀਰੀ ਕਾਨਫਰੰਸ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸਿੱਖ ਕੌਮ ਦੀ ਗੁਲਾਮੀ, ਪੰਥਕ ਅਤੇ ਪੰਜਾਬ ਦੇ ਮੁੱਦਿਆਂ ਦੀ ਗੱਲ ਕੀਤੀ ਗਈ। ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਿੱਖ ਕੌਮ ਨੂੰ ਇਸ ਗੱਲ ਦੇ ਯਤਨ ਕਰਨੇ ਚਾਹੀਦੇ ਹਨ ਕਿ ਉਹ ਆਪਣੇ ਫੈਸਲੇ ਆਪ ਕਰਨ ਦੇ ਸਮਰੱਥ ਬਣ ਸਕੇ। ਉਨ੍ਹਾਂ ਕਿਹਾ ਕਿ ਧਾਰਮਿਕ ਖੇਤਰ ਵਿੱਚ ਕੇਂਦਰ ਦੀ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਦੁਵਿਧਾਵਾਂ ਪੈਦਾ ਹੋ ਗਈਆਂ ਹਨ। ਕੌਮ ਆਪਸੀ ਸ਼ਰੀਕੇਬਾਜ਼ੀ ਅਤੇ ਫੁੱਟ



ਦਾ ਸ਼ਿਕਾਰ ਹੋਈ ਪਈ ਹੈ। ਉਨ੍ਹਾਂ ਕਿਹਾ ਹੈ ਕਿ ਕੇਂਦਰੀ ਖੁਫ਼ੀਆ ਏਜੰਸੀਆਂ ਵਿਦੇਸ਼ਾਂ ਵਿੱਚ ਗ਼ੈਰ-ਕਾਨੂੰਨੀ ਤਰੀਕੇ ਅਪਣਾ ਕੇ ਸਿੱਖ ਆਜ਼ਾਦੀ ਪਸੰਦ ਸਿੱਖਾਂ ਨੂੰ ਸਾਜਿਸ਼ ਤਹਿਤ ਕਤਲ ਕਰ ਰਹੀਆਂ ਹਨ। ਇਸੇ ਤਹਿਤ ਹਰਿਆਣਾ ਵਿੱਚ ਦੀਪ ਸਿੱਧੂ ਅਤੇ ਪੰਜਾਬ ਵਿੱਚ ਸਿੱਧੂ ਮੂਸੇਵਾਲੇ ਨੂੰ ਖ਼ਤਮ ਕਰਵਾਇਆ ਜਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸਿੱਖ ਨੌਜਵਾਨਾਂ ਨੂੰ ਗੈਂਗਸਟਰਵਾਦ ਦੇ ਨਾਂ ਹੇਠ ਪੁਲਿਸ ਝੂਠੇ ਮੁਕਾਬਲਿਆਂ ਵਿੱਚ ਖ਼ਤਮ ਕਰਨ ਦੇ ਰਾਹ ਪੈ ਗਈ ਹੈ। ਦਹਿਸ਼ਤ ਦਾ ਮਾਹੌਲ ਪੈਦਾ ਕਰਕੇ ਭਗਵੰਤ ਮਾਨ ਸਰਕਾਰ ਆਪਣੇ ਕੀਤੇ ਵਾਅਦਿਆਂ ’ਤੇ ਪਰਦਾ ਪਾ ਰਹੀ ਹੈ। ਇਸ ਮੌਕੇ ਕਾਰਜਕਾਰੀ ਪ੍ਰਧਾਨ ਈਮਾਨ ਸਿੰਘ ਮਾਨ, ਪ੍ਰੋਫੈਸਰ ਮਹਿੰਦਰਪਾਲ ਸਿੰਘ, ਕੁਸ਼ਲਪਾਲ ਸਿੰਘ ਮਾਨ, ਕੁਲਦੀਪ ਸਿੰਘ ਭਾਗੋਵਾਲ, ਮਾਸਟਰ ਕਰਨੈਲ ਸਿੰਘ, ਹਰਪਾਲ ਸਿੰਘ ਬਲੇਰ, ਗੁਰਜੰਟ ਸਿੰਘ ਕੱਟੂ (ਸਾਰੇ ਜਰਨਲ ਸਕੱਤਰ), ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ, ਪਰਮਿੰਦਰ ਸਿੰਘ ਬਾਲਿਆਂਵਾਲੀ, ਬਹਾਦਰ ਸਿੰਘ ਭਸੌੜ, ਜਤਿੰਦਰ ਸਿੰਘ ਥਿੰਦ ਹਾਜ਼ਰ ਸਨ।

## ਰਾਜ ਦੀ ਪ੍ਰਾਪਤੀ ਲਈ ਬਹੁਜਨ ਸਮਾਜ ਨੂੰ ਇੱਕ ਹੋਣ ਦੀ ਲੋੜ: ਕਰੀਮਪੁਰੀ

ਤਲਵੰਡੀ ਸਾਬੋ/ਏ.ਟੀ.ਨਿਊਜ਼: ਇੱਥੇ ਵਿਸਾਖੀ ਮੇਲੇ ਮੌਕੇ ਬਹੁਜਨ ਸਮਾਜ ਪਾਰਟੀ ਨੇ ਸਿਆਸੀ ਕਾਨਫ਼ਰੰਸ ਕਰਦਿਆਂ ਰਾਜ ਦੀ ਪ੍ਰਾਪਤੀ ਲਈ ਬਹੁਜਨ ਸਮਾਜ ਨੂੰ ਇੱਕ ਹੋਣ ਦੀ ਅਪੀਲ ਕੀਤੀ। ਕਾਨਫ਼ਰੰਸ ਨੂੰ ਸਬੋਧਨ ਕਰਦਿਆਂ ਬਸਪਾ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਵਿੱਚ ਬਦਲਾਅ ਦੇ ਨਾਂ ’ਤੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਦਲਿਤਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਲਈ ਹਾਲਾਤ ਹੋਰ ਵੀ ਮਾੜੇ ਬਣ ਗਏ ਹਨ। ਇਸ ਸਰਕਾਰ ਨੇ ਜਿੱਥੇ ਦਲਿਤ ਭਲਾਈ ਸਕੀਮਾਂ ਤਕਰੀਬਨ ਬੰਦ ਹੀ ਕਰ ਦਿੱਤੀਆਂ ਹਨ, ਉੱਥੇ ਪੰਜਾਬ ਦੇ ਕਿਸਾਨੀ ਸੰਘਰਸ਼ ਨੂੰ ਸੱਟ ਮਾਰ ਕੇ ਇਹ ਦੱਸ ਦਿੱਤਾ ਹੈ ਕਿ ਉਨ੍ਹਾਂ ਦਾ ਪੰਜਾਬ ਜਾਂ ਪੰਜਾਬੀਆਂ ਦੇ ਸਰੋਕਾਰਾਂ ਨਾਲ ਕੋਈ ਵਾਹ ਵਾਸਤਾ ਨਹੀਂ। ਬਸਪਾ ਦੇ ਸੂਬਾਈ ਪ੍ਰਧਾਨ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤਾਂ ਦੀ ਇਸ ਸਰਕਾਰ ਵਿੱਚ ਲਗਾਤਾਰ ਬੇਅਦਬੀ ਹੋ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹੁਣ ਲੋਕ 2027 ਵਿੱਚ ਬਸਪਾ ਨੂੰ ਇੱਕ ਮੌਕਾ ਦੇਣ।

ਇਸ ਮੌਕੇ ਬਸਪਾ ਇੰਚਾਰਜ ਕੁਲਦੀਪ ਸਿੰਘ ਸਰਦੂਲਗੜ੍ਹ, ਸੂਬਾ ਜ਼ੋਨ ਇੰਚਾਰਜ ਮਾ. ਜਗਦੀਪ ਸਿੰਘ ਗੋਗੀ, ਲਖਵੀਰ ਸਿੰਘ ਨਿੱਕਾ, ਮੀਨਾ ਰਾਣੀ, ਸ਼ੀਲਾ ਰਾਣੀ, ਐਡਵੋਕੇਟ ਨਿਰਮਲ ਸਿੰਘ, ਐਡਵੋਕੇਟ ਰਾਜਿੰਦਰ ਰਾਜੂ, ਮਹਿੰਦਰ ਭੱਟੀ, ਰਾਜਿੰਦਰ ਸਿੰਘ ਭੀਖੀ, ਜੋਗਿੰਦਰ ਸਿੰਘ, ਜ਼ਿਲ੍ਹਾ ਪ੍ਰਧਾਨ ਬਾਬੂ ਸਿੰਘ ਮੌਜੂਦ ਸਨ।

# ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਪਸ਼ੂ ਧਨ ਵਿੱਚ ਕਮੀ ਆਉਣ ਕਾਰਨ ਨਕਲੀ ਦੁੱਧ ਵਿਕਣ ਲੱਗਿਆ

## ਕੇਂਦਰ ਚਿੰਤਤ, ਨਕਈ ਨੇ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ

ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਪਸ਼ੂ ਧਨ ਵਿੱਚ ਆਈ ਕਮੀ ਰਾਜ ਦੇ ਡੇਅਰੀ ਖੇਤਰ ਦੀ ਲਾਵਾਰਸੀ ਵੱਲ ਧਿਆਨ ਖਿੱਚ ਰਹੀ ਹੈ। ਪੰਜ ਸਾਲਾਂ ਬਾਅਦ ਕੀਤੀ ਜਾਂਦੀ ਪਸ਼ੂ ਗਣਨਾ ਦੀ ਮੁੱਢਲੀ ਰਿਪੋਰਟ ਤੋਂ ਇਹ ਖ਼ੁਲਾਸਾ ਹੋਇਆ ਹੈ ਕਿ ਪੰਜਾਬ ਵਿੱਚ 2019 ਵਿੱਚ ਕੁੱਲ ਪਸ਼ੂ ਧਨ 73,81,540 ਲੱਖ ਤੋਂ ਘਟ ਕੇ 68,03,196 ਲੱਖ ਰਹਿ ਗਿਆ ਹੈ; ਭਾਵ, ਪਸ਼ੂਆਂ ਦੀ ਗਿਣਤੀ 5.78 ਲੱਖ ਘਟ ਗਈ ਹੈ ਜਿਨ੍ਹਾਂ ਵਿੱਚ ਸਭ ਤੋਂ ਵੱਧ 5.22 ਲੱਖ ਦੀ ਕਮੀ ਮੱਝਾਂ ਦੀ ਗਿਣਤੀ ਵਿੱਚ ਆਈ ਹੈ। ਕੁਝ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਬਹੁਤੇ ਘਰਾਂ ਵਿੱਚ ਦੁਧਾਰੂ ਪਸ਼ੂ ਖੜ੍ਹੇ ਮਿਲਦੇ ਸਨ। ਬਹੁਤੇ ਲੋਕ ਆਪਣੀਆਂ ਘਰੇਲੂ ਜ਼ਰੂਰਤਾਂ ਲਈ ਦੁੱਧ, ਲੱਸੀ ਤੇ ਮੱਖਣ ਦੀ ਪੂਰਤੀ ਤੋਂ ਇਲਾਵਾ ਦੋਧੀਆਂ ਨੂੰ ਜਾਂ ਡੇਅਰੀਆਂ ’ਤੇ ਦੁੱਧ ਵੇਚਦੇ ਸਨ ਜਿਸ ਨਾਲ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਮਦਦ ਮਿਲਦੀ ਸੀ ਪਰ ਹੁਣ ਪਿੰਡਾਂ ਵਿੱਚ ਵੀ ਬਹੁਤੇ ਘਰ ਪਸ਼ੂਆਂ ਤੋਂ ਖਾਲੀ ਹੋ ਗਏ ਹਨ।



ਮੱਝਾਂ ਦੀ ਗਿਣਤੀ ਵਿੱਚ ਕਮੀ ਦਾ ਪੰਜਾਬ ਵਿੱਚ ਦੁੱਧ ਦੀ ਪੈਦਾਵਾਰ ਤੇ ਸਪਲਾਈ ਉੱਪਰ ਸਿੱਧਾ ਅਸਰ ਪੈਣਾ ਚਾਹੀਦਾ ਸੀ ਪਰ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਮੁਤਾਬਿਕ ਲੋਕ ਹੁਣ ਤਜਾਰਤੀ ਡੇਅਰੀ ਫਾਰਮਾਂ ਨੂੰ ਤਰਜੀਹ ਦੇ ਰਹੇ ਹਨ ਜਿਨ੍ਹਾਂ ਵਿੱਚ ਮੱਝਾਂ ਦੇ ਮੁਕਾਬਲੇ ਐੱਚ.ਐੱਫ. ਨਸਲ ਦੀਆਂ ਗਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਤਜਾਰਤੀ ਡੇਅਰੀ ਫਾਰਮਾਂ ਲਈ ਸਰਕਾਰ ਅਤੇ ਬੈਂਕਾਂ ਤੋਂ ਕਰਜ਼ੇ ਅਤੇ ਹੋਰ ਸਹੂਲਤਾਂ ਉਪਲਬਧ ਹਨ ਪਰ ਘਰਾਂ ਵਿੱਚ ਦੁਧਾਰੂ ਪਾਲਤੂ ਪਸ਼ੂਆਂ ਦੀ ਗਿਣਤੀ ਨਾਲ ਛੋਟੀ ਕਿਸਾਨੀ ਅਤੇ ਦਲਿਤ ਪਰਿਵਾਰਾਂ ਲਈ ਸਵੈ-ਰੁਜ਼ਗਾਰ ਦਾ ਚੰਗਾ ਬਦਲ ਖੁੱਸ ਰਿਹਾ ਹੈ। ਇਸ ਰੁਝਾਨ ਦੇ ਕਾਰਨ ਵੀ ਅਹਿਮ ਹਨ ਜਿਨ੍ਹਾਂ ਵਿੱਚ ਖੇਤੀ ਲਈ ਜ਼ਮੀਨਾਂ ਘਟਣ ਤੇ ਰਹਿਣ-ਸਹਿਣ ਵਿੱਚ ਤਬਦੀਲੀ ਆਉਣ ਕਰ ਕੇ ਕਿਰਤ ਸੱਭਿਆਚਾਰ ਦਾ ਘਟਣਾ ਵੀ ਸ਼ਾਮਿਲ ਹੈ। ਨਵੀਂ ਪੀੜ੍ਹੀ ਵਿੱਚ ਪਸ਼ੂ ਪਾਲਣ ਅਤੇ ਖ਼ੁਦ ਖੇਤੀ ਜਿਹੇ ਧੰਦਿਆਂ ਪ੍ਰਤੀ ਚੇਟਕ ਘਟ ਰਹੀ ਹੈ। ਢੁੱਕਵੀਂ ਆਮਦਨ ਦੀ ਘਾਟ ਇਸ ਦਾ ਮੁੱਖ ਕਾਰਨ ਹੈ। ਦੁੱਧ ਸਾਡੇ ਸਰੀਰਕ ਤੇ ਮਾਨਸਿਕ ਵਿਕਾਸ ਦਾ ਅਹਿਮ ਕਾਰਕ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਘਟਣ ਦੇ ਬਾਵਜੂਦ ਦੁੱਧ ਦੀ ਸਪਲਾਈ ’ਤੇ ਕੋਈ ਫ਼ਰਕ ਨਹੀਂ ਪੈ ਰਿਹਾ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਨਕਲੀ ਦੁੱਧ ਦੀ ਪੈਦਾਵਾਰ ਤੇ ਸਪਲਾਈ ਵਧ ਰਹੀ ਹੈ ਜੋ ਰਾਜ ਵਿੱਚ ਪਸ਼ੂ ਪਾਲਣ ਦੇ ਧੰਦੇ ਲਈ ਖ਼ਤਰਾ ਬਣ ਰਿਹਾ ਹੈ। ਨਕਲੀ ਦੁੱਧ ਦਾ ਕਾਰੋਬਾਰ ਬਹੁਤ ਦੂਰ ਤੱਕ ਫੈਲਿਆ ਹੋਇਆ ਹੈ ਅਤੇ ਇਸ ਨੂੰ ਜੜ੍ਹੋਂ ਪੁੱਟਣ ਲਈ ਹਾਲੇ ਤੱਕ ਪੰਜਾਬ ਸਰਕਾਰ ਨੇ

(ਬਾਕੀ ਸਫ਼ਾ 30 ’ਤੇ)

# ਖ਼ਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਵਿਖੇ ਸ਼ਰਧਾਲੂਆਂ ਦਾ ਆਇਆ ਸੈਲਾਬ

ਅੰਮ੍ਰਿਤਸਰ/ਏ.ਟੀ.ਨਿਊਜ਼: ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਤਿਉਹਾਰ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਮੱਥਾ ਟੇਕਿਆ। ਸ਼ਰਧਾਲੂਆਂ ਨੇ ਪਾਵਨ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਐਤਵਾਰ ਵਾਲੇ ਦਿਨ ਹੋਣ ਕਾਰਨ ਇੱਥੇ ਸੰਗਤ ਦੀ ਭਾਰੀ ਆਮਦ ਹੋਈ।



ਇਸ ਪਾਵਨ ਦਿਹਾੜੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਦਾ ਪ੍ਰਬੰਧ ਕੀਤਾ ਗਿਆ। ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਵੀ ਦਰਬਾਰ ਕਰਵਾਇਆ ਗਿਆ।

ਰਾਤ ਨੂੰ ਦੀਪਮਾਲਾ ਕੀਤੀ ਗਈ ਅਤੇ ਰਹਿਰਾਸ ਦੇ ਪਾਠ ਉਪਰੰਤ ਆਤਿਸ਼ਬਾਜ਼ੀ ਵੀ ਚਲਾਈ ਗਈ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਅੱਜ ਤੜਕੇ ਕਿਵਾੜ ਖੁੱਲ੍ਹਣ ਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਹੋਣ ਵੇਲੇ ਤੋਂ ਹੀ ਵੱਡੀ ਗਿਣਤੀ ਵਿੱਚ ਸੰਗਤ ਦੀ ਦਰਸ਼ਨਾਂ ਲਈ ਆਮਦ ਸ਼ੁਰੂ ਹੋਈ ਤੇ ਸ਼ਾਮ ਵੇਲੇ ਤੱਕ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਉਨ੍ਹਾਂ ਦੱਸਿਆ ਕਿ ਸੰਗਤ ਲਈ ਸ੍ਰੀ ਗੁਰੂ ਰਾਮਦਾਸ ਲੰਗਰ ਹਾਲ 'ਚ ਵਿਸ਼ੇਸ਼ ਪਕਵਾਨਾਂ ਦਾ ਵੀ ਪ੍ਰਬੰਧ ਕੀਤਾ ਗਿਆ।ਇਸ ਦੌਰਾਨ ਸੰਗਤ ਵੱਲੋਂ ਖ਼ਾਲਸਾ ਸਾਜਨਾ ਦਿਵਸ ਤੇ ਵਿਸਾਖੀ ਦੇ ਸਬੰਧ ਵਿੱਚ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਲੰਗਰ ਲਾਏ ਗਏ। ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਗੁਰਦੁਆਰਿਆਂ ਵਿੱਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ, ਜਿੱਥੇ ਜਥਿਆਂ ਨੇ ਕੀਰਤਨ ਤੇ ਕਥਾ ਵਿਚਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਗੁਰੂ ਦੇ ਲੰਗਰ ਅਤੁੱਟ ਵਰਤੇ।

# ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਲੱਖਾਂ ਸ਼ਰਧਾਲੂ ਨਤਮਸਤਕ



ਤਲਵੰਡੀ ਸਾਬੋ/ ਏ.ਟੀ.ਨਿਊਜ਼ : ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸਾਖੀ ਮੇਲੇ ਮੌਕੇ ਲੱਖਾਂ ਦੀ ਤਾਦਾਦ ਵਿੱਚ ਪਹੁੰਚੇ ਸ਼ਰਧਾਲੂਆਂ ਨੇ ਪਵਿੱਤਰ ਸਰੋਵਰਾਂ ਵਿੱਚ ਇਸ਼ਨਾਨ ਕਰਕੇ ਤਖ਼ਤ ਸਾਹਿਬ ਸਣੇ ਇੱਥੋਂ ਦੇ ਹੋਰ ਗੁਰਦੁਆਰਿਆਂ ਵਿੱਚ ਮੱਥਾ ਟੇਕਿਆ। ਮੇਲੇ ਦੇ ਤੀਜੇ ਦਿਨ ਸਵੇਰੇ ਤਖ਼ਤ ਦਮਦਮਾ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਵਿੱਚ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਤਖ਼ਤ ਸਾਹਿਬ ਵਿਖੇ ਪਾਠ ਦੇ ਭੋਗ ਉਪਰੰਤ ਤਖ਼ਤ ਦਮਦਮਾ ਦੇ ਸਿੰਘ ਸਾਹਿਬ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਸੰਗਤ ਨੂੰ ਖ਼ਾਲਸੇ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ ਤੇ ਸਿੱਖ ਧਰਮ ਵਿੱਚ ਵਿਸਾਖੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਸਿੰਘ ਸਾਹਿਬ ਨੇ ਸੰਗਤ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦਾ ਸੰਦੇਸ਼ ਵੀ ਦਿੱਤਾ। ਇਸ ਤੋਂ ਇਲਾਵਾ ਸੰਤ ਸੇਵਕ ਬੁੰਗਾ ਮਸਤੂਆਣਾ ਸਾਹਿਬ, ਗੁਰਦੁਆਰਾ ਦੇਗਸਰ ਬੇਰ ਸਾਹਿਬ ਮੁੱਖ ਛਾਉਣੀ ਬੁੱਢਾ ਦਲ (ਨਿਹੰਗ ਸਿੰਘਾਂ), ਗੁਰਦੁਆਰਾ ਬੁੰਗਾ ਨਾਨਕਸਰ ਆਦਿ ਧਾਰਮਿਕ ਅਸਥਾਨਾਂ 'ਤੇ ਵੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। (ਬਾਕੀ ਸਫ਼ਾ 31 'ਤੇ)

# ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਕੀਤੀ : ਭਗਵੰਤ ਮਾਨ

## ਪੰਜਾਬ ਦੇ ਮੁੱਖ ਮੰਤਰੀ ਨੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਮੱਥਾ ਟੇਕਿਆ



ਪਟਿਆਲਾ/ਏ.ਟੀ.ਨਿਊਜ਼: ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਵਧਾਈ ਦਿੱਤੀ। ਉਹ ਵਿਸਾਖੀ ਮੌਕੇ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਸਣੇ ਇੱਥੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਗੁਰਦੁਆਰੇ ਦੇ ਮੈਨੇਜਰ ਨਿਸ਼ਾਨ ਸਿੰਘ ਜਫਰਵਾਲ, ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਅਤੇ ਮੀਤ ਮੈਨੇਜਰ ਭਾਗ ਸਿੰਘ ਚੌਹਾਨ ਨੇ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਤਨੀ ਨੂੰ ਸਿਰੋਪਾਓ ਅਤੇ ਗੁਰਦੁਆਰਾ ਸਾਹਿਬ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਉਨ੍ਹਾਂ ਨੇ ਪ੍ਰਬੰਧਕਾਂ ਨਾਲ ਵੱਖਰੇ ਤੌਰ 'ਤੇ ਵੀ ਮੁਲਾਕਾਤ ਕੀਤੀ ਤੇ ਮੈਨੇਜਰ ਨਿਸ਼ਾਨ ਸਿੰਘ ਜਫਰਵਾਲ ਵੱਲੋਂ ਗੁਰਦੁਆਰੇ ਨਾਲ ਸਬੰਧਿਤ ਕੁਝ ਜ਼ਰੂਰੀ ਕਾਰਜ ਦੱਸਣ 'ਤੇ ਮੁੱਖ ਮੰਤਰੀ ਨੇ ਤੁਰੰਤ ਹੀ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੂੰ ਮੀਟਿੰਗ ਵਾਲੇ ਕਮਰੇ 'ਚ ਬੁਲਾ ਕੇ ਲੋੜੀਂਦੇ ਕਾਰਜ ਕਰਵਾਉਣ ਦੀ ਤਾਕੀਦ ਵੀ ਕੀਤੀ। ਮੁੱਖ ਮੰਤਰੀ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਪੇਸ਼ ਕੀਤੇ ਗਏ ਬਜਟ 'ਚ ਗੁਰੂ ਤੇਗ ਬਹਾਦਰ ਦੀ ਯਾਦ ਨਾਲ ਸਬੰਧਤ ਗੁਰਧਾਮਾਂ ਦੇ ਕਾਰਜਾਂ ਲਈ 50 ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ। ਇਸ ਤੋਂ ਪਹਿਲਾਂ ਵਿਸਾਖੀ ਮੌਕੇ ਮੁੱਖ ਮੰਤਰੀ ਨੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ ਰਹਿਤ ਸਮਾਜ ਦੀ ਸਿਰਜਣਾ ਕੀਤੀ।

# ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਕਿਸਾਨ ਆਗੂ ਡੱਲੇਵਾਲ


ਅੰਮ੍ਰਿਤਸਰ/ਏ.ਟੀ.ਨਿਊਜ਼: ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਪਿਛਲੇ ਦਿਨੀਂ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਕਿਸਾਨ ਮੋਰਚੇ ਨੂੰ ਅੰਜਾਮ ਤੱਕ ਲੈ ਕੇ ਜਾਣ ਲਈ ਅਰਦਾਸ ਕੀਤੀ। ਉਨ੍ਹਾਂ ਇੱਥੇ ਹੈਰੀਟੇਜ ਸਟਰੀਟ ਵਿੱਚ ਸਿੱਖ ਆਗੂ ਭਾਈ ਬਲਦੇਵ ਸਿੰਘ ਵਡਾਲਾ ਵੱਲੋਂ 328 ਲਾਪਤਾ ਸਰੂਪਾਂ ਦੇ ਮਾਮਲੇ ਵਿੱਚ ਨਿਰੰਤਰ ਚੱਲ ਰਹੇ ਧਰਨੇ ਵਿੱਚ ਵੀ ਸ਼ਮੂਲੀਅਤ ਕੀਤੀ ਅਤੇ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਪਿੰਡ ਕੁਹਾਲੀ ਵਿੱਚ ਕਿਸਾਨ ਮਜ਼ਦੂਰ ਮਹਾਂਪੰਚਾਇਤ ਵਿੱਚ ਸ਼ਮੂਲੀਅਤ ਕੀਤੀ।



ਮੀਡੀਆ ਨਾਲ ਗੱਲਬਾਤ ਦੌਰਾਨ ਕਿਸਾਨ ਆਗੂ ਨੇ ਦੋਸ਼ ਲਾਇਆ ਕਿ ਕਿਸਾਨਾਂ ਦੇ ਮਾਮਲੇ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੋਵੇਂ ਘਿਉ ਖਿਚੜੀ ਹਨ। ਪਹਿਲਾਂ ਸੂਬਾ ਸਰਕਾਰ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਦੱਸਦੀ ਸੀ। ਜਦੋਂ ਕਿਸਾਨ ਮੋਰਚੇ ਨੂੰ ਢਾਹ ਢੇਰੀ ਕੀਤਾ ਗਿਆ ਤਾਂ ਉਸ ਵੇਲੇ ਲੱਗਦਾ ਸੀ ਕਿ ਮੋਰਚਾ ਖ਼ਤਮ ਹੋ ਗਿਆ ਹੈ ਪਰ ਲੋਕਾਂ ਦਾ ਗੁੱਸਾ ਸਰਕਾਰ ਪ੍ਰਤੀ ਸਾਹਮਣੇ ਆ ਰਿਹਾ ਹੈ ਅਤੇ ਲੱਗਦਾ ਹੈ ਕਿ ਲੋਕਾਂ ਦਾ ਗੁੱਸਾ ਆਉਣ ਵਾਲੀਆਂ ਚੋਣਾਂ 2027 ਤੱਕ ਕਾਇਮ ਰਹੇਗਾ। ਉਨ੍ਹਾਂ ਅੱਜ ਗੁਰੂ ਘਰ ਵਿੱਚ ਮੱਥਾ ਟੇਕਿਆ ਅਤੇ ਗੁਰੂ ਚਰਨਾਂ ਵਿੱਚ ਕਿਸਾਨ ਮੋਰਚੇ ਨੂੰ ਅੰਜਾਮ ਤੱਕ ਲੈ ਕੇ ਜਾਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ। ਭਾਈ ਬਲਦੇਵ ਸਿੰਘ ਵਡਾਲਾ ਵੱਲੋਂ ਸ਼ੁਰੂ ਕੀਤੇ ਗਏ ਮੋਰਚੇ ਨੂੰ ਸਮਰਥਨ ਦਿੱਤਾ।

ਕਿਸਾਨ ਮਜ਼ਦੂਰ ਮਹਾਂਪੰਚਾਇਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੂੰ ਚੰਗਾ ਸਮਰਥਨ ਮਿਲ ਰਿਹਾ ਹੈ। ਪੰਜਾਬ ਤੋਂ ਇਲਾਵਾ ਹਰਿਆਣਾ ਤੇ ਦੱਖਣੀ ਭਾਰਤ ਦੇ ਸੂਬਿਆਂ ਵਿੱਚੋਂ ਵੀ ਇਸ ਮਹਾਂਪੰਚਾਇਤ ਦੀ ਮੰਗ ਆ ਰਹੀ ਹੈ।

# ਦੋ ਹਫ਼ਤਿਆਂ ਲਈ ਪੈਰੋਲ 'ਤੇ ਬੰਦੀ ਸਿੰਘ ਗੁਰਦੀਪ ਸਿੰਘ ਖੈੜਾ ਦੀ ਹੋਈ ਰਿਹਾਈ



ਬਾਬਾ ਬਕਾਲਾ/ਏ.ਟੀ.ਨਿਊਜ਼: ਬਾਬਾ ਬਕਾਲਾ ਸਾਹਿਬ ਉਪ ਮੰਡਲ ਦੇ ਪਿੰਡ ਜੱਲੂਪੁਰ ਖੈੜਾ ਨਿਵਾਸੀ ਬੰਦੀ ਸਿੰਘ ਭਾਈ ਗੁਰਦੀਪ ਸਿੰਘ ਖੈੜਾ ਨੂੰ ਦੋ ਹਫਤਿਆਂ ਲਈ ਪੈਰੋਲ 'ਤੇ ਰਿਹਾਈ ਮਿਲੀ ਹੈ । ਰਿਹਾਈ ਉਪਰੰਤ ਗੁਰਦੀਪ ਸਿੰਘ ਖੈੜਾ ਆਪਣੀ ਪਤਨੀ ਬੀਬੀ ਗੁਰਜੀਤ ਕੌਰ ਸਮੇਤ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਗੁਰੂ ਘਰ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ 9 ਤੋਂ 23 ਅਪ੍ਰੈਲ ਤੱਕ ਪੈਰੋਲ ਮਿਲੀ ਹੈ, ਇਸ ਦੌਰਾਨ ਉਹ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨਗੇ।

# ਦਿੱਲੀ ਗੁਰਦੁਆਰਾ ਚੋਣਾਂ: ਨਵੀਂ ਵੋਟਰ ਸੂਚੀ ਲਈ ਸਮਾਂ-ਸੀਮਾ ਯਕੀਨੀ ਬਣਾਉਣ ਮੁੱਖ ਸਕੱਤਰ : ਦਿੱਲੀ ਹਾਈ ਕੋਰਟ

ਨਵੀਂ ਦਿੱਲੀ/ ਏ.ਟੀ.ਨਿਊਜ਼ : ਦਿੱਲੀ ਹਾਈ ਕੋਰਟ ਨੇ ਮੁੱਖ ਸਕੱਤਰ ਨੂੰ ਅਗਸਤ 'ਚ ਹੋਣ ਵਾਲੀਆਂ ਗੁਰਦੁਆਰਾ ਚੋਣਾਂ ਲਈ ਨਵੀਂ ਵੋਟਰ ਸੂਚੀ ਤਿਆਰ ਕਰਨ ਲਈ ਇੱਕ ਖ਼ਾਸ ਸਮਾਂ-ਸੀਮਾ 'ਤੇ ਕਾਇਮ ਰਹਿਣ ਨੂੰ ਯਕੀਨੀ ਬਣਾਉਣ ਦੇ ਹੁਕਮ ਦਿਤੇ ਹਨ। ਅਦਾਲਤ ਨੇ ਕਿਹਾ ਕਿ ਵੋਟਿੰਗ ਪ੍ਰਕਿਰਿਆ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਯਮਾਂ ਅਨੁਸਾਰ ਹੋਵੇਗੀ।




ਹਾਈ ਕੋਰਟ ਨੇ ਦਿੱਲੀ ਦੇ ਮੁੱਖ ਸਕੱਤਰ ਨੂੰ ਗੁਰਦੁਆਰਾ ਚੋਣਾਂ ਡਾਇਰੈਕਟੋਰੇਟ ਲਈ ਲੋੜੀਂਦੀ ਮਨੁੱਖੀ ਸ਼ਕਤੀ ਨੂੰ ਯਕੀਨੀ ਬਣਾਉਣ ਦੇ ਹੁਕਮ ਦਿਤੇ ਤਾਂ ਜੋ ਪ੍ਰਕਿਰਿਆ ਤੇਜ਼ੀ ਨਾਲ ਸ਼ੁਰੂ ਹੋਈ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੀਆਂ ਅਗਲੀਆਂ ਚੋਣਾਂ ਤੋਂ ਪਹਿਲਾਂ ਪੂਰੀ ਹੋ ਗਈ।

ਜਸਟਿਸ ਮਿੰਨੀ ਪੁਸ਼ਕਰਨਾ ਨੇ ਇਸ ਤੱਥ ਨੂੰ ਗੰਭੀਰਤਾ ਨਾਲ ਲਿਆ ਕਿ ਵਾਰ-ਵਾਰ ਹੁਕਮਾਂ ਦੇ ਬਾਵਜੂਦ ਦਿੱਲੀ ਦੇ ਗੁਰਦੁਆਰਾ ਵਾਰਡਾਂ ਦੀਆਂ ਨਵੀਆਂ ਫੋਟੋ ਵੋਟਰ ਸੂਚੀਆਂ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਹੋਈ।

ਅਦਾਲਤ ਨੇ 8 ਅਪ੍ਰੈਲ ਦੇ ਅਪਣੇ ਹੁਕਮ 'ਚ ਕਿਹਾ ਸੀ ਕਿ 'ਜੀ.ਐਨ.ਸੀ.ਟੀ.ਡੀ. ਦੇ ਮੁੱਖ ਸਕੱਤਰ ਇਹ ਯਕੀਨੀ ਬਣਾਉਣਗੇ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਵੋਟਰਾਂ ਦੀ ਰਜਿਸਟ੍ਰੇਸ਼ਨ) ਨਿਯਮ, 1973 ਦੇ ਅਨੁਸਾਰ 46 ਵਾਰਡਾਂ ਦੀ ਨਵੀਂ ਫੋਟੋ ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਸਬੰਧਤ ਅਧਿਕਾਰੀਆਂ ਵਲੋਂ ਇਕ ਵਿਸ਼ੇਸ਼ ਸਮਾਂ-ਸੀਮਾ ਮੁਹੱਈਆ ਕਰਵਾਈ ਜਾਵੇ।'

ਸ. ਗੁਰਮੀਤ ਸਿੰਘ ਸ਼ੰਟੀ ਅਤੇ ਸ. ਪਰਮਜੀਤ ਸਿੰਘ ਖੁਰਾਣਾ ਨੇ ਅਦਾਲਤ ਤੋਂ ਮੰਗ ਕੀਤੀ ਕਿ ਉਹ ਅਧਿਕਾਰੀਆਂ ਨੂੰ ਸਾਰੇ ਵਾਰਡਾਂ ਲਈ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਅਤੇ ਮੁਕੰਮਲ ਕਰਨ ਲਈ ਹੁਕਮ ਦੇਣ। ਪਟੀਸ਼ਨ 'ਚ ਕਿਹਾ ਗਿਆ ਹੈ ਕਿ 2022 'ਚ ਅਦਾਲਤ ਦੇ ਸਪੱਸ਼ਟ ਨਿਰਦੇਸ਼ਾਂ ਦੇ ਬਾਵਜੂਦ ਨਵੀਂ ਵੋਟਰ ਸੂਚੀ ਤਿਆਰ ਨਹੀਂ ਕੀਤੀ ਗਈ।

ਹਾਈ ਕੋਰਟ ਨੇ 8 ਅਪ੍ਰੈਲ ਨੂੰ ਗੁਰਦੁਆਰਾ ਚੋਣ ਡਾਇਰੈਕਟੋਰੇਟ, ਉਪ ਰਾਜਪਾਲ ਅਤੇ ਹੋਰਾਂ ਨੂੰ ਉਸ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਸੀ, ਜਿਸ 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪ੍ਰਕਿਰਿਆ 'ਚ ਸੁਧਾਰ ਲਈ ਲੰਮੇ ਸਮੇਂ ਤੋਂ ਕਾਰਵਾਈ ਨਾ ਕਰਨ 'ਤੇ ਚਿੰਤਾ ਜ਼ਾਹਰ ਕੀਤੀ ਗਈ ਸੀ।

ਮੁੱਖ ਸਕੱਤਰ ਨੂੰ ਚਾਰ ਹਫ਼ਤਿਆਂ ਦੇ ਅੰਦਰ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੇ ਹੁਕਮ ਦਿਤੇ ਗਏ ਹਨ, ਜਿਸ ਤੋਂ ਬਾਅਦ ਮੀਟਿੰਗ ਦੇ ਵੇਰਵੇ ਅਦਾਲਤ 'ਚ ਦਾਇਰ ਕੀਤੇ ਜਾਣਗੇ। ਗੁਰਦੁਆਰਾ ਚੋਣ ਡਾਇਰੈਕਟੋਰੇਟ ਦੇ ਵਕੀਲ ਨੇ ਕਿਹਾ ਕਿ ਨਵੀਂ ਵੋਟਰ ਸੂਚੀ ਤਿਆਰ ਕਰਨ ਲਈ ਘੱਟੋ ਘੱਟ 12 ਮਹੀਨਿਆਂ ਦੀ ਲੋੜ ਹੈ। (ਬਾਕੀ ਸਫ਼ਾ 31 'ਤੇ)

# ਖ਼ਾਲਸਾ ਪੰਥ ਨੂੰ ਦੁਨੀਆਂ ਦੀ ਕੋਈ ਤਾਕਤ ਖ਼ਤਮ ਨਹੀਂ ਕਰ ਸਕਦੀ: ਜਥੇ. ਗਿ. ਕੁਲਦੀਪ ਸਿੰਘ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਖ਼ਾਲਸਾ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤ ਨੂੰ ਇੱਕਜੁਟ ਹੋਣ ਦੀ ਅਪੀਲ ਕੀਤੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਕੌਮ ਅੰਦਰ ਵੰਡੀਆਂ ਪਾਉਣ ਤੇ ਪੰਜਾਬ ਨੂੰ (ਉੜਤਾ ਪੰਜਾਬ ਕਹਿ ਕੇ) ਬਦਨਾਮ ਕਰਨ ਲਈ ਸੋਚੀ ਸਮਝੀ ਸਾਜ਼ਿਸ਼ ਤਹਿਤ ਗਲਤ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰਾਂ ਦੇ ਨਾਂ 'ਤੇ ਵੱਸਦਾ ਹੈ ਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਹੈ।



ਉਨ੍ਹਾਂ ਕਿਹਾ, "ਭਰਾਵਾਂ 'ਚ ਫੁੱਟ ਪਾਉਣ ਵਾਲੇ ਲੋਕਾਂ ਦੀ ਸਾਨੂੰ ਪਛਾਣ ਕਰਨੀ ਚਾਹੀਦੀ।" ਜਥੇਦਾਰ ਗੜਗੱਜ ਨੇ ਕਿਹਾ, "ਸਿੱਖ ਕੌਮ ਕਦੇ ਮੁੱਕ ਨਹੀਂ ਸਕਦੀ ਅਤੇ ਖ਼ਾਲਸਾ ਪੰਥ ਨੂੰ ਨਾ ਕੋਈ ਝੁਕਾ ਸਕਦਾ ਹੈ ਤੇ ਨਾ ਕੋਈ ਹਰਾ ਸਕਦਾ ਹੈ।" ਉਨ੍ਹਾਂ ਨੇ ਸਿੱਖਾਂ ਨੂੰ ਆਰਥਿਕ, ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਮਜ਼ਬੂਤ ਹੋਣ ਤੇ ਨੌਜਵਾਨਾਂ ਨੂੰ ਪਤਿਤਪੁਣਾ ਛੱਡ ਕੇਸਾਧਾਰੀ ਹੋਣ ਦੀ ਅਪੀਲ ਵੀ ਕੀਤੀ। ਇਸੇ ਦੌਰਾਨ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਤਖ਼ਤ ਕੇਸਗੜ੍ਹ ਸਾਹਿਬ ਦੇ ਕੰਪਲੈਕਸ 'ਚ ਪੰਜ ਪਿਆਰੇ ਸਹਿਬਾਨ ਤੇ ਮਾਤਾ ਸਾਹਿਬ ਕੌਰ ਨੂੰ ਸਮਰਪਿਤ ਬੁੰਗਿਆਂ ਦਾ ਉਦਘਾਟਨ ਕੀਤਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਪਰਮਾਣੂ ਤਬਾਹੀ ਤੋਂ ਸਿਰ.ਫ ਇੱਕ ਬਟਨ ਦੂਰ ਹੈ ਦੁਨੀਆਂ

ਇਸ ਸਮੇਂ ਰੂਸ-ਯੂਕ੍ਰੇਨ ਅਤੇ ਇਜ਼ਰਾਇਲ-ਫ਼ਲਸਤੀਨ ਵਿਚਾਲੇ ਯੁੱਧ ਚਲ ਰਹੇ ਹਨ। ਜਿਸ ਕਾਰਨ ਯੁੱਧ ਲੜ ਰਹੀਆਂ ਸਾਰੀਆਂ ਧਿਰਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ, ਸਭ ਤੋਂ ਜ਼ਿਆਦਾ ਨੁਕਸਾਨ ਤਾਂ ਇਹਨਾਂ ਦੇਸ਼ਾਂ ਦੇ ਆਮ ਲੋਕਾਂ ਦਾ ਹੋ ਰਿਹਾ ਹੈ, ਪਰ ਆਮ ਲੋਕਾਂ ਦੀ ਪਰਵਾਹ ਹੁੰਦੀ ਹੀ ਕਿਸ ਨੂੰ ਹੈ ? ਇਹਨਾਂ ਦੇਸ਼ਾਂ ਦੇ ਮੁੱਖ ਨੇਤਾਵਾਂ ਦੀ ਆਪਸੀ ਚੌਧਰ ਦੀ ਲੜਾਈ ਵਿੱਚ ਪੀਸੇ ਆਮ ਲੋਕ ਜਾ ਰਹੇ ਹਨ। ਰੂਸ-ਯੂਕ੍ਰੇਨ ਯੁੱਧ ਰੁਕਵਾਉਣ ਲਈ ਭਾਵੇਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਯਤਨ ਕਰ ਰਹੇ ਹਨ, ਪਰ ਉਹਨਾਂ ਨੂੰ ਆਪਣੇ ਯਤਨਾਂ ਵਿੱਚ ਅਜੇ ਤੱਕ ਸਫ਼ਲਤਾ ਨਹੀਂ ਮਿਲੀ। ਜਿਸ ਕਾਰਨ ਰੂਸ ਅਤੇ ਯੂਕ੍ਰੇਨ ਵਿਚਾਲੇ ਯੁੱਧ ਇਸ ਸਮੇਂ ਵੀ ਜਾਰੀ ਹੈ। ਦੋਵੇਂ ਧਿਰਾਂ ਵਿਚੋਂ ਕੋਈ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਹੈ। ਜੇ ਰੂਸ ਨੂੰ ਆਪਣੀ ਪਰਮਾਣੂ ਸ਼ਕਤੀ 'ਤੇ ਮਾਣ ਹੈ ਤਾਂ ਯੂਕ੍ਰੇਨ ਨੂੰ ਨਾਟੋ ਦੇਸ਼ ਖੁੱਲ੍ਹੇ ਦਿਲ ਨਾਲ ਹਥਿਆਰ ਅਤੇ ਹੋਰ ਸਹਾਇਤਾ ਦੇ ਰਹੇ ਹਨ, ਜਿਸ ਕਾਰਨ ਯੂਕ੍ਰੇਨ ਵੀ ਯੁੱਧ ਵਿੱਚ ਰੂਸ ਦਾ ਪੂਰਾ ਮੁਕਾਬਲਾ ਕਰਦਾ ਆ ਰਿਹਾ ਹੈ। ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਅਮਰੀਕਾ ਵੱਲੋਂ ਵੀ ਯੂਕ੍ਰੇਨ ਦੀ ਹਥਿਆਰ, ਪੈਸੇ ਅਤੇ ਹੋਰ ਬਹੁਤ ਤਰ੍ਹਾਂ ਦੇ ਸਮਾਨ ਨਾਲ ਵੱਡੀ ਮਦਦ ਕੀਤੀ ਗਈ ਸੀ ਪਰ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਦੀ ਨੀਤੀ ਵਿੱਚ ਵੱਡਾ ਬਦਲਾਓ ਆਇਆ ਅਤੇ ਅਮਰੀਕਾ ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਨੂੰ ਰੋਕਣ ਲਈ ਉਪਰਾਲੇ ਕਰਨ ਲੱਗਿਆ, ਜੋ ਕਿ ਅਜੇ ਵੀ ਜਾਰੀ ਹਨ।

ਜ਼ਿਕਰਯੋਗ ਹੈ ਕਿ ਰੂਸ ਅਤੇ ਯੂਕ੍ਰੇਨ ਵਿਚਕਾਰ ਜੰਗ 24 ਫ਼ਰਵਰੀ, 2022 ਨੂੰ ਸ਼ੁਰੂ ਹੋਈ ਸੀ, ਜੋ ਹੁਣ ਆਪਣੇ ਚੌਥੇ ਸਾਲ ਵਿੱਚ ਦਾਖਲ ਹੋ ਗਈ ਹੈ। ਇਸ ਯੁੱਧ ਨੇ ਲੱਖਾਂ ਲੋਕਾਂ ਦੀਆਂ ਜਾਨਾਂ ਲਈਆਂ ਹਨ ਅਤੇ ਕਈ ਸ਼ਹਿਰਾਂ ਨੂੰ ਮਲਬੇ ਵਿੱਚ ਬਦਲ ਦਿੱਤਾ ਹੈ। ਜੰਗ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ ਪਰ ਸਫ਼ਲਤਾ ਦੇ ਕੋਈ ਸੰਕੇਤ ਨਹੀਂ ਹਨ। ਜਦੋਂ ਇਹ ਯੁੱਧ ਸ਼ੁਰੂ ਹੋਇਆ ਸੀ, ਤਾਂ ਇਹ ਮੰਨਿਆ ਜਾ ਰਿਹਾ ਸੀ ਕਿ ਛੋਟਾ ਜਿਹਾ ਦੇਸ਼ ਯੂਕ੍ਰੇਨ ਕੁਝ ਦਿਨਾਂ ਜਾਂ ਹਫ਼ਤਿਆਂ ਵਿੱਚ ਰੂਸ ਅੱਗੇ ਆਤਮ ਸਮਰਪਣ ਕਰ ਦੇਵੇਗਾ, ਪਰ ਅਜਿਹਾ ਨਹੀਂ ਹੋਇਆ। ਦੋਵੇਂ ਦੇਸ਼ ਇੱਕ ਦੂਜੇ 'ਤੇ ਲਗਾਤਾਰ ਹਮਲੇ ਕਰ ਰਹੇ ਹਨ।

ਜੇ ਰੂਸ-ਯੂਕ੍ਰੇਨ ਯੁੱਧ ਦੇ ਪਿਛੋਕੜ ਵਿੱਚ ਜਾਈਏ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਲ 1991 ਵਿੱਚ ਸੋਵੀਅਤ ਯੂਨੀਅਨ ਦੇ ਭੰਗ ਹੋਣ ਤੋਂ ਬਾਅਦ, ਯੂਕ੍ਰੇਨ ਇੱਕ ਸੁਤੰਤਰ ਰਾਸ਼ਟਰ ਵਜੋਂ ਉਭਰਿਆ। ਹਾਲਾਂ ਕਿ, ਰੂਸ ਨੇ ਹਮੇਸ਼ਾ ਯੂਕ੍ਰੇਨ ਉੱਤੇ ਆਪਣਾ ਪ੍ਰਭਾਵ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਸੋਵੀਅਤ ਯੂਨੀਅਨ ਦੇ ਭੰਗ ਹੋਣ ਤੋਂ ਬਾਅਦ 2014 ਵਿੱਚ ਰੂਸ ਨੇ ਯੂਕ੍ਰੇਨ ਦੇ ਕਰੀਮੀਆ ਖੇਤਰ ਨੂੰ ਆਪਣੇ ਨਾਲ ਮਿਲਾ ਲਿਆ। ਇਸ ਤੋਂ ਬਾਅਦ, ਪੂਰਬੀ ਯੂਕ੍ਰੇਨ ਵਿੱਚ ਰੂਸ ਪੱਖੀ ਬਾਗੀ ਸਮੂਹਾਂ ਨੇ ਡੋਨੇਟਸਕ ਅਤੇ ਲੁਹਾਨਸਕ ਖੇਤਰਾਂ ਵਿੱਚ ਲੜਾਈ ਸ਼ੁਰੂ ਕਰ ਦਿੱਤੀ। ਟਕਰਾਅ ਦੀ ਚੰਗਿਆੜੀ ਭੜਕਦੀ ਰਹੀ ਅਤੇ ਅੰਤ ਵਿੱਚ ਇਹ ਇੱਕ ਵੱਡੀ ਜੰਗ ਵਿੱਚ ਬਦਲ ਗਈ। ਰੂਸ ਨੂੰ ਘੇਰਨ ਲਈ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਨੇ ਯੂਕ੍ਰੇਨ ਨੂੰ ਹਮਾਇਤ ਦੇਣੀ ਆਰੰਭ ਕਰ ਦਿੱਤੀ ਅਤੇ ਯੂਕ੍ਰੇਨ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਕੇ ਰੂਸ ਵਿਰੁੱਧ ਖੜ੍ਹਾ ਕਰ ਦਿੱਤਾ , ਜਿਸ ਕਾਰਨ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਸ਼ੁਰੂ ਹੋ ਗਈ। ਇਸ ਜੰਗ ਨੂੰ ਸ਼ੁਰੂ ਹੋਈ ਨੂੰ ਕਾਫ਼ੀ ਸਮਾਂ ਬੀਤ ਗਿਆ ਹੈ ਪਰ ਅਜੇ ਵੀ ਇਹ ਜੰਗ ਜਾਰੀ ਹੈ, ਜੋ ਕਿ ਹੁਣ ਪਰਮਾਣੂ ਹਥਿਆਰਾਂ ਦੀ ਲੜਾਈ ਤੱਕ ਪਹੁੰਚ ਸਕਦੀ ਹੈ।

ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਰੋਕਣ ਲਈ ਇਸ ਸਮੇਂ ਅਮਰੀਕਾ ਤੋਂ ਇਲਾਵਾ ਅਨੇਕਾਂ ਹੋਰ ਦੇਸ਼ ਵੀ ਸਰਗਰਮ ਹਨ ਪਰ ਉਹਨਾਂ ਦੀਆਂ ਕੋਸ਼ਿਸ਼ਾਂ ਨੂੰ ਵੀ ਬੂਰ ਨਹੀਂ ਪਿਆ। ਇਸ ਜੰਗ ਦੇ ਹੁਣ ਤੱਕ ਬਹੁਤ ਖਤਰਨਾਕ ਨਤੀਜੇ ਸਾਹਮਣੇ ਆ ਰਹੇ ਹਨ। ਪੂਰੀ ਦੁਨੀਆਂ ਵਿੱਚ ਹੀ ਇਸ ਕਾਰਨ ਮਹਿੰਗਾਈ ਬਹੁਤ ਵਧ ਗਈ ਹੈ ਅਤੇ ਦੁਨੀਆਂ ਨੂੰ ਇਸ ਜੰਗ ਕਾਰਨ ਹੋਰ ਵੀ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਜਿਸ ਤਰੀਕੇ ਨਾਲ ਦੋਵਾਂ ਦੇਸ਼ਾਂ ਵਿਚਾਲੇ ਪਰਮਾਣੂ ਜੰਗ ਹੋਣ ਦੇ ਆਸਾਰ ਬਣਦੇ ਜਾ ਰਹੇ ਹਨ, ਉਸ ਨਾਲ ਦੋਵਾਂ ਹੀ ਦੇਸ਼ਾਂ ਦੇ ਤਬਾਹ ਹੋਣ ਦਾ ਖਤਰਾ ਬਣ ਗਿਆ ਹੈ।

ਇਹ ਤਾਂ ਸਭ ਨੂੰ ਪਤਾ ਹੈ ਕਿ ਰੂਸ ਅਤੇ ਅਮਰੀਕਾ ਸਮੇਤ ਦੁਨੀਆਂ ਦੇ ਵੱਡੀ ਗਿਣਤੀ ਦੇਸ਼ਾਂ ਕੋਲ ਪਰਮਾਣੂ ਬੰਬ ਹਨ। ਇਹਨਾਂ ਪਰਮਾਣੂ ਬੰਬਾਂ ਨੂੰ ਸਿਰਫ਼ ਇੱਕ ਬਟਨ ਦਬਾ ਕੇ ਚਲਾਇਆ ਜਾ ਸਕਦਾ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਰੂਸ ਦੇ ਰਾਸ਼ਟਰਪਤੀ ਪੂਤਿਨ ਆਪਣੇ ਨਾਲ ਇੱਕ ਅਟੈਚੀ ਰੱਖਦੇ ਹਨ, ਜਿਸ ਵਿੱਚ ਅਜਿਹਾ ਸਿਸਟਮ ਹੁੰਦਾ ਹੈ ਕਿ ਉਹ ਉਸ ਸਿਸਟਮ ਵਿੱਚ ਸਿਰਫ਼ ਇੱਕ ਬਟਨ ਦਬਾ ਕੇ ਰੂਸ ਦੇ ਪਰਮਾਣੂ ਹਥਿਆਰਾਂ ਰਾਹੀਂ ਕਿਸੇ ਵੀ ਪਾਸੇ ਹਮਲਾ ਕਰ ਸਕਦੇ ਹਨ। ਇਹੋ ਜਿਹਾ ਸਿਸਟਮ ਹੀ ਅਮਰੀਕਾ ਅਤੇ ਹੋਰ ਦੇਸ਼ਾਂ ਕੋਲ ਵੀ ਦੱਸਿਆ ਜਾਂਦਾ ਹੈ। ਇਸ ਤਰ੍ਹਾਂ ਦੁਨੀਆਂ ਪਰਮਾਣੂ ਜੰਗ ਤੋਂ ਹੋਣ ਵਾਲੀ ਤਬਾਹੀ ਤੋਂ ਸਿਰਫ਼ ਇੱਕ ਬਟਨ ਹੀ ਦੂਰ ਰਹਿ ਗਈ ਹੈ। ਚਾਹੀਦਾ ਤਾਂ ਇਹ ਹੈ ਕਿ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਨੂੰ ਰੋਕਣ ਲਈ ਵੱਡੇ ਉਪਰਾਲੇ ਕੀਤੇ ਜਾਣ। ਇਸ ਜੰਗ ਨੂੰ ਰੋਕਣ ਲਈ ਦੋਵਾਂ ਦੇਸ਼ਾਂ ਨੂੰ ਹੀ ਅੱਗੇ ਆਉਣਾ ਪਵੇਗਾ। ਅਮਰੀਕਾ ਨੂੰ ਵੀ ਚਾਹੀਦਾ ਹੈ ਕਿ ਉਹ ਇਸ ਜੰਗ ਵਿਚੋਂ ਆਪਣਾ ਨਿੱਜੀ ਫ਼ਾਇਦਾ ਲੈਣ ਦੀ ਥਾਂ ਜੰਗ ਰੋਕਣ ਲਈ ਸਹੀ ਤਰੀਕੇ ਨਾਲ ਯਤਨ ਕਰੇ। ਇਸ ਦੁਨੀਆਂ ਵਿੱਚ ਅਮਨ ਸ਼ਾਂਤੀ ਦੀ ਸਥਾਪਨਾ ਲਈ ਰੂਸ-ਯੂਕ੍ਰੇਨ ਅਤੇ ਇਜ਼ਰਾਇਲ -ਫ਼ਲਸਤੀਨ ਜੰਗਾਂ ਨੂੰ ਰੋਕਣ ਦੀ ਤੁਰੰਤ ਲੋੜ ਹੈ।

# ਦੁਨੀਆਂ 'ਤੇ ਔਖੀ ਘੜੀ 'ਚ ਹਮੇਸ਼ਾ ਮਸੀਹਾ ਬਣਦੀ ਹੈ ਸਿਖ ਕੌਮ

ਰੁਪਿੰਦਰ ਕੌਰ

ਪੂਰੀ ਦੁਨੀਆਂ ਵਿੱਚ ਕਿਤੇ ਵੀ ਕਿਸੇ ਵੀ ਤਰ੍ਹਾਂ ਦਾ ਸੰਕਟ ਆਇਆ ਹੋਵੇ, ਸਿੱਖ ਹਮੇਸ਼ਾ ਅੱਗੇ ਹੋ ਕੇ ਮਦਦ ਲਈ ਪਹੁੰਚਦੇ ਹਨ। ਉਦਾਹਰਨ ਦੇ ਤੌਰ 'ਤੇ ਜਦ ਸੀਰੀਆ ਵਿੱਚ ਜੰਗ ਦੇ ਹਾਲਾਤ ਸਿਖਰ 'ਤੇ ਸਨ ਅਤੇ ਕਈ ਤਰ੍ਹਾਂ ਦੀਆਂ ਸਰਕਾਰੀ ਹਦਾਇਤਾਂ ਜਾਰੀ ਹੋਈਆਂ ਸਨ ਕਿ ਕੋਈ ਵੀ ਵਿਅਕਤੀ ਉੱਥੇ ਨਾ ਜਾਵੇ। ਪਰ ਸਿੱਖ ਵਰ੍ਹਦੀਆਂ ਗੋਲੀਆਂ ਅਤੇ ਬੰਬਾਂ ਵਿੱਚ ਵੀ ਲੋੜਵੰਦਾਂ ਲਈ ਰਾਸ਼ਨ ਅਤੇ ਹੋਰ ਜ਼ਰੂਰੀ ਸਮੱਗਰੀ ਲੈ ਕੇ ਉੱਥੇ ਪਹੁੰਚੇ ਸਨ। ਸਿੱਖਾਂ ਨੇ ਭੋਜਨ, ਪਾਣੀ, ਦਵਾਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਸਮੇਤ ਰਾਹਤ ਸਮੱਗਰੀ ਪ੍ਰਦਾਨ ਕੀਤੀ ਸੀ। ਅਜਿਹੀਆਂ ਸੇਵਾ-ਭਾਵਨਾ ਦੀਆਂ ਅਣਗਿਣਤ ਉਦਾਹਰਨਾਂ ਮਿਲਦੀਆਂ ਹਨ। ਇਸੇ ਸੇਵਾ ਭਾਵਨਾ ਕਰਕੇ ਸਿੱਖਾਂ ਦਾ ਪੂਰੀ ਦੁਨੀਆਂ ਵਿੱਚ ਸਤਿਕਾਰ ਵਧਿਆ ਹੈ।

ਕੁਝ ਦਿਨ ਪਹਿਲਾਂ ਮਿਆਂਮਾਰ ਅਤੇ ਥਾਈਲੈਂਡ ਦੇ ਸਰਹੱਦੀ ਇਲਾਕਿਆਂ ਵਿੱਚ ਭੂਚਾਲ ਆਉਣ ਕਰਕੇ ਕਾਫੀ ਨੁਕਸਾਨ ਹੋਇਆ ਹੈ। ਭੂਚਾਲ ਦਾ ਕੇਂਦਰ ਮਿਆਂਮਾਰ ਵਿੱਚ ਸੀ ਪਰ ਇਸ ਦਾ ਪ੍ਰਭਾਵ ਥਾਈਲੈਂਡ, ਚੀਨ, ਵੀਅਤਨਾਮ ਅਤੇ ਉੱਤਰ-ਪੂਰਬੀ ਭਾਰਤ ਦੇ ਕੁਝ ਹਿੱਸਿਆਂ ਸਮੇਤ ਗੁਆਂਢੀ ਦੇਸ਼ਾਂ ਵਿੱਚ ਵੀ ਮਹਿਸੂਸ ਕੀਤਾ ਗਿਆ। ਭੂਚਾਲ ਦੀ ਤੀਬਰਤਾ 7.7 ਦੱਸੀ ਗਈ ਹੈ ਜੋ ਕਿ ਕਾਫ਼ੀ ਜ਼ਿਆਦਾ ਹੈ। ਥਾਈਲੈਂਡ ਵਿੱਚ ਸਟੇਟ ਆਡਿਟ ਦਫ਼ਤਰ ਦੀ ਇਮਾਰਤ ਸਮੇਤ ਕਈ ਇਮਾਰਤਾਂ ਦੇ ਡਿੱਗਣ ਦੀਆਂ ਰਿਪੋਰਟਾਂ ਹਨ। ਇਸ ਔਖੇ ਸਮੇਂ ਜੋ ਸਿੱਖ ਥਾਈਲੈਂਡ ਵਿੱਚ ਰਹਿ ਰਹੇ ਹਨ, ਉਹ ਭਾਵੇਂ ਖੁਦ ਇਸ ਕੁਦਰਤੀ ਆਫ਼ਤ ਦਾ ਸ਼ਿਕਾਰ ਹੋਏ ਪਰ ਉਨ੍ਹਾਂ ਨੇ ਸਿੱਖ ਧਰਮ ਦੇ ਮੂਲ ਸਿਧਾਂਤ ਅਨੁਸਾਰ ਲੋੜਵੰਦਾਂ ਦੀ ਮਦਦ ਕਰਨਾ ਨਹੀਂ ਵਿਸਾਰਿਆ। ਸੋਸ਼ਲ ਮੀਡੀਆ 'ਤੇ ਇੱਕ ਵੀਡਿਓ ਵੀ ਵਾਈਰਲ ਹੋ ਰਹੀ ਹੈ ਜਿਸ ਵਿੱਚ ਇੱਕ ਸਿੱਖ ਦੁਕਾਨਦਾਰ ਪਿਆਸਿਆਂ ਨੂੰ ਪਾਣੀ ਦੀਆਂ ਬੋਤਲਾਂ ਵੰਡ ਰਿਹਾ ਹੈ।

ਇਸ ਕੁਦਰਤੀ ਆਫ਼ਤ ਨੇ ਹਜ਼ਾਰਾਂ ਲੋਕਾਂ ਨੂੰ ਬੇਘਰ ਕਰ ਦਿੱਤਾ ਅਤੇ ਬਹੁਤ ਸਾਰੇ ਲੋਕਾਂ ਦੀ ਜਾਨ ਵੀ ਲੈ ਲਈ। ਇਸ ਮੁਸ਼ਕਿਲ ਸਮੇਂ ਵਿੱਚ ਥਾਈਲੈਂਡ ਵਿੱਚ ਵੱਸਦੇ ਸਿੱਖ ਭਾਈਚਾਰੇ ਨੇ ਮਨੁੱਖਤਾ ਦੀ ਸੇਵਾ ਲਈ ਅੱਗੇ ਆ ਕੇ ਇੱਕ ਮਿਸਾਲ ਕਾਇਮ ਕੀਤੀ ਹੈ। ਭੂਚਾਲ ਦੇ ਤੁਰੰਤ ਬਾਅਦ, ਥਾਈ ਸਿੱਖਾਂ ਨੇ ਆਪਣੀਆਂ ਸੇਵਾਵਾਂ ਪੀੜਤਾਂ ਤੱਕ ਪਹੁੰਚਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਭੋਜਨ, ਪਾਣੀ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਦੇ ਰਾਹਤ ਕੈਂਪ ਸਥਾਪਿਤ ਕੀਤੇ। ਸਿੱਖ ਵਾਲੰਟੀਅਰਾਂ ਨੇ ਦਿਨ-ਰਾਤ ਇੱਕ ਕਰਕੇ ਪੀੜਤਾਂ ਦੀ ਸਹਾਇਤਾ ਕੀਤੀ। ਉਨ੍ਹਾਂ ਨੇ ਬੇਘਰ ਹੋਏ ਲੋਕਾਂ ਨੂੰ ਆਸਰਾ ਦਿੱਤਾ ਅਤੇ ਉਨ੍ਹਾਂ ਦੇ ਦੁੱਖਾਂ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ।

ਸਿੱਖ ਭਾਈਚਾਰੇ ਨੇ ਸਿਰਫ਼ ਭੋਜਨ ਅਤੇ ਦਵਾਈਆਂ ਹੀ ਨਹੀਂ ਵੰਡੀਆਂ ਸਗੋਂ ਉਨ੍ਹਾਂ ਨੇ ਮਾਨਸਿਕ ਸਹਾਇਤਾ ਵੀ ਪ੍ਰਦਾਨ ਕੀਤੀ। ਉਨ੍ਹਾਂ ਨੇ ਪੀੜਤਾਂ ਨੂੰ ਹੌਂਸਲਾ ਦਿੱਤਾ ਅਤੇ ਉਨ੍ਹਾਂ ਨੂੰ ਇਸ ਮੁਸ਼ਕਿਲ ਸਮੇਂ ਵਿੱਚ ਇਕੱਲੇ ਨਾ ਹੋਣ ਦਾ ਅਹਿਸਾਸ ਕਰਵਾਇਆ। ਸਿੱਖਾਂ ਦੀ ਇਹ ਸੇਵਾ ਭਾਵਨਾ ਸੱਚਮੁੱਚ ਸ਼ਲਾਘਾਯੋਗ ਹੈ। ਵੈਸੇ ਤਾਂ ਦੁਨੀਆ ਦਾ ਅਜਿਹਾ ਕੋਈ ਮੁਲਕ ਨਹੀਂ ਹੈ



ਜਿੱਥੇ ਪੰਜਾਬੀ ਨਾ ਵਸਦੇ ਹੋਣ ਪਰ ਜੇ ਗੱਲ ਕੀਤੀ ਜਾਵੇ ਕਿ ਥਾਈਲੈਂਡ ਵਿੱਚ ਸਿੱਖ ਕਦ ਆਏ ਤਾਂ ਇਸ ਦੇਸ਼ ਵਿੱਚ ਸਿੱਖਾਂ ਦਾ ਇਤਿਹਾਸ ਸਦੀਆਂ ਪੁਰਾਣਾ ਹੈ, ਜੋ 19ਵੀਂ ਸਦੀ ਦੇ ਅਖੀਰ ਵਿੱਚ ਸ਼ੁਰੂ ਹੁੰਦਾ ਹੈ। ਉਸ ਸਮੇਂ ਬ੍ਰਿਟਿਸ਼ ਰਾਜ ਦੇ ਦੌਰਾਨ ਬਹੁਤ ਸਾਰੇ ਸਿੱਖ ਵਪਾਰ ਅਤੇ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਵਿੱਚ ਦੱਖਣ-ਪੂਰਬੀ ਏਸ਼ੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਚਲੇ ਗਏ ਸਨ। ਥਾਈਲੈਂਡ ਜਿਸ ਨੂੰ ਉਸ ਸਮੇਂ ਸਿਆਮ ਵਜੋਂ ਜਾਣਿਆ ਜਾਂਦਾ ਸੀ, ਉਨ੍ਹਾਂ ਲਈ ਇੱਕ ਪ੍ਰਸਿੱਧ ਮੰਜ਼ਿਲ ਬਣ ਗਿਆ।

### ਸ਼ੁਰੂਆਤੀ ਆਗਮਨ ਤੇ ਸਥਾਪਨਾ

ਥਾਈਲੈਂਡ ਵਿੱਚ ਸਿੱਖ ਭਾਈਚਾਰੇ ਦਾ ਇਤਿਹਾਸ ਬਹੁਤ ਪੁਰਾਣਾ ਅਤੇ ਅਮੀਰ ਹੈ। 1880 ਦੇ ਦਹਾਕੇ ਵਿੱਚ, ਭਾਰਤ ਤੋਂ ਥਾਈਲੈਂਡ ਪਹੁੰਚਣ ਵਾਲੇ ਪਹਿਲੇ ਵਿਅਕਤੀ ਸ੍ਰੀ ਕਿਰਪਾ ਰਾਮ ਮਦਾਨ ਸਨ। ਉਹ ਥਾਈਲੈਂਡ ਦੇ ਰਾਜਾ ਰਾਮ ਚੂਲਾਲਾਂਗਕੋਰਨ(ਪੰਜਵੇਂ) ਨੂੰ ਮਿਲੇ ਅਤੇ ਉਨ੍ਹਾਂ ਨੂੰ ਆਪਣੀ ਜਾਣ-ਪਛਾਣ ਕਰਵਾਈ। ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਮਦਾਨ, ਨਰੂਲਾ ਅਤੇ ਚੌਧਰੀ ਸਨ ਜਿਨ੍ਹਾਂ ਨੇ ਥਾਈਲੈਂਡ ਵਿਚ ਪਹਿਲੇ ਭਾਰਤੀ ਡਾਇਸਪੋਰਾ ਦੀ ਨੀਂਹ ਰੱਖੀ। ਇਸ ਬਾਰੇ ਰਿਕਾਰਡ ਗੁਰਦੁਆਰਾ ਸਿੰਘ ਸਭਾ, ਬੈਂਕਾਕ ਵਿੱਚ ਉਪਲੱਬਧ ਹਨ।

ਥਾਈਲੈਂਡ ਵਿੱਚ ਸਿੱਖ ਭਾਈਚਾਰੇ ਦੇ ਆਉਣ ਦੀ ਸ਼ੁਰੂਆਤ 1890 ਵਿੱਚ ਹੋਈ ਸੀ ਜਦੋਂ ਪਹਿਲਾ ਸਿੱਖ ਵਿਅਕਤੀ ਲੱਧ ਸਿੰਘ ਥਾਈਲੈਂਡ ਪਹੁੰਚਿਆ ਸੀ। ਇਸ ਤੋਂ ਬਾਅਦ 1900 ਦੇ ਸ਼ੁਰੂਆਤੀ ਸਾਲਾਂ ਵਿੱਚ ਸਿੱਖਾਂ ਦਾ ਥਾਈਲੈਂਡ ਵਿੱਚ ਆਉਣਾ ਵਧਣ ਲੱਗਾ। 1911 ਤੱਕ, ਬਹੁਤ ਸਾਰੇ ਸਿੱਖ ਪਰਿਵਾਰਾਂ ਨੇ ਥਾਈਲੈਂਡ ਵਿਚ ਵਸਣ ਦਾ ਫ਼ੈਸਲਾ ਕੀਤਾ ਸੀ। ਇਸ ਸਮੇਂ ਬੈਂਕਾਕ ਵਿੱਚ ਕੋਈ ਗੁਰਦੁਆਰਾ ਨਹੀਂ ਸੀ। ਇਸ ਲਈ ਧਾਰਮਿਕ ਪੂਜਾ ਘਰਾਂ ਵਿੱਚ ਹਰ ਐਤਵਾਰ ਅਤੇ ਹੋਰ ਗੁਰਪੁਰਬ ਦੇ ਦਿਨ ਸਿੱਖ ਪਰਿਵਾਰਾਂ ਦੁਆਰਾ ਮਿਲ ਕੇ ਕੀਤੀ ਜਾਂਦੀ ਸੀ। 1912 ਵਿੱਚ ਸਿੱਖਾਂ ਦੀ ਵਧਦੀ ਗਿਣਤੀ ਨੂੰ ਵੇਖਦੇ ਹੋਏ ਉਨ੍ਹਾਂ ਨੇ ਇੱਕ ਗੁਰਦੁਆਰਾ ਸਥਾਪਤ ਕਰਨ ਦਾ ਫ਼ੈਸਲਾ ਕੀਤਾ। ਇਸ ਦੇ ਲਈ ਬਾਨ ਮੋਹ, ਇੱਕ ਪ੍ਰਸਿੱਧ ਵਪਾਰਕ ਖੇਤਰ ਵਿੱਚ ਲੱਕੜ ਦੇ ਘਰ ਨੂੰ ਕਿਰਾਏ 'ਤੇ ਲਿਆ ਗਿਆ। ਇਸ ਤੋਂ ਬਾਅਦ, 1913 ਵਿੱਚ, ਬੈਂਕਾਕ ਵਿੱਚ ਸਿੱਖ ਭਾਈਚਾਰੇ ਦੀ ਵਧਦੀ ਗਿਣਤੀ ਨੂੰ ਵੇਖਦੇ ਹੋਏ, ਇੱਕ ਨਵਾਂ ਅਤੇ ਵੱਡਾ ਲੱਕੜ ਦਾ ਘਰ ਪਹਾ ਰਾਟ ਅਤੇ ਚੱਕਰਪੇਟ ਰੋਡ ਦੇ ਕੋਨੇ 'ਤੇ ਕਿਰਾਏ 'ਤੇ ਲਿਆ ਗਿਆ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ ਗਈ ਅਤੇ ਨਿਯਮਿਤ ਧਾਰਮਿਕ ਪ੍ਰਾਰਥਨਾਵਾਂ ਸ਼ੁਰੂ ਹੋਈਆਂ। ਸ਼ੁਰੂਆਤੀ ਸਿੱਖ ਪ੍ਰਵਾਸੀ ਮੁੱਖ ਤੌਰ 'ਤੇ ਪੰਜਾਬ ਤੋਂ ਆਏ ਸਨ। ਉਨ੍ਹਾਂ ਨੇ ਬੈਂਕਾਕ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਛੋਟੇ ਭਾਈਚਾਰੇ ਸਥਾਪਿਤ ਕੀਤੇ। ਉਨ੍ਹਾਂ ਨੇ ਛੇਤੀ ਹੀ ਵਪਾਰ ਵਿੱਚ ਆਪਣੀ ਮਿਹਨਤ ਅਤੇ ਸਿਰੜਤਾ ਲਈ ਨਾਮਣਾ ਖੱਟ ਲਿਆ। ਖਾਸ ਕਰਕੇ ਟੈਕਸਟਾਈਲ ਅਤੇ ਖੇਤੀਬਾੜੀ ਉਤਪਾਦਾਂ ਦੇ ਖੇਤਰ ਵਿੱਚ ਉਨ੍ਹਾਂ ਨੇ ਆਪਣੇ-ਆਪ ਨੂੰ ਮਕਬੂਲ ਕਰਵਾਇਆ।

### ਵਪਾਰ ਅਤੇ ਉਦਯੋਗ

ਸਿੱਖ ਵਪਾਰੀਆਂ ਨੇ ਥਾਈਲੈਂਡ ਦੇ ਵਪਾਰ ਅਤੇ ਉਦਯੋਗ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਨੇ ਕੱਪੜੇ, ਖੇਤੀਬਾੜੀ ਉਤਪਾਦਾਂ ਅਤੇ ਹੋਰ ਵਸਤਾਂ ਦੇ ਵਪਾਰ ਵਿੱਚ ਮੁਹਾਰਤ ਹਾਸਲ ਕੀਤੀ। ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਇਮਾਨਦਾਰੀ ਨੇ ਉਨ੍ਹਾਂ ਨੂੰ ਸਥਾਨਕ ਲੋਕਾਂ ਵਿੱਚ ਸਤਿਕਾਰ ਦਿਵਾਇਆ।

### ਧਾਰਮਿਕ ਅਤੇ ਸੱਭਿਆਚਾਰਕ ਕੇਂਦਰ

ਜਿਵੇਂ-ਜਿਵੇਂ ਸਿੱਖ ਭਾਈਚਾਰਾ ਵਧਦਾ ਗਿਆ, ਉਨ੍ਹਾਂ ਨੇ ਆਪਣੇ ਧਾਰਮਿਕ ਅਤੇ ਸੱਭਿਆਚਾਰਕ ਕੇਂਦਰ ਸਥਾਪਿਤ ਕਰਨੇ ਸ਼ੁਰੂ ਕਰ ਦਿੱਤੇ। ਬੈਂਕਾਕ ਵਿੱਚ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ ਸਭ ਤੋਂ ਮਹੱਤਵਪੂਰਨ ਹੈ ਜੋ ਸਿੱਖ ਭਾਈਚਾਰੇ ਦਾ ਧਾਰਮਿਕ ਅਤੇ ਸਮਾਜਿਕ ਕੇਂਦਰ ਬਣ ਗਿਆ ਹੈ। ਇਨ੍ਹਾਂ ਗੁਰਦੁਆਰਿਆਂ ਨੇ ਸਿੱਖ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਹਿਲਾਂ ਗੁਰਦੁਆਰਿਆਂ ਵਿੱਚੋਂ ਇੱਕ ਹੈ ਜੋ 1911 ਵਿੱਚ ਸਥਾਪਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਹੋਰ ਵੀ ਕਈ ਗੁਰਦੁਆਰੇ ਥਾਈਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬਣੇ ਹਨ ਜਿਵੇਂ ਕਿ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ, ਫੂਕੇਟ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਟਾਇਆ, ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਚਿਆਂਗ ਮਾਈ। ਇਹ ਗੁਰਦੁਆਰੇ ਨਾ ਸਿਰਫ਼ ਧਾਰਮਿਕ ਸਥਾਨ ਹਨ ਸਗੋਂ ਸਿੱਖ ਭਾਈਚਾਰੇ ਦੇ ਸਮਾਜਿਕ ਅਤੇ ਸੱਭਿਆਚਾਰਕ ਕੇਂਦਰ ਵੀ ਹਨ। ਥਾਈਲੈਂਡ ਵਿੱਚ ਸਿੱਖਾਂ ਨੇ ਸਥਾਨਕ ਸਮਾਜ ਵਿੱਚ ਸਫਲਤਾਪੂਰਵਕ ਏਕੀਕਰਣ ਕੀਤਾ ਹੈ ਜਦੋਂ ਕਿ ਉਨ੍ਹਾਂ ਨੇ ਆਪਣੀ ਵਿਲੱਖਣ ਪਛਾਣ ਅਤੇ ਸੱਭਿਆਚਾਰ ਨੂੰ ਵੀ ਬਰਕਰਾਰ ਰੱਖਿਆ ਹੈ। ਥਾਈ ਲੋਕਾਂ ਨੇ ਸਿੱਖਾਂ ਦੀ ਸਖ਼ਤ ਮਿਹਨਤ, ਇਮਾਨਦਾਰੀ ਅਤੇ ਭਾਈਚਾਰਕ ਭਾਵਨਾ ਦੀ ਸ਼ਲਾਘਾ ਕੀਤੀ ਹੈ।

### ਵਰਤਮਾਨ 'ਚ ਸਿੱਖ ਭਾਈਚਾਰਾ

ਥਾਈਲੈਂਡ ਵਿੱਚ ਜ਼ਿਆਦਾਤਰ ਸਿੱਖ ਅਰੋੜਾ ਸਿੱਖ ਹਨ ਜਿਨ੍ਹਾਂ ਦੇ ਪਰਿਵਾਰ ਪਹਿਲਾਂ ਅਣਵੰਡੇ ਪੰਜਾਬ ਵਿੱਚ ਵਪਾਰ ਕਰਦੇ ਸਨ। ਇਸ ਦੂਰ-ਦੁਰਾਡੇ ਦੇਸ਼ ਵਿੱਚ ਵਪਾਰੀ ਬਣਨ ਲਈ ਉਨ੍ਹਾਂ ਕੋਲ ਲੋੜੀਂਦੇ ਹੁਨਰ ਸਨ। ਅੱਜ ਥਾਈਲੈਂਡ ਵਿੱਚ ਸਿੱਖ ਭਾਈਚਾਰਾ ਇਕ ਖੁਸ਼ਹਾਲ ਅਤੇ ਸਤਿਕਾਰਯੋਗ ਭਾਈਚਾਰਾ ਹੈ। ਉਨ੍ਹਾਂ ਨੇ ਥਾਈਲੈਂਡ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਿਛਲੇ ਦਸਾਂ ਸਾਲਾਂ ਵਿੱਚ ਕਈ ਲੋਕਾਂ ਨੇ ਨਵੇਂ ਕਾਰੋਬਾਰ ਸ਼ੁਰੂ ਕੀਤੇ ਹਨ। ਇਨ੍ਹਾਂ ਨਵੇਂ ਉੱਦਮਾਂ ਵਿੱਚ ਲੇਸ ਵਰਕ, ਕੱਪੜਾ, ਬੱਚਿਆਂ ਦੇ ਉਤਪਾਦ, ਛਪਾਈ ਅਤੇ ਰੰਗਾਈ, ਦਸਤਾਨੇ, ਜੁੱਤੇ, ਉਸਾਰੀ ਉਪਕਰਣ ਆਦਿ ਦੇ ਕਾਰਖਾਨੇ ਸ਼ਾਮਲ ਹਨ। ਹੋਰ ਲੋਕਾਂ ਨੇ ਸ਼ਹਿਰੀ ਜਾਇਦਾਦ ਬਾਜ਼ਾਰ ਵਿੱਚ ਕਦਮ ਰੱਖਿਆ ਹੈ। ਫਲੈਟ ਅਤੇ ਅਪਾਰਟਮੈਂਟਾਂ ਦਾ ਨਿਰਮਾਣ ਕੀਤਾ ਹੈ। ਕੁਝ ਲੋਕਾਂ ਨੇ ਹੁਣ ਚੰਗੀ ਤਰ੍ਹਾਂ ਵਿਕਸਤ, ਸੈਲਾਨੀ ਬਾਜ਼ਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਰੀਆਂ ਸ਼੍ਰੇਣੀਆਂ ਦੇ ਗੈਸਟ-ਹਾਊਸ ਜਾਂ ਹੋਟਲ ਸ਼ੁਰੂ ਕੀਤੇ ਹਨ। ਪਟਾਇਆ ਅਤੇ ਫੂਕੇਟ ਵਰਗੇ ਰਿਜ਼ੋਰਟ ਸ਼ਹਿਰਾਂ ਵਿੱਚ ਸਿੱਖਾਂ ਦੁਆਰਾ ਚਲਾਈਆਂ ਜਾਂਦੀਆਂ ਕਈ ਦਰਜ਼ੀ ਦੀਆਂ ਦੁਕਾਨਾਂ ਹਨ ਜਿਵੇਂ ਕਿ ਬੈਂਕਾਕ ਵਿੱਚ ਵੀ, ਖਾਸ ਕਰਕੇ ਸੁਖੁਮਵਿਤ, ਸਿਲੋਮ ਅਤੇ ਬੰਗਲਾਮਫੂ ਦੇ ਇਲਾਕਿਆਂ ਵਿੱਚ। ਕੁੱਲ ਮਿਲਾ ਕੇ ਸਿੱਖ ਥਾਈਲੈਂਡ ਵਿੱਚ ਲਗਪਗ 500 ਦਰਜ਼ੀ ਦੀਆਂ ਦੁਕਾਨਾਂ ਚਲਾਉਂਦੇ ਹਨ।

### ਵਪਾਰ ਅਤੇ ਕਾਰੋਬਾਰ

ਸਿੱਖ ਅਜੇ ਵੀ ਥਾਈਲੈਂਡ ਦੇ ਵਪਾਰ ਅਤੇ ਕਾਰੋਬਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਵੱਖ-ਵੱਖ ਖੇਤਰਾਂ ਵਿੱਚ ਸਫਲ ਕਾਰੋਬਾਰ ਸਥਾਪਿਤ ਕੀਤੇ ਹਨ ਜਿਸ ਵਿੱਚ ਟੈਕਸਟਾਈਲ, ਰੀਅਲ ਅਸਟੇਟ ਅਤੇ ਰੈਸਟੋਰੈਂਟ ਸ਼ਾਮਲ ਹਨ।

### ਸਿੱਖਿਆ ਤੇ ਪੇਸ਼ੇਵਰ

ਸਿੱਖਾਂ ਨੇ ਸਿੱਖਿਆ ਅਤੇ ਪੇਸ਼ੇਵਰ ਖੇਤਰਾਂ ਵਿੱਚ ਵੀ ਮਹੱਤਵਪੂਰਨ ਤਰੱਕੀ ਕੀਤੀ ਹੈ। ਬਹੁਤ ਸਾਰੇ ਸਿੱਖ ਡਾਕਟਰ, ਇੰਜੀਨੀਅਰ, ਵਕੀਲ ਅਤੇ ਹੋਰ ਪੇਸ਼ੇਵਰ ਹਨ।

### ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ

ਸਿੱਖ ਭਾਈਚਾਰਾ ਆਪਣੇ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੈ। ਗੁਰਦੁਆਰੇ ਭਾਈਚਾਰੇ ਲਈ ਮਹੱਤਵਪੂਰਨ ਕੇਂਦਰ ਬਣੇ ਹੋਏ ਹਨ ਅਤੇ ਸਿੱਖ ਵੱਖ-ਵੱਖ ਸਮਾਜਿਕ ਅਤੇ ਚੈਰੀਟੇਬਲ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਹਨ।

### ਥਾਈਲੈਂਡ 'ਚ ਸਿੱਖ ਆਬਾਦੀ

ਥਾਈਲੈਂਡ 'ਚ ਅੰਦਾਜ਼ਨ 70,000 ਸਿੱਖ ਰਹਿੰਦੇ ਹਨ। ਸਿੱਖ ਧਰਮ ਨੂੰ ਦੇਸ਼ ਵਿੱਚ ਘੱਟ ਗਿਣਤੀ ਧਰਮ ਵਜੋਂ ਮਾਨਤਾ ਪ੍ਰਾਪਤ ਹੈ। ਸਿੱਖ ਭਾਈਚਾਰਾ ਮੁੱਖ ਤੌਰ 'ਤੇ ਸ਼ਹਿਰੀ ਖੇਤਰਾਂ ਵਿੱਚ ਕੇਂਦਰਿਤ ਹੈ ਜਿਸ ਵਿੱਚ ਬੈਂਕਾਕ, ਚਿਆਂਗ ਮਾਈ, ਨਾਖੋਨ ਰਾਚਸੀਮਾ, ਪਟਾਇਆ, ਫੂਕੇਟ, ਉਬੋਨ ਰਾਚਥਾਨੀ ਆਦਿ ਸ਼ਾਮਲ ਹਨ। ਇਸ ਵਾਰ ਥਾਈਲੈਂਡ ਦੀ ਧਰਤੀ 'ਤੇ ਵੀ ਲੋਹੜੀ ਦਾ ਤਿਉਹਾਰ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੇ ਵੀ ਆਪਣੇ ਰਿਵਾਇਤਾਂ ਨੂੰ ਜਿਊਂਦਾ ਰੱਖਿਆ ਅਤੇ ਇਸ ਸ਼ਾਨਦਾਰ ਸਮਾਗਮ ਵਿੱਚ ਭਾਗ ਲਿਆ। ਰੰਗ-ਬਿਰੰਗੀਆਂ ਰੌਸ਼ਨੀਆਂ, ਢੋਲ ਦੀ ਥਾਪ ਅਤੇ ਲੋਹੜੀ ਦੇ ਗੀਤਾਂ ਨੇ ਸਭ ਦੇ ਦਿਲਾਂ ਵਿੱਚ ਖੁਸ਼ੀ ਦੀ ਲਹਿਰ ਦੌੜਾ ਦਿੱਤੀ। ਥਾਈਲੈਂਡ ਵਿੱਚ ਵਸਦੇ ਪੰਜਾਬੀਆਂ ਨੇ ਇਸ ਮੌਕੇ 'ਤੇ ਇਕੱਠੇ ਹੋ ਕੇ ਆਪਣੀ ਸੱਭਿਆਚਾਰਕ ਵਿਰਾਸਤ ਨੂੰ ਯਾਦ ਕੀਤਾ ਅਤੇ ਆਉਣ ਵਾਲੀ ਪੀੜ੍ਹੀ ਨੂੰ ਵੀ ਇਸ ਨਾਲ ਜੋੜਿਆ। ਇਸ ਤਿਉਹਾਰ ਨੇ ਦੱਸਿਆ ਕਿ ਪੰਜਾਬੀ ਜਿੱਥੇ ਵੀ ਜਾਂਦੇ ਹਨ, ਆਪਣੀ ਮਿੱਟੀ ਦੀ ਖੁਸ਼ਬੂ ਨੂੰ ਨਾਲ ਲੈ ਕੇ ਜਾਂਦੇ ਹਨ।

# ਪੰਜਾਬ ਸਰਕਾਰ ਨਵੇਂ ਮਾਲੀ ਸਰੋਤਾਂ ਦੇ ਵਿਲੱਖਣ ਰਾਹ ਤਲਾਸ਼ਣ ਲਈ ਕਮਿਸ਼ਨ ਬਣਾਵੇ



ਲਖਵਿੰਦਰ ਸਿੰਘ
ਵਿਜਿਟਿੰਗ ਪ੍ਰੋਫੈਸਰ, ਇੰਸਟੀਚਿਊਟ ਆਫ ਹਿਊਮਨ ਡਿਵੈਲਪਮੈਂਟ

ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਨੇ ਹਾਲ ਹੀ ਵਿੱਚ ਅੰਕੜੇ ਜਾਰੀ ਕੀਤੇ ਹਨ ਜਿਨ੍ਹਾਂ ਮੁਤਾਬਿਕ ਭਾਰਤ (ਕੇਂਦਰ ਸਰਕਾਰ ਤੇ ਸੂਬਿਆਂ ਦੇ ਕਰਜ਼ੇ ਨੂੰ ਮਿਲਾ ਕੇ) ਦਾ ਕੁੱਲ ਕਰਜ਼ਾ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦੇ 83 ਫ਼ੀਸਦੀ ਹਿੱਸੇ ਤੱਕ ਪਹੁੰਚ ਗਿਆ ਹੈ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਅੰਦਾਜ਼ਿਆਂ ਮੁਤਾਬਿਕ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਾ ਕਰਜ਼ਾ ਅਤੇ ਕੁੱਲ ਸੂਬਾਈ ਘਰੇਲੂ ਪੈਦਾਵਾਰ (ਜੀ.ਐੱਸ.ਡੀ.ਪੀ.) ਦਾ 28.8 ਫ਼ੀਸਦੀ ਹੈ। ਉਂਝ, ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਕਰਜ਼ੇ ਦੇ ਬੋਝ ਦੀ ਸ਼ਿੱਦਤ ਵੱਖੋ-ਵੱਖਰੀ ਰਹੀ ਹੈ। ਇਸ ਸਾਲ ਇਹ 1.3 ਫ਼ੀਸਦੀ (ਦਿੱਲੀ) ਤੋਂ ਲੈ ਕੇ 57 ਫ਼ੀਸਦੀ (ਅਰੁਣਾਚਲ ਪ੍ਰਦੇਸ਼) ਤੱਕ ਰਹੀ ਹੈ। ਪੰਜਾਬ ਵਿੱਚ ਕੁੱਲ ਸੂਬਾਈ ਘਰੇਲੂ ਪੈਦਾਵਾਰ (ਜੀ.ਐੱਸ.ਡੀ.ਪੀ.) ਦੇ ਅਨੁਪਾਤ ਵਿੱਚ ਕਰਜ਼ੇ ਦੀ ਦਰ 46.6 ਫ਼ੀਸਦੀ ਹੈ ਜੋ ਦੇਸ਼ ਭਰ ਵਿੱਚ ਅਰੁਣਾਚਲ ਪ੍ਰਦੇਸ਼ ਤੋਂ ਬਾਅਦ ਦੂਜੀ ਸਭ ਤੋਂ ਉੱਚੀ ਹੈ। ਇਸ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦਾ ਨੰਬਰ ਹੈ ਜਿੱਥੇ ਇਹ 45.2 ਫ਼ੀਸਦੀ ਹੈ। ਕਰਜ਼ੇ ਦੇ ਬੇਤਹਾਸ਼ਾ ਬੋਝ ਵਾਲੇ ਹੋਰਨਾਂ ਸੂਬਿਆਂ ਵਿੱਚ ਪੱਛਮੀ ਬੰਗਾਲ (38 ਫ਼ੀਸਦੀ), ਬਿਹਾਰ (37.3 ਫ਼ੀਸਦੀ), ਕੇਰਲਾ (36.8 ਫ਼ੀਸਦੀ), ਰਾਜਸਥਾਨ (35.8 ਫ਼ੀਸਦੀ), ਆਂਧਰਾ ਪ੍ਰਦੇਸ਼ (34.7 ਫ਼ੀਸਦੀ) ਅਤੇ ਉੱਤਰ ਪ੍ਰਦੇਸ਼ (31.8 ਫ਼ੀਸਦੀ) ਸ਼ਾਮਿਲ ਹਨ।

13ਵੇਂ ਵਿੱਤ ਕਮਿਸ਼ਨ ਨੇ ਤਿੰਨ ਸੂਬਿਆਂ ਕੇਰਲਾ, ਪੰਜਾਬ ਅਤੇ ਪੱਛਮੀ ਬੰਗਾਲ ਦੀ ਬਹੁਤ ਜ਼ਿਆਦਾ ਕਰਜ਼ੇ ਵਾਲੇ ਸੂਬਿਆਂ ਵਜੋਂ ਨਿਸ਼ਾਨਦੇਹੀ ਕੀਤੀ ਸੀ। ਇਸ ਨੇ ਇਨ੍ਹਾਂ ਸੂਬਿਆਂ ਦੇ ਕਰਜ਼ੇ ਦਾ ਬੋਝ ਘਟਾਉਣ ਲਈ ਰਾਹਤ ਪੈਕੇਜ ਦੀ ਸਿਫ਼ਾਰਸ਼ ਕੀਤੀ ਸੀ ਪਰ ਇਹ ਪੈਕੇਜ ਦਿੱਤਾ ਨਹੀਂ ਗਿਆ। ਇਸੇ ਤਰ੍ਹਾਂ ਆਰ.ਬੀ.ਆਈ. ਦੇ ਇੱਕ ਅਧਿਐਨ ਵਿੱਚ ਪੇਸ਼ੀਨਗੋਈ ਕੀਤੀ ਗਈ ਹੈ ਕਿ ਪੰਜ ਸੂਬਿਆਂ ਬਿਹਾਰ, ਕੇਰਲਾ, ਪੰਜਾਬ, ਰਾਜਸਥਾਨ ਅਤੇ ਪੱਛਮੀ ਬੰਗਾਲ ਦਾ ਜੀ.ਐੱਸ.ਡੀ.ਪੀ. ਦੇ ਅਨੁਪਾਤ ਵਿੱਚ ਕਰਜ਼ਾ 35 ਫ਼ੀਸਦੀ ਤੋਂ ਵਧ ਜਾਵੇਗਾ ਅਤੇ ਇਹ 2026-27 ਤੱਕ ਉੱਚ ਕਰਜ਼ੇ ਵਾਲੇ ਸੂਬਿਆਂ ਵਿੱਚ ਆ ਜਾਣਗੇ। ਪੰਜਾਬ ਵੱਖਰੀ ਤਰ੍ਹਾਂ ਦਾ ਸੂਬਾ ਹੈ ਜੋ ਪਿਛਲੇ ਚਾਰ ਦਹਾਕਿਆਂ ਤੋਂ ਕਰਜ਼ੇ ਦਾ ਭਾਰੀ ਬੋਝ ਚੁੱਕੀ ਆ ਰਿਹਾ ਹੈ। 1980ਵਿਆਂ ਦੇ ਮੱਧ ਤੋਂ ਲੈ ਕੇ ਪੰਜਾਬ ਦੇ ਮਾਲੀਏ ਖਾਤੇ ਵਿੱਚ ਘਾਟਾ (ਭਾਵ ਮਾਲੀਆ ਪ੍ਰਾਪਤੀ ਨਾਲੋਂ ਜ਼ਿਆਦਾ ਖਰਚ) ਦਰਜ ਹੋਣਾ ਸ਼ੁਰੂ ਹੋ ਗਿਆ ਸੀ। ਇਸ ਤੋਂ ਬਾਅਦ ਪੰਜਾਬ ਸਰਪਲੱਸ ਮਾਲੀਏ ਵਾਲੇ ਸੂਬਾ ਤੋਂ ਮਾਲੀਆ ਘਾਟੇ ਵਾਲੇ ਸੂਬੇ ਅਤੇ ਚੰਗੇ ਸ਼ਾਸਨ ਵਾਲੇ ਸੂਬੇ ਤੋਂ ਸ਼ਾਸਨ ਦੀ ਘਾਟ ਵਾਲੇ ਸੂਬੇ ਵਿੱਚ ਤਬਦੀਲ ਹੋ ਗਿਆ। ਫਿਰ 1990ਵਿਆਂ ਦੇ ਸ਼ੁਰੂ ਵਿੱਚ ਜਦੋਂ ਸ਼ਾਂਤੀ ਬਹਾਲ ਹੋਈ ਅਤੇ ਸਮੇਂ-ਸਮੇਂ ਲੋਕਰਾਜੀ ਢੰਗ ਨਾਲ ਚੁਣ ਕੇ ਆਈਆਂ ਸਰਕਾਰਾਂ ਦੇ ਪੰਜ ਸਾਲ ਦੇ ਸ਼ਾਸਨ ਤੋਂ ਬਾਅਦ ਸੂਬੇ ਦੀ ਮਾਲੀਆ ਵਾਧੇ ਦੀ ਪਹਿਲਾਂ ਵਾਲੀ ਸਮੱਰਥਾ ਬਹਾਲ ਨਾ ਹੋ ਸਕੀ। ਇਸ ਦੇ ਕਈ ਕਾਰਨ ਸਨ। ਸਭ ਤੋਂ ਅਹਿਮ ਸੀ ਪੰਜਾਬ ਦੇ ਅਰਥਚਾਰੇ ਦੇ ਗਤੀਸ਼ੀਲ ਖੇਤਰਾਂ, ਭਾਵ, ਸਨਅਤੀ ਅਤੇ ਸੇਵਾਵਾਂ ਖੇਤਰਾਂ ਦਾ ਮੱਠਾ ਵਿਕਾਸ। ਪੰਜਾਬ ਵਿੱਚ ਆਮ ਤੌਰ ’ਤੇ ਸਨਅਤੀਕਰਨ ਸੁੰਗੜ ਰਿਹਾ ਸੀ; ਖ਼ਾਸਕਰ ਬਟਾਲਾ, ਜਲੰਧਰ, ਅੰਮ੍ਰਿਤਸਰ ਤੇ ਮੰਡੀ ਗੋਬਿੰਦਗੜ੍ਹ ਜਿਹੇ ਸਨਅਤੀ ਸ਼ਹਿਰਾਂ ’ਚੋਂ ਸਨਅਤਾਂ ਦਾ ਉਜਾੜਾ ਹੋ ਰਿਹਾ ਸੀ। ਸੂਚਨਾ ਸੰਚਾਰ ਤਕਨਾਲੋਜੀ (ਆਈ.ਸੀ.ਟੀ.) ਦੀ ਕ੍ਰਾਂਤੀ ਪੰਜਾਬ ਦੀਆਂ ਸੇਵਾਵਾਂ ਦੇ ਖੇਤਰ ਨੂੰ ਛੂਹੇ ਬਗ਼ੈਰ ਲੰਘ ਗਈ, ਇਸ ਕਰ ਕੇ ਇਸ ਦੀ ਟੈਕਸ ਮਾਲੀਏ ਵਿੱਚ ਬੜੋਤਰੀ ਦੀ ਸਮਰੱਥਾ ਸੀਮਤ ਬਣੀ ਰਹੀ। ਪੰਜਾਬ ਦਾ ਖੇਤੀਬਾੜੀ ਖੇਤਰ ਮੁੱਖ ਤੌਰ ’ਤੇ ਦੇਸ਼ ਦੀ ਖ਼ੁਰਾਕ ਸੁਰੱਖਿਆ ਦੀ ਪੂਰਤੀ ਕਰਦਾ ਹੈ ਪਰ ਇਸ ’ਚੋਂ ਆਮਦਨ ਓਨੀ ਨਹੀਂ ਹੋ ਰਹੀ ਕਿ ਇਸ ’ਤੇ ਟੈਕਸ ਲਾਇਆ ਜਾ ਸਕੇ। ਲੰਮਾ ਸਮਾਂ ਕਰਜ਼ੇ ਦੇ ਬੋਝ ਹੇਠ ਰਹਿਣ ਦਾ ਇੱਕ ਹੋਰ ਅਹਿਮ ਕਾਰਨ ਵਿੱਤੀ ਫਜ਼ੂਲਖਰਚੀ ਹੈ ਜੋ ਰਾਜਕੀ ਅਗਵਾਈ ਵਾਲੇ ਵਿਕਾਸ ਦੀ ਥਾਂ ਬਾਜ਼ਾਰ ਮੁਖੀ ਵਿਕਾਸ ਦੀ ਰਾਸ਼ਟਰੀ ਸਹਿਮਤੀ ਨਾਲ ਮੇਲ ਖਾਂਦੀ ਹੈ। ਹਰ ਰੰਗ ਦੀ ਸਿਆਸੀ ਲੀਡਰਸ਼ਿਪ ਸਬਸਿਡੀਆਂ ਦੇ ਆਧਾਰ ’ਤੇ ਵੋਟਰਾਂ ਨੂੰ ਰਿਝਾਉਣ ਦੀਆਂ ਲੋਕ ਲੁਭਾਊ ਸਕੀਮਾਂ ਵਿੱਚ ਉਲਝੀ ਰਹੀ ਹੈ ਜਿਸ ਲਈ ਵਾਧੂ ਸਰੋਤਾਂ ਤੋਂ ਕਰਜ਼ਾ ਚੁੱਕਣ ਨਾਲ ਇਹ ਬੋਝ ਵਧ ਗਿਆ ਹੈ। ਐੱਫ.ਆਰ.ਬੀ.ਐੱਮ. (ਵਿੱਤੀ ਜ਼ਿੰਮੇਵਾਰੀ ਬਜਟ ਪ੍ਰਬੰਧਨ) ਐਕਟ-2002 ਦੇ ਬਾਵਜੂਦ ਸੂਬਾ ਸਰਕਾਰ ਆਮ ਤੌਰ ’ਤੇ ਅਤੇ ਕੇਂਦਰ ਸਰਕਾਰ ਖ਼ਾਸ ਤੌਰ ’ਤੇ ਬੇਕਿਰਕੀ ਨਾਲ ਇਸ ਐਕਟ ਦੀ ਉਲੰਘਣਾ ਕਰਦੀਆਂ ਰਹੀਆਂ ਹਨ। ਆਖ਼ਿਰ ਵਿੱਚ ਇਹ ਕਿ ਸੂਬਾ ਸਰਕਾਰ ਬਜਟ ਵਿੱਚ ਕੋਈ ਨਵਾਂ ਟੈਕਸ ਨਾ ਲਾਉਣ ਨੂੰ ਮਾਣ ਵਾਲੀ ਗੱਲ ਵਜੋਂ ਲੈਂਦੀ ਹੈ। ਮਾਲੀਆ ਪ੍ਰਾਪਤੀ ਵਿੱਚ ਵਾਧਾ ਕਰਨ ਜਾਂ ਕਰਜ਼ੇ ਦਾ ਬੋਝ ਘਟਾਉਣ ਦਾ ਕੋਈ ਰਣਨੀਤਕ ਖ਼ਾਕਾ ਪੇਸ਼ ਨਹੀਂ ਕੀਤਾ ਜਾ ਰਿਹਾ। ਇਸ ਤੋਂ ਉਲਟ ਪੁਰਾਣੇ ਕਰਜ਼ੇ ਦੀ ਅਦਾਇਗੀ ਲਈ ਨਵਾਂ ਕਰਜ਼ਾ ਚੁੱਕਿਆ ਜਾ ਰਿਹਾ ਹੈ। 90 ਫ਼ੀਸਦੀ ਤੋਂ ਜ਼ਿਆਦਾ ਨਵਾਂ ਕਰਜ਼ਾ ਵਿਆਜ ਦੇ ਭੁਗਤਾਨ ਅਤੇ ਮੂਲ ਕਰਜ਼ੇ ਦੀਆਂ ਕਿਸ਼ਤਾਂ ਤਾਰਨ ’ਤੇ ਖਰਚ ਕੀਤਾ ਜਾ ਰਿਹਾ ਹੈ। ਪੰਜਾਬ ਵੱਲੋਂ ਕਰਜ਼ੇ ਦੀ ਦੇਣਦਾਰੀ ਜੁਟਾਉਣ ਲਈ ਕਰਜ਼ਾ ਚੁੱਕਣਾ ਕਰਜ਼ੇ ਦੀ ਗਹਿਰੀ ਖੱਡ ਵਿੱਚ ਜਾਣ ਦੇ ਸਮਾਨ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਰਜ਼ਾ ਚੁੱਕਣ ਦੇ ਰੁਝਾਨ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾ ਦਿੱਤਾ ਹੈ। ਕਰਜ਼ੇ ਦੇ ਸੰਕਟ ਨਾਲ ਸਿੱਝਣ ਲਈ ਪੰਜਾਬ ਸਰਕਾਰ ਵੱਲੋਂ ਜੋ ਆਮ ਉਪਰਾਲੇ ਕੀਤੇ ਗਏ ਹਨ, ਉਨ੍ਹਾਂ ਵਿੱਚ ਖ਼ਾਸਕਰ ਸਿਹਤ ਅਤੇ ਸਿੱਖਿਆ ਸੇਵਾਵਾਂ ਉੱਪਰ ਖਰਚਾ ਘੱਟ ਕਰਨਾ ਸ਼ਾਮਿਲ ਹੈ। ਇਸ ਦੇ ਸਿੱਟੇ ਵਜੋਂ ਸੂਬੇ ਦੀ ਮਾਨਵੀ ਪੂੰਜੀ ਬਰਬਾਦੀ ਦੇ ਕੰਢੇ ’ਤੇ ਪਹੁੰਚ ਗਈ ਹੈ। ਖ਼ਰਚ ਦੇ ਸੁੰਗੜਨ ਦਾ ਇੱਕ ਹੋਰ ਸ਼ਿਕਾਰ ਪੂੰਜੀ ਖ਼ਰਚ ਬਣਿਆ ਜੋ ਉਪਜ ਦੀ ਉੱਚੀ ਕੀਮਤ ਪੈਦਾ ਕਰਨ ਦੀ ਸਮਰੱਥਾ ਦੀ ਯੋਗਤਾ ਹੋਣਾ ਹੈ (ਜੀ.ਐੱਸ.ਡੀ.ਪੀ.)। ਇਹ ਕੁੱਲ ਤੈਅਸ਼ੁਦਾ ਪੂੰਜੀ ਢਾਂਚੇ-ਜੀ.ਐੱਸ.ਡੀ.ਪੀ. ਅਨੁਪਾਤ ਦੇ ਘੱਟ ਰਹਿਣ ਵਿੱਚੋਂ ਵੀ ਝਲਕਿਆ। ਇਨ੍ਹਾਂ ਚੀਜ਼ਾਂ ਨਾਲ ਪੰਜਾਬ ਨੇ ਰਾਜ ਦੇ ਰੁਜ਼ਗਾਰ ਦੇ ਮਿਆਰ ਨੂੰ ਖ਼ਰਾਬ ਕਰ ਲਿਆ ਤੇ ਮੁਲਾਜ਼ਮਾਂ ਨੂੰ ਵਾਜਬ ਅਦਾਇਗੀ ਨਹੀਂ ਕੀਤੀ, ਨਵੇਂ ਭਰਤੀ ਮੁਲਾਜ਼ਮਾਂ ਨੂੰ ਵੀ ਪਹਿਲੇ ਤਿੰਨ ਸਾਲਾਂ ਲਈ ਬਿਨਾਂ ਭੱਤਿਆਂ ਤੋਂ ਮੁੱਢਲੀ ਤਨਖਾਹ ਦਿੱਤੀ। ਇਸ ਤਰ੍ਹਾਂ ਦੇ ਕਦਮਾਂ ਨੇ ਆਮਦਨੀ ਵਧਾਉਣ ਵਾਲੇ ਕਾਰਕਾਂ ਦੀ ਕੀਮਤ ਘਟਾ ਦਿੱਤੀ ਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਦੂਜੇ ਰਾਜਾਂ ਜਾਂ ਵਿਦੇਸ਼ਾਂ ’ਚ ਨੌਕਰੀਆਂ ਲੱਭਣ ਲਈ ਮਜਬੂਰ ਕਰ ਦਿੱਤਾ। ਇਸ ਤਰ੍ਹਾਂ ਪੰਜਾਬ ਆਰਥਿਕ ਤਰੱਕੀ, ਮਾਲੀਏ ਤੇ ਕਰਜ਼ੇ ਦੇ ‘ਵਿਗੜੇ ਸੰਤੁਲਨ ਦੇ ਜਾਲ’ ਵਿੱਚ ਫਸ ਗਿਆ। ਹੁਣ ਸਵਾਲ ਆਉਂਦਾ ਹੈ ਕਿ ਪੰਜਾਬ ਇਸ ਜਾਲ ਵਿੱਚੋਂ ਨਿਕਲਣ ਲਈ ਕੀ ਕਰ ਸਕਦਾ ਹੈ। ਸਭ ਤੋਂ ਪਹਿਲਾਂ ਤਾਂ ਚੁਣੀ ਹੋਈ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਨਕਾਰੀ ਹੋਣ ਦੀ ਬਜਾਏ, ਹਿੱਤ ਧਾਰਕਾਂ ਨੂੰ ਜਾਣੂ ਕਰਵਾਏ ਕਿ ਪੰਜਾਬ ਬੇਮਿਸਾਲ ਸੰਕਟ ਵਿੱਚੋਂ ਲੰਘ ਰਿਹਾ ਹੈ ਤੇ ਇਹ ਕਿ ਹੁਣ ਇਸ ਸਥਿਤੀ ਵਿੱਚੋਂ ਨਿਕਲਣ ਲਈ ਕਦਮ ਚੁੱਕਣ ਦਾ ਸਮਾਂ ਆ ਗਿਆ ਹੈ। ਦੂਜਾ ਕਦਮ ਹੈ ਕਿ ਕੇਂਦਰ ਸਰਕਾਰ ਤੋਂ ਟੈਕਸ ਮਾਲੀਏ ਵਿੱਚੋਂ ਇੱਕ ਵਾਜਬ ਹਿੱਸਾ ਤੇ ਮਾਲੀਏ ਦੇ ਨਵੇਂ ਸਰੋਤਾਂ ’ਚੋਂ ਵੀ ਹਿੱਸਾ ਮੰਗਿਆ ਜਾਵੇ, ਜਿਵੇਂ ਮੁਦਰਾ ਨੀਤੀ ਦੇ ਸੰਚਾਲਨ ’ਚੋਂ ਆਰ.ਬੀ.ਆਈ. ਦਾ ਸਰਪਲੱਸ ਤੇ ਸੰਵਿਧਾਨਕ ਤਜਵੀਜ਼ਾਂ ਤੋਂ ਬਾਹਰ ਦੇ ਸੈੱਸ ਅਤੇ ਸਰਚਾਰਜ। ਕੇਂਦਰੀ ਸਕੀਮਾਂ ਦੀ ਗਿਣਤੀ ’ਚ ਕਟੌਤੀ ਰਾਜ ਵਿੱਚ ਤਰੱਕੀ ਦੇ ਪੱਧਰਾਂ ਲਈ ਠੀਕ ਨਹੀਂ ਹੈ ਤੇ ਇਹ ਹਾਲਤਾਂ ਰਾਜ ਦੇ ਸਰੋਤਾਂ ਨੂੰ ਹੋਰ ਖ਼ੋਰਾ ਲਾ ਸਕਦੀਆਂ ਹਨ। ਵਾਹਗਾ ਬਾਰਡਰ ਰਾਹੀਂ ਪਾਕਿਸਤਾਨ ਨਾਲ ਵਪਾਰ ਕੇਂਦਰ ਨੇ ਬੰਦ ਕੀਤਾ ਸੀ। ਇਸ ਨਾਲ ਉੱਤਰੀ ਰਾਜਾਂ ਦੀ ਤਰੱਕੀ ’ਤੇ ਅਸਰ ਪਿਆ ਹੈ, (ਬਾਕੀ ਸਫ਼ਾ 31 ’ਤੇ)

# ਕੀ ਪੰਜਾਬ ਨੂੰ ਜਿੱਤ ਸਕੇਗੀ ਕਾਂਗਰਸ ?



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੰਗਠਨ ਵਿੱਚ ਜੋ ਅੰਦਰੂਨੀ ਰਾਜਨੀਤਕ ਖਿੱਚੋਤਾਣ ਦਾ ਧੂੰਆਂ ਪਿਛਲੇ ਕੁਝ ਸਮੇਂ ਤੋਂ ਸੁਲਘ ਰਿਹਾ ਸੀ, ਉਸ ਨੇ ਸੁਲਤਾਨਪੁਰ ਲੋਧੀ (ਨਾਨਕ ਨਗਰੀ) ਜ਼ਿਲ੍ਹਾ ਕਪੂਰਥਲਾ ਵਿੱਚ 5 ਅਪ੍ਰੈਲ ਨੂੰ ਹੋਈਆਂ ਦੋ ਸਮਾਨਾਂਤਰ ਰੈਲੀਆਂ ਤੋਂ ਬਾਅਦ ਭਾਂਬੜ ਬਣ ਕੇ ਤਿੱਖੀ ਅੰਦਰੂਨੀ ਖ਼ਾਨਾਜੰਗੀ ਦਾ ਰੂਪ ਧਾਰਨ ਕਰ ਲਿਆ ਹੈ। ਕਾਂਗਰਸ ਅੰਦਰ ਦੋ ਚੁਣੌਤੀਆਂ ਉੱਭਰ ਖੜ੍ਹੀਆਂ ਹੋਈਆਂ ਹਨ ਕਿ ਪਾਰਟੀ ਅੰਦਰ ਮੁੱਖ ਮੰਤਰੀ ਦਾ ਅਗਲਾ ਚਿਹਰਾ ਕੌਣ ਹੋਵੇਗਾ ਤੇ ਅਜੋਕੇ ਧੜੇਬਾਜ਼ ਪ੍ਰਧਾਨ ਦਾ ਬਦਲ ਕੌਣ ਹੋਵੇਗਾ ?

ਇੱਕ ਰੈਲੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ‘ਜੁੜੇਗਾ ਬਲਾਕ, ਜਿੱਤੇਗੀ ਕਾਂਗਰਸ’ ਦੇ ਝੰਡੇ ਹੇਠ ਹਲਕਾ ਇੰਚਾਰਜ ਨਵਤੇਜ ਸਿੰਘ ਚੀਮਾ ਦੀ ਅਗਵਾਈ ਵਿੱਚ ਸੰਨ 2027 ਨੂੰ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਬਿਗਲ ਵਜਾ ਦੇਣ ਵਜੋਂ ਹੋਈ। ਇਸ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦਾ ਸੰਗਠਨ ’ਤੇ ਭਾਰੂ ਧੜਾ ਜਿਸ ਵਿੱਚ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਂਗਰਸ ਲੈਜਿਸਲੇਟਿਵ ਪਾਰਟੀ (ਸੀਐੱਲਪੀ) ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਗੁਰਦਾਸਪੁਰ ਤੋਂ ਸਾਂਸਦ ਅਤੇ ਰਾਜਸਥਾਨ ਕਾਂਗਰਸ ਮਾਮਲਿਆਂ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ, ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ, ਕਪੂਰਥਲਾ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ, ਕੁਲਬੀਰ ਸਿੰਘ ਜ਼ੀਰਾ, ਹਰਦਿਆਲ ਕੰਬੋਜ, ਜਸਬੀਰ ਸਿੰਘ ਡਿੰਪਾ ਸਾਬਕਾ ਸਾਂਸਦ ਸਮੇਤ ਅਨੇਕ ਆਗੂ ਸ਼ਾਮਲ ਸਨ।

ਕਹਿਣ ਨੂੰ ਤਾਂ ਇਹ ਬਲਾਕ ਪੱਧਰ ਦੀ ਰੈਲੀ ਸੀ ਪਰ ਕਾਫ਼ੀ ਬਾਹਰਲੇ ਹਲਕਿਆਂ ਦੇ ਕਾਂਗਰਸੀ ਸ਼ਾਮਲ ਹੋਣ ਕਰ ਕੇ ਇਹ ਰਾਜ ਪੱਧਰੀ ਰੈਲੀ ਹੋ ਨਿੱਬੜੀ। ਦੂਸਰੀ ਰੈਲੀ ਕਾਂਗਰਸ ਪਾਰਟੀ ਦੇ ਉੱਘੇ ਕਾਰਪੋਰੇਟਰ ਅਤੇ ਧਾਕੜ ਆਗੂ ਰਾਣਾ ਗੁਰਜੀਤ ਸਿੰਘ ਦੇ ਨੌਜਵਾਨ ਆਗੂ ਪੁੱਤਰ ਅਤੇ ਹਲਕੇ ਤੋਂ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਪਿਤਾ ਅਤੇ ਉਸ ਦੇ ਸਹਿਯੋਗੀ ਕਾਂਗਰਸੀਆਂ ਦੇ ਅਸ਼ੀਰਵਾਦ ਨਾਲ ਕੀਤੀ ਗਈ ਜਿਸ ਵਿੱਚ ਪਾਰਟੀ ਅਨੁਸਾਸ਼ਨ ਦੇ ਮੱਦੇਨਜ਼ਰ ਰਾਣਾ ਗੁਰਜੀਤ ਸਿੰਘ ਖ਼ੁਦ ਸ਼ਾਮਲ ਨਹੀਂ ਹੋਏ ਸਨ।

ਰਾਜ ਵਿੱਚ ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਨੇ ਵਿਜੀਲੈਂਸ ਅਤੇ ਈਡੀ ਜਾਂਚ ਵਿੱਚੋਂ ਜੇਲ੍ਹ ਯਾਤਰਾ ’ਤੇ ਲੰਬੀ ਜਦੋਜਹਿਦ ਬਾਅਦ ਸੁਰਖ਼ਰੂ ਹੋ ਕੇ ਨਿਕਲਣ ਵਾਲੇ ਇਸ ਹਲਕੇ ਦੇ ਸਾਬਕਾ ਵਿਧਾਇਕ ਅਤੇ ਪੰਜਾਬ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ ਕਾਂਗਰਸ ਹਾਈ ਕਮਾਨ ਨੇ ਉਮੀਦਵਾਰ ਐਲਾਨਿਆ ਹੈ।

ਦਿੱਲੀ ਵਿਖੇ ਕਾਂਗਰਸ ਹਾਈ ਕਮਾਨ ਅਤੇ ਪੰਜਾਬ ਰਾਜ ਕਾਂਗਰਸ ਮਾਮਲਿਆਂ ਦੇ ਇੰਚਾਰਜ ਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਦਾ ਧੰਨਵਾਦ ਕਰਨ ਲਈ ਪੰਜਾਬ ਕਾਂਗਰਸ ਦਾ ਇੱਕ ਧੜਾ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨਾਲ ਦਿੱਲੀ ਗਿਆ। ਉਸ ਵਫ਼ਦ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਮੰਤਰੀ ਪਰਗਟ ਸਿੰਘ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ ਆਦਿ ਸ਼ਾਮਲ ਸਨ।

ਇੱਥੇ ਰਾਣਾ ਗੁਰਜੀਤ ਸਿੰਘ ਵੱਲੋਂ ਹਾਈ ਕਮਾਨ ਵੱਲੋਂ ਸਿੱਧੇ ਉਸ ਦੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਦੀ ਗੱਲ ਵੀ ਚੱਲੀ ਜਿਸ ਨੇ ਕਾਂਗਰਸ ਪਾਰਟੀ ਦੇ ਅਧਿਕਾਰਤ ਉਮੀਦਵਾਰ ਤੇ ਤਤਕਾਲੀ ਵਿਧਾਇਕ ਨਵਤੇਜ ਸਿੰਘ ਚੀਮਾ ਨੂੰ ਹਰਾਇਆ ਸੀ। ਭਾਰਤ ਭੂਸ਼ਣ ਆਸ਼ੂ ਨੇ ਉਸ ਦੇ ਹਲਕੇ ਦਾ ਚੋਣ ਇੰਚਾਰਜ ਰਾਣਾ ਗੁਰਜੀਤ ਸਿੰਘ ਜਾਂ ਪਰਗਟ ਸਿੰਘ ਵਿੱਚੋਂ ਇੱਕ ਨੂੰ ਲਗਾਉਣ ਦੀ ਗੱਲ ਵੀ ਕਹੀ। ਉਸ ਨੇ ਇਹ ਵੀ ਰੋਸ ਜ਼ਾਹਰ ਕੀਤਾ ਕਿ ਉਸ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਪ੍ਰਧਾਨ ਨੇ ਇੱਕ ਵਾਰ ਵੀ ਚਾਹ ’ਤੇ ਨਹੀਂ ਬੁਲਾਇਆ।


ਰੈਲੀਆਂ ਦੇ ਐਨ ਪਹਿਲਾਂ ਇਸ ਧੜੇ ਨੇ ਕਾਂਗਰਸ ਪਾਰਟੀ ਹਾਈ ਕਮਾਨ ਨੂੰ ਕਾਂਗਰਸ ਦੀ ਅਧਿਕਾਰਤ ਰੈਲੀ ਰੋਕਣ ਲਈ ਦਬਾਅ ਬਣਾਇਆ। ਲੁਧਿਆਣਾ ਪੱਛਮੀ ਚੋਣ ਨੂੰ ਵਿਸ਼ੇਸ਼ ਤੌਰ ’ਤੇ ਮੁੱਦਾ ਬਣਾਇਆ। ਇਸ ਦੀ ਅਗਵਾਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੀਤੀ। ਉਨ੍ਹਾਂ ਨੇ ਇੰਚਾਰਜ ਭੁਪੇਸ਼ ਬਘੇਲ ਅਤੇ ਵੇਣੂਗੋਪਾਲ ਨੂੰ ਟੈਲੀਫੋਨ ’ਤੇ ਰਾਜ਼ੀ ਵੀ ਕਰ ਲਿਆ ਲੇਕਿਨ ਦੂਸਰਾ ਧੜਾ ਆਪਣੇ ਵੱਕਾਰ ਦਾ ਸਵਾਲ ਖੜ੍ਹਾ ਕਰਦਾ ਅੜ ਗਿਆ।

ਇਵੇਂ ਕਾਂਗਰਸ ਦੇ ਦੋ ਧੜਿਆਂ ਦਰਮਿਆਨ ਲੁਧਿਆਣਾ ਪੱਛਮੀ ਸੀਟ ਦੀ ਚੋਣ ਤੋਂ ਐਨ ਪਹਿਲਾਂ ਤਲਵਾਰਾਂ ਸੂਤੀਆਂ ਗਈਆਂ। ਭਾਰਤ ਭੂਸ਼ਣ ਆਸ਼ੂ ਨੇ ਹਾਈ ਕਮਾਨ ਨੂੰ ਇਹ ਵੀ ਸੰਕੇਤ ਦੇ ਦਿੱਤਾ ਕਿ ਉਪ ਚੋਣ ਉਹ ਆਪਣੇ ਦਮ-ਖ਼ਮ ’ਤੇ ਲੜੇਗਾ, ਪ੍ਰਦੇਸ਼ ਕਾਂਗਰਸ ਪ੍ਰਧਾਨ ਦੀ ਹਮਾਇਤ ਦੀ ਲੋੜ ਨਹੀਂ।

ਪ੍ਰਦੇਸ਼ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਹਨ। ਗਜ਼ਬ ਦੀ ਖ਼ਾਨਾਜੰਗੀ ਉਦੋਂ ਉਜਾਗਰ ਹੋਈ ਜਦੋਂ ਇਤਲਾਹ ਕਰ ਕੇ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ ਲੁਧਿਆਣਾ ਮਿਲਣ ਗਏ ਤਾਂ ਉਹ ਪਤਨੀ ਸਮੇਤ ਘਰੋਂ ਗਾਇਬ ਹੋ ਗਏ। ਜਦੋਂ ਸ਼ਰਮਿੰਦਾ ਪ੍ਰਧਾਨ ਉੱਥੋਂ ਉਡੀਕ ਕੇ ਇਹ ਕਹਿੰਦੇ ਚਲੇ ਗਏ ਕਿ ਸ਼ਾਇਦ ਉਨ੍ਹਾਂ ਨੂੰ ਜ਼ਰੂਰੀ ਕੰਮ ਹੈ, ਜਦੋਂ ਲੋੜ ਹੋਈ, ਟਵੀਟ ਕਰ ਕੇ ਸੱਦ ਲਵਾਂਗੇ। ਪੰਜਾਬ ਕਾਂਗਰਸ ਕਮੇਟੀ ਤਾਂ ਦੇਸ਼ ਦੀ ਆਜ਼ਾਦੀ ਵੇਲੇ ਤੋਂ ਹੀ ਤਿੱਖੀ ਖ਼ਾਨਾਜੰਗੀ ਦੀ ਸ਼ਿਕਾਰ ਹੈ। ਸੋ ਇਹ ਰਾਜਨੀਤਕ ਖ਼ਾਨਾਜੰਗੀ ਇਨ੍ਹਾਂ ਨੂੰ ਗੁੜ੍ਹਤੀ ਵਿੱਚ ਮਿਲੀ ਹੋਈ ਹੈ।

ਪੰਡਿਤ ਜਵਾਹਰਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਹੁੰਦੇ ਸਮੇਂ ਹੀ ਰਾਜਾਂ ਵਿੱਚ ਤਾਕਤਵਰ ਕਾਂਗਰਸ ਆਗੂ ਪੈਦਾ ਹੋ ਗਏ ਸਨ। ਪੰਜਾਬ ਵਿੱਚੋਂ ਨਹਿਰੂ ਗਾਂਧੀ ਪਰਿਵਾਰ ਨੂੰ ਚੁਣੌਤੀ ਦੇਣ ਵਾਲੇ ਕੈਪਟਨ ਅਮਰਿੰਦਰ ਸਿੰਘ ਵਰਗੇ ਜ਼ੋਰਾਵਰ ਨੂੰ ਜਿਵੇਂ ਮੱਖਣ ਵਿੱਚੋਂ ਵਾਲ ਵਾਂਗ ਸੰਨ 2021 ਵਿੱਚ ਮੁੱਖ ਮੰਤਰੀ ਦੀ ਕੁਰਸੀ ਖੋਹ ਕੇ ਬਾਹਰ ਕੱਢਿਆ ਗਿਆ, ਉਸ ਤੋਂ ਸਭ ਵਾਕਿਫ ਹਨ। ਨਵਜੋਤ ਸਿੰਘ ਸਿੱਧੂ ਨੂੰ ਵੀ ਬੇਆਬਰੂ ਕਰ ਕੇ ਲਾਂਭੇ ਕੀਤਾ ਗਿਆ। ਸੁਲਤਾਨਪੁਰ ਲੋਧੀ ਰੈਲੀ ਵਿੱਚ ਇੱਕ ਪਰਿਵਾਰ ਨੂੰ ਇੱਕ ਸੀਟ ਦਾ ਅਲਾਪ ਇਸ ਕਰ ਕੇ ਕੀਤਾ ਕਿ ਪਾਰਟੀ ਵੱਲੋਂ ਰਾਣਾ ਗੁਰਜੀਤ ਸਿੰਘ ਪਰਿਵਾਰ ਨੂੰ ਇੱਕ ਟਿਕਟ ਹੀ ਮਿਲੇਗੀ।

ਭਾਵੇਂ ਉਸ ਦਾ ਪੁੱਤਰ ਪਾਰਟੀ ਵਿੱਚ ਸ਼ਾਮਲ ਹੋ ਵੀ ਜਾਵੇ। ਉੱਥੇ ਬੈਠੇ ਪ੍ਰਤਾਪ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਲੋਕ ਸਭਾ ਮੈਂਬਰ ਬਣੇ ਤਾਂ ਦੋਹਾਂ ਦੀਆਂ ਪਤਨੀਆਂ ਨੇ ਵਿਧਾਨ ਸਭਾ ਲਈ ਚੋਣਾਂ ਲੜੀਆਂ। “ਹਾਥੀ ਕੇ ਦਾਂਤ ਖਾਨੇ ਕੋ ਔਰ, ਦਿਖਾਨੇ ਕੋ ਔਰ।” ਅਜਿਹੀਆਂ ਹੋਰ ਅਨੇਕ ਮਿਸਾਲਾਂ ਹਨ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਵਿੱਚ 5 ਅਕਤੂਬਰ 2024 ਨੂੰ ਵਿਧਾਨ ਸਭਾ ਚੋਣਾਂ ਹੋਈਆਂ ਸਨ। ਸਾਰੇ ਰੌਲਾ ਸੀ ਕਿ ਭੁਪੇਂਦਰ ਸਿੰਘ ਹੁੱਡਾ ਖੇਮੇ ਦੀ ਅਗਵਾਈ ਵਿੱਚ ਰਾਜ ਵਿੱਚ ਕਾਂਗਰਸ ਵੱਡੀ ਜਿੱਤ ਰਾਹੀਂ ਸਰਕਾਰ ਬਣਾਉਣ ਜਾ ਰਹੀ ਹੈ। ਇਸੇ ਦੌਰਾਨ ਰਾਜਨੀਤਕ ਮੂਰਖ਼ਤਾ ਕਰ ਕੇ ਕੁਮਾਰੀ ਸ਼ੈਲਜਾ ਦਾ ਧੜਾ ਪਲਾਸੀ ਦੀ ਸੰਨ 1757 ਦੀ ਜੰਗ ਵਿੱਚ ਮੀਰ ਜ਼ਾਫ਼ਰ ਵਾਂਗ ਵੱਖਰਾ ਖੜ੍ਹਾ ਰਿਹਾ। (ਬਾਕੀ ਸਫ਼ਾ 31 ’ਤੇ)






# ਭਾਜਪਾ ਦਾ ਹਿੰਦੂ ਰਾਸ਼ਟਰਵਾਦ ਬਨਾਮ ਫ਼ਿਰਕਾਪ੍ਰਸਤੀ



ਅਭੈ ਕੁਮਾਰ ਦੂਬੇ

ਸਾਡੀ ਰਾਜਨੀਤੀ ਵਿੱਚ ਇੱਕ ਨਵਾਂ ਵਰਤਾਰਾ ਉੱਭਰ ਰਿਹਾ ਹੈ, ਬਿਨਾਂ ਫਿਰਕੂ ਹੋਏ ਫਿਰਕਾਪ੍ਰਸਤੀ ਦਾ ਸਮਰਥਨ ਕਰਨਾ ਅਤੇ ਭਾਜਪਾ ਦਾ ਮੈਂਬਰ ਬਣੇ ਬਗੈਰ ਜਾਂ ਪਾਰਟੀ ਵਿੱਚ ਸ਼ਾਮਿਲ ਹੋਏ ਬਿਨਾਂ ਆਪਣੀ ਪਾਰਟੀ ਦਾ ਭਾਜਪਾਈਕਰਨ ਕਰ ਲੈਣਾ। ਅਜਿਹੀਆਂ ਬਹੁਤ ਸਾਰੀਆਂ ਪਾਰਟੀਆਂ ਹਨ ਜੋ ਆਪਣੇ-ਆਪ ਨੂੰ ਸਮਾਜਿਕ ਨਿਆਂ ਵਾਲੀਆਂ ਪਾਰਟੀਆਂ ਵਜੋਂ ਪੇਸ਼ ਕਰਦੀਆਂ ਹਨ, ਉਨ੍ਹਾਂ ਦਾ ਇਤਿਹਾਸ ਵੀ ਇਸੇ ਤਰ੍ਹਾਂ ਦਾ ਰਿਹਾ ਹੈ। ਇਨ੍ਹਾਂ 'ਚੋਂ ਇੱਕ ਨਿਤਿਸ਼ ਕੁਮਾਰ ਦੀ ਅਗਵਾਈ ਵਾਲੀ ਜਨਤਾ ਦਲ (ਯੂਨਾਈਟਿਡ) ਹੈ। ਦੂਸਰੀ ਚਿਰਾਗ ਪਾਸਵਾਨ ਦੀ ਅਗਵਾਈ ਵਾਲੀ ਲੋਕ ਜਨਸ਼ਕਤੀ ਪਾਰਟੀ (ਐਲ.ਜੇ.ਪੀ.) ਹੈ। ਤੀਸਰੀ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੀ ਅਗਵਾਈ ਵਾਲੀ ਤੇਲਗੂ ਦੇਸਮ ਪਾਰਟੀ (ਟੀ.ਡੀ.ਪੀ.) ਹੈ, ਜਦਕਿ ਚੌਥੀ ਜੈਅੰਤ ਚੌਧਰੀ ਦੀ ਅਗਵਾਈ ਵਾਲੀ ਰਾਸ਼ਟਰੀ ਲੋਕ ਦਲ ਹੈ। ਇਹ ਚਾਰੇ ਪਾਰਟੀਆਂ ਕੇਂਦਰ ਵਿੱਚ ਸੱਤਾਧਾਰੀ ਗੱਠਜੋੜ 'ਐਨ.ਡੀ.ਏ.' ਦੀਆਂ ਭਾਈਵਾਲ ਹਨ। ਇਨ੍ਹਾਂ ਨੂੰ ਫਿਰਕੂ ਪਾਰਟੀਆਂ ਨਹੀਂ ਕਿਹਾ ਜਾ ਸਕਦਾ, ਪਰ ਉਨ੍ਹਾਂ ਦੀ ਰਾਜਨੀਤੀ ਦਾ ਸਮੁੱਚਾ ਨਤੀਜਾ ਫਿਰਕੂ ਹੀ ਨਿਕਲ ਰਿਹਾ ਹੈ। ਇਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਐਨ.ਡੀ.ਏ. ਵਿੱਚ ਭਾਜਪਾ 'ਤੇ ਸੰਜਮ ਵਰਤਣ ਲਈ ਇੱਕ ਰੋਕ ਲਗਾਉਣ ਵਾਲੀ ਤਾਕਤ ਵਜੋਂ ਕੰਮ ਕਰਨਗੇ, ਪਰ ਹੁਣ ਇਹ ਉਮੀਦ ਵੀ ਖਤਮ ਹੋ ਗਈ ਹੈ। ਸ਼ਾਇਦ ਜਲਦੀ ਹੀ ਉਹ ਦਿਨ ਵੀ ਆ ਜਾਵੇਗਾ, ਜਦੋਂ ਇਹ ਪਾਰਟੀਆਂ ਮੁਸਲਿਮ ਵੋਟਰਾਂ ਦੇ ਸਮਰਥਨ ਦਾ ਦਾਅਵਾ ਕਰਨਾ ਵੀ ਬੰਦ ਕਰ ਦੇਣਗੀਆਂ। ਲੱਗਦਾ ਨਹੀਂ ਕਿ ਇਸ ਵਾਰ ਮੁਸਲਿਮ ਵੋਟਰ ਇਨ੍ਹਾਂ ਨੂੰ ਵੋਟ ਪਾਉਣ ਬਾਰੇ ਸੋਚ ਵੀ ਸਕਦੇ ਹਨ।

ਸੱਚਾਈ ਇਹ ਹੈ ਕਿ ਰਾਸ਼ਟਰੀ ਲੋਕਤੰਤਰਿਕ ਗੱਠਜੋੜ (ਐਨ.ਡੀ.ਏ.) ਦੀਆਂ ਗੈਰ-ਭਾਜਪਾ ਪਾਰਟੀਆਂ ਹੁਣ ਪੂਰੀ ਤਰ੍ਹਾਂ ਭਾਜਪਾਈ ਹੋ ਚੁੱਕੀਆਂ ਹਨ। ਉਨ੍ਹਾਂ ਨਾ ਸਿਰਫ਼ ਆਪਣੇ ਰਾਜਨੀਤਿਕ ਹਿਤਾਂ ਨਾਲੋਂ ਭਾਜਪਾ ਦੀ ਰਾਜਨੀਤਿਕ ਲਾਈਨ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ, ਸਗੋਂ ਸਰਕਾਰ ਨੂੰ ਉਨ੍ਹਾਂ ਦੇ ਸਮਰਥਨ ਦੀ ਭਾਸ਼ਾ ਵੀ ਹਿੰਦੂਤਵੀ ਵਿਚਾਰਧਾਰਾ ਵਿੱਚ ਸ਼ਾਮਿਲ ਸੰਸਦ ਮੈਂਬਰਾਂ ਤੇ ਨੇਤਾਵਾਂ ਵਾਂਗ ਹੀ ਬੇਝਿਜਕਤਾ ਭਰੀ ਹੋ ਗਈ ਹੈ। ਭਾਵੇਂ ਇਹ ਪ੍ਰਕਿਰਿਆ ਪਹਿਲਾਂ ਤੋਂ ਹੀ ਚੱਲ ਰਹੀ ਸੀ, ਪਰ ਵਕਫ਼ ਸੋਧ ਬਿੱਲ 'ਤੇ ਸੰਸਦ ਵਿੱਚ ਬਹਿਸ ਨੇ ਇਸ ਦੀ ਲਗਭਗ ਪੁਸ਼ਟੀ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਹੋਲੀ 'ਤੇ ਮੁਸਲਮਾਨਾਂ ਨੂੰ ਰੰਗ ਲਗਾਉਣ ਜਾਂ ਮਸਜਿਦਾਂ 'ਤੇ ਰੰਗ ਸੁੱਟਣ ਦੇ ਵਿਵਾਦ ਵਿੱਚ ਉੱਤਰ ਪ੍ਰਦੇਸ਼ ਦੇ ਕੁਝ ਗੈਰ-ਭਾਜਪਾ ਨੇਤਾ ਵੀ ਹਿੰਦੂਤਵੀ ਪੈਰੋਕਾਰਾਂ ਦੀ ਭਾਸ਼ਾ ਵਿੱਚ ਬੋਲਦੇ ਦੇਖੇ ਗਏ ਸਨ। ਜੇਕਰ ਕੋਈ ਵੀ ਐਨ.ਡੀ.ਏ. ਭਾਈਵਾਲ ਕਿਸੇ ਵੀ ਮੁੱਦੇ 'ਤੇ ਸਰਕਾਰ ਦਾ ਵਿਰੋਧ ਕਰਨ ਤੋਂ ਬਚਣਾ ਚਾਹੁੰਦਾ ਹੈ, ਤਾਂ ਉਨ੍ਹਾਂ ਕੋਲ ਆਪਣੇ ਇਤਰਾਜ਼ਾਂ ਨੂੰ ਬਰਕਰਾਰ ਰੱਖਦੇ ਹੋਏ ਕੁਝ ਕਿੰਤੂ-ਪ੍ਰੰਤੂ ਦੇ ਨਾਲ ਇੱਕ ਸੰਤੁਲਿਤ ਢੰਗ ਨਾਲ ਗੱਠਜੋੜ ਦਾ ਸਮਰਥਨ ਕਰਨ ਦਾ ਬਦਲ ਰਹਿੰਦਾ ਹੈ, ਪਰ ਇਸ ਦੇ ਬਾਵਜੂਦ ਸੱਤਾਧਾਰੀ ਗੱਠਜੋੜ ਦੇ ਭਾਈਵਾਲ, ਭਾਜਪਾ ਦੇ ਵਿਚਾਰਧਾਰਕ ਸਹਿਯੋਗੀ ਨਾ ਹੁੰਦੇ ਹੋਏ ਵੀ ਹਿੰਦੂਤਵੀ ਸਮਰਥਕਾਂ ਵਾਂਗ ਵਿਵਹਾਰ ਕਰ ਰਹੇ ਹਨ। ਜਦੋਂ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਨੇ ਐਨ.ਡੀ.ਏ. ਬਣਾਇਆ ਸੀ ਤਾਂ ਉਸ ਸਮੇਂ ਅਜਿਹਾ ਨਹੀਂ ਸੀ। ਉਸ ਸਮੇਂ ਦੌਰਾਨ ਹੀ ਬਹੁਤ ਸਾਰੇ ਗੈਰ-ਭਾਜਪਾ ਨੇਤਾਵਾਂ ਨੇ ਇਸ ਗੱਠਜੋੜ ਦੀ ਸਭ ਤੋਂ ਵੱਡੀ ਪਾਰਟੀ (ਭਾਜਪਾ) ਦੇ ਹਿੰਦੂਤਵੀ ਰੁਝਾਨਾਂ ਨੂੰ ਸੰਜਮ ਵਿੱਚ ਰੱਖਣ ਦੀ ਭੂਮਿਕਾ ਨਿਭਾਈ ਸੀ। ਇਸ ਲਈ ਉਹ ਸਾਥ ਛੱਡਣ ਅਤੇ ਗੱਠਜੋੜ ਤੋਂ ਵੱਖ ਹੋ ਜਾਣ ਦੀ ਹੱਦ ਤੱਕ ਵੀ ਚਲੇ ਗਏ ਸਨ। ਸਾਨੂੰ ਯਾਦ ਹੈ ਕਿ ਗੋਧਰਾ ਕਾਂਡ ਤੋਂ ਬਾਅਦ ਗੁਜਰਾਤ ਵਿੱਚ ਹੋਈ ਫਿਰਕੂ ਹਿੰਸਾ ਦੇ ਵਿਰੋਧ ਵਿੱਚ ਰਾਮ ਵਿਲਾਸ ਪਾਸਵਾਨ ਨੇ ਦਿੱਲੀ ਵਿੱਚ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸੇ



ਤਰ੍ਹਾਂ ਜਦੋਂ 2013 ਵਿੱਚ ਜਿਵੇਂ ਹੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਬਣੇ ਤਾਂ ਨਿਤਿਸ਼ ਕੁਮਾਰ ਨੇ ਸੱਤਾ ਵਿੱਚ ਹੁੰਦੇ ਹੋਏ ਵੀ ਐਨ.ਡੀ.ਏ. ਛੱਡ ਦਿੱਤਾ ਸੀ। ਹੁਣ ਉਸੇ ਰਾਮ ਵਿਲਾਸ ਪਾਸਵਾਨ ਦੇ ਉੱਤਰਾਧਿਕਾਰੀ (ਪੁੱਤਰ) ਚਿਰਾਗ ਪਾਸਵਾਨ ਆਪਣੇ ਮੁਸਲਿਮ ਵੋਟ ਬੈਂਕ ਦੀ ਕੋਈ ਵੀ ਮੰਗ ਉਠਾਉਣ ਦੀ ਬਜਾਏ ਬਿਨਾਂ ਸ਼ਰਤ ਬਿੱਲ ਦਾ ਸਮਰਥਨ ਕਰਦੇ ਨਜ਼ਰ ਆਏ ਤਾਂ ਨਿਤਿਸ਼ ਕੁਮਾਰ ਦੇ ਪ੍ਰਤੀਨਿਧੀ ਲੱਲਨ ਸਿੰਘ ਵੀ ਸੰਸਦ ਵਿੱਚ ਕਿਸੇ ਭਾਜਪਾ ਸੰਸਦ ਮੈਂਬਰ ਵਾਂਗ ਹੀ ਬੋਲਦੇ ਹੋਏ ਸੁਣੇ ਗਏ। ਗੈਰ-ਧਾਰਮਿਕ ਰਾਜਨੀਤੀ ਕਰਨ ਵਾਲੇ ਨੇਤਾਵਾਂ ਦੇ ਬੋਲਣ ਸਮੇਂ ਉਨ੍ਹਾਂ ਦੇ ਭਾਸ਼ਨ ਵਿੱਚ ਕਿਸੇ ਵੀ ਤਰ੍ਹਾਂ ਦਾ ਸੰਕੋਚ, ਝਿਜਕ ਜਾਂ ਸੰਜਮ ਇੱਕ ਤਰ੍ਹਾਂ ਨਾਲ ਗਾਇਬ ਸੀ। ਦਰਅਸਲ ਐਨ.ਡੀ.ਏ. ਦੇ ਅੰਦਰ ਰਾਜਨੀਤੀ ਹੁਣ ਪਹਿਲਾਂ ਵਰਗੀ ਨਹੀਂ ਰਹਿ ਗਈ, ਇਹ ਵਕਫ਼ ਬਿੱਲ 'ਤੇ ਬਣੀ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਦੀ ਕਾਰਵਾਈ ਉੱਪਰ ਡੂੰਘਾਈ ਨਾਲ ਨਜ਼ਰ ਮਾਰਨ ਨਾਲ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਪਿਛਲੇ ਸਾਲ ਅਗਸਤ ਵਿੱਚ ਜਿਉਂ ਹੀ ਇਹ ਬਿੱਲ ਸਦਨ ਵਿੱਚ ਪੇਸ਼ ਕੀਤਾ ਗਿਆ ਤਾਂ ਤੇਲਗੂ ਦੇਸਮ ਦੇ ਇੱਕ ਸੰਸਦ ਮੈਂਬਰ ਨੇ ਖੜ੍ਹੇ ਹੋ ਕੇ ਇਸ ਬਿੱਲ ਨੂੰ ਜੇ.ਪੀ.ਸੀ. ਹਵਾਲੇ ਕਰਨ ਦਾ ਸੁਝਾਅ ਦੇ ਦਿੱਤਾ। ਉਸੇ ਸਮੇਂ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਕੋਲ ਇੱਕ ਪਰਚੀ ਆਈ ਤਾਂ ਉਸ ਨੂੰ ਦੇਖ ਕੇ ਉਨ੍ਹਾਂ ਨੇ ਤੁਰੰਤ ਇਸ ਮੰਗ ਨੂੰ ਸਵੀਕਾਰ ਕਰ ਲਿਆ।

ਇਸ ਜੇ.ਪੀ.ਸੀ. ਵਿੱਚ ਐਨ.ਡੀ.ਏ ਗੱਠਜੋੜ ਦੇ ਮੈਂਬਰ ਬਹੁਮਤ ਵਿੱਚ ਸਨ ਅਤੇ ਵਿਰੋਧੀ ਧਿਰ ਦੇ ਮੈਂਬਰ ਘੱਟ ਸਨ। ਇਸ ਬਣਤਰ ਦਾ ਫਾਇਦਾ ਉਠਾਉਂਦੇ ਹੋਏ ਸੰਸਦੀ ਕਮੇਟੀ ਦੀ ਕਾਰਵਾਈ ਇੱਕ ਵਿਸ਼ੇਸ਼ ਡਿਜ਼ਾਈਨ ਦੇ ਤਹਿਤ ਚਲਾਈ ਗਈ। ਗੈਰ-ਭਾਜਪਾ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਸ ਬਿੱਲ ਵਿੱਚ ਸੋਧ ਲਈ ਕੁੱਲ 45 ਸੁਝਾਅ ਦਿੱਤੇ, ਜਿਨ੍ਹਾਂ ਨੂੰ ਤੁਰੰਤ ਰੱਦ ਕਰ ਦਿੱਤਾ ਗਿਆ, ਜਦਕਿ ਐਨ.ਡੀ.ਏ. ਦੇ ਗੈਰ-ਭਾਜਪਾ ਮੈਂਬਰਾਂ ਵੱਲੋਂ ਦਿੱਤੇ 14 ਸੁਝਾਅ ਸਵੀਕਾਰ ਕਰ ਲਏ ਗਏ। ਇਸ ਤਰ੍ਹਾਂ, ਇਸ ਕਮੇਟੀ ਦੇ ਗਠਨ ਨਾਲ ਸੱਤਾਧਾਰੀ ਗੱਠਜੋੜ ਦੇ ਗੈਰ-ਭਾਜਪਾ ਮੈਂਬਰਾਂ ਲਈ ਬਿੱਲ ਦੇ ਸਮਰਥਨ ਲਈ ਦਲੀਲਾਂ ਵਿਆਪਕ ਤੌਰ 'ਤੇ ਤਿਆਰ ਹੋ ਗਈਆਂ ਸਨ। ਜੇਕਰ ਇਨ੍ਹਾਂ 14 ਸੁਝਾਵਾਂ 'ਤੇ ਨਜ਼ਰ ਮਾਰੀ ਜਾਵੇ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਇੱਕ ਵੀ ਬਿੱਲ ਦੇ ਆਲੋਚਕਾਂ ਦੁਆਰਾ ਉਠਾਏ ਗਏ 6-7 ਵੱਡੇ ਇਤਰਾਜ਼ਾਂ ਵਿਚੋਂ ਕਿਸੇ ਇੱਕ ਦਾ ਵੀ ਕੋਈ ਹੱਲ ਕਰਦਾ ਨਜ਼ਰ ਨਹੀਂ ਆਉਂਦਾ। ਸਾਂਝੀ ਸੰਸਦੀ ਕਮੇਟੀ ਵੱਲੋਂ ਅਪਣਾਈ ਗਈ ਰਣਨੀਤੀ ਵੀ ਸ਼ੱਕ ਪੈਦਾ ਕਰਦੀ ਹੈ ਕਿ ਜਨਤਾ ਦਲ (ਯੂ), ਤੇਲਗੂ ਦੇਸਮ ਪਾਰਟੀ, ਲੋਕ ਜਨਸ਼ਕਤੀ ਪਾਰਟੀ ਅਤੇ ਰਾਸ਼ਟਰੀ ਲੋਕ ਦਲ ਸ਼ੁਰੂ ਤੋਂ ਹੀ ਇਸ ਸਵਾਲ 'ਤੇ ਸੁਤੰਤਰ ਤੌਰ 'ਤੇ ਸੋਚਣ ਦੀ ਬਜਾਏ ਭਾਜਪਾ ਨਾਲ ਮਿਲੀਭੁਗਤ ਕਰ ਕੇ ਉਸੇ ਦੀ ਰਣਨੀਤੀ 'ਤੇ ਕੰਮ ਕਰ ਰਹੇ ਸਨ।

ਮੁਸਲਿਮ ਵੋਟਾਂ ਗੁਆਉਣ ਦਾ ਡਰ ਵੀ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਰਾਜਨੀਤੀ ਕਰਨ ਤੋਂ ਨਹੀਂ ਰੋਕ ਸਕਿਆ। ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾ ਸਕਦਾ ਕਿ ਨਿਤਿਸ਼, ਨਾਇਡੂ, ਚਿਰਾਗ, ਜੈਅੰਤ ਨੂੰ ਹੁਣ ਮੁਸਲਿਮ ਵੋਟਾਂ ਦੀ ਕੋਈ ਲੋੜ ਨਹੀਂ ਹੈ। ਇਸ ਦਾ ਇੱਕ ਕਾਰਨ ਇਹ ਹੋ ਸਕਦਾ ਹੈ ਕਿ ਜਦੋਂ ਇਨ੍ਹਾਂ ਆਗੂਆਂ ਨੇ ਤੱਕੜੀ ਦੇ ਇੱਕ ਪੱਲੜੇ 'ਤੇ ਇਨ੍ਹਾਂ ਵੋਟਾਂ ਨੂੰ ਰੱਖਿਆ ਹੋਵੇਗਾ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਵਿੱਚ ਭਾਗੀਦਾਰੀ ਲਈ ਮੌਜੂਦਾ ਪ੍ਰਬੰਧ ਨੂੰ ਰੱਖਿਆ ਹੋਵੇਗਾ ਤਾਂ ਉਨ੍ਹਾਂ ਨੂੰ ਲੱਗਿਆ ਹੋਵੇਗਾ ਕਿ ਜੇਕਰ ਥੋੜ੍ਹੇ ਬਹੁਤ ਵੋਟ ਘਟ ਵੀ ਜਾਂਦੇ ਹਨ ਤਾਂ ਵੀ ਕੰਮ ਚਲਾਇਆ ਜਾ ਸਕਦਾ ਹੈ, ਪਰ ਕੇਂਦਰੀ ਸੱਤਾ ਵਿੱਚ ਭਾਗੀਦਾਰੀ ਅਤੇ ਸੂਬਿਆਂ ਦੀ ਸੱਤਾ ਵਿੱਚ ਹਿੱਸੇਦਾਰੀ ਕਿਤੇ ਜ਼ਿਆਦਾ ਕੀਮਤੀ ਤੇ ਲਾਭਦਾਇਕ ਹੈ। ਜਦੋਂ 1990 ਦੇ ਦਹਾਕੇ ਵਿੱਚ ਐਨ.ਡੀ.ਏ. ਬਣਿਆ ਸੀ ਤਾਂ ਸਥਿਤੀ ਵੱਖਰੀ ਤਰ੍ਹਾਂ ਦੀ ਸੀ। ਉਹ ਐਨ.ਡੀ.ਏ., ਕਾਂਗਰਸ ਦੁਆਰਾ ਥੋਪੀਆਂ ਗਈਆਂ ਕੇਂਦਰੀਕਰਨ ਵਾਲੀਆਂ ਨੀਤੀਆਂ ਅਤੇ ਖੇਤਰੀ ਸ਼ਕਤੀਆਂ ਨੂੰ ਕੋਨੇ ਵਿਚ ਧੱਕਣ ਦੀ ਜ਼ਿੱਦ ਦੇ ਵਿਰੁੱਧ ਇਕਜੁੱਟ ਹੋਇਆ ਸੀ। ਉਸ ਸਮੇਂ ਖੇਤਰੀ ਸ਼ਕਤੀਆਂ ਦਾ ਸਮਰਥਨ ਪ੍ਰਾਪਤ ਕਰਨ ਲਈ ਭਾਜਪਾ ਆਪਣੇ ਵਿਚਾਰਧਾਰਕ ਮੁੱਦਿਆਂ ਨੂੰ ਵੀ ਇੱਕ ਪਾਸੇ ਰੱਖਣ ਲਈ ਤਿਆਰ ਹੋ ਗਈ ਸੀ। ਉਸ ਸਮੇਂ ਗੈਰ-ਕਾਂਗਰਸੀ ਸਰਕਾਰ ਬਣਾਉਣਾ ਇੱਕ ਮੁਸ਼ਕਿਲ ਕੰਮ ਸੀ। ਅੱਜ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਸਾਹਮਣੇ ਸੱਤਾ ਵਿੱਚ ਭਾਈਵਾਲੀ ਦਾ ਹੀ ਇਕੋ ਹੀ ਮੁੱਦਾ ਹੈ। ਇਕ ਅਜਿਹੀ ਸੱਤਾ ਵਿੱਚ ਜੋ ਅਟਲ-ਅਡਵਾਨੀ ਦੇ ਯੁੱਗ ਦੇ ਮੁਕਾਬਲੇ ਕਿਤੇ ਜ਼ਿਆਦਾ ਸਥਿਰ ਹੈ।

ਅੱਜ ਹਿੰਦੂਤਵ 'ਤੇ ਚਰਚਾ 1990 ਦੇ ਦਹਾਕੇ ਵਾਂਗ ਝਿਜਕ ਤੇ ਸਾਵਧਾਨੀ ਨਾਲ ਨਹੀਂ, ਸਗੋਂ ਖੁੱਲ੍ਹ ਕੇ ਅਤੇ ਹਮਲਾਵਰ ਢੰਗ ਨਾਲ ਕੀਤੀ ਜਾ ਰਹੀ ਹੈ। ਅਜਿਹੀ ਸਥਿਤੀ ਵਿੱਚ ਭਾਜਪਾ ਦੇ ਭਾਈਵਾਲ, ਹਿੰਦੂਤਵ ਦਾ ਸਮਰਥਨ ਕਰਨ ਦਾ ਬੁਨਿਆਦੀ ਫਾਇਦਾ ਉਠਾਉਣ ਤੋਂ ਇਲਾਵਾ ਇਸ ਦੀ ਜਿੱਤ ਦੀ ਭਾਵਨਾ ਵਿੱਚ ਵੀ ਡੁੱਬਣਾ ਚਾਹੁੰਦੇ ਹਨ।

# ਪਾਣੀ ਦਾ ਉਜਾੜਾ ਕਿਉਂ ਕਰ ਰਹੇ ਨੇ ਪੰਜਾਬੀ ?



ਡਾ. ਅਮਨਪ੍ਰੀਤ ਸਿੰਘ ਬਰਾੜ

ਪੰਜਾਬ ਦੇ ਖੇਤ ਅਤੇ ਕਿਸਾਨ ਦੋਵੇਂ ਹੀ ਸਿਆਸੀ ਬੇਰੁਖ਼ੀ ਅਤੇ ਦਿਸ਼ਾਹੀਣਤਾ ਦਾ ਸ਼ਿਕਾਰ ਹਨ। ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ ਪਰ ਪੰਜਾਬ ਨੂੰ ਦੂਰ ਦ੍ਰਿਸ਼ਟੀ ਵਾਲੀ ਖੇਤੀ ਅਤੇ ਪਾਣੀ ਦੀ ਨੀਤੀ ਨਹੀਂ ਮਿਲੀ। ਪਿਛਲੀਆਂ ਸਰਕਾਰਾਂ ਨੇ ਵੀ ਨੀਤੀਆਂ ਬਣਵਾਈਆਂ ਪਰ ਜੋ ਨੀਤੀਆਂ ਬਣੀਆਂ ਉਹ ਜਨਤਕ ਨਹੀਂ ਹੋਈਆਂ ਅਤੇ ਉਹ ਬਿਨਾਂ ਬਹਿਸ ਹੀ ਸਰਕਾਰੀ ਫ਼ਾਈਲਾਂ ਵਿੱਚ ਦੱਬ ਕੇ ਰਹਿ ਗਈਆਂ। ਇਸ ਦਾ ਮਤਲਬ ਇਹੋ ਕੱਢਿਆ ਜਾ ਸਕਦਾ ਹੈ ਕਿ ਸਮੇਂ ਦੀਆਂ ਸਰਕਾਰਾਂ ਨੂੰ ਕਮੇਟੀਆਂ ਵੱਲੋਂ ਸੁਝਾਈਆਂ ਗਈਆਂ ਨੀਤੀਆਂ ਲਾਗੂ ਕਰਨ ਯੋਗ ਨਹੀਂ ਲੱਗੀਆਂ। ਸਾਲ 2022 ਵਿੱਚ ਸਰਕਾਰ ਬਦਲੀ ਤੇ ਮੌਜੂਦਾ ਸਰਕਾਰ ਨੇ ਲੋਕਾਂ ਤੋਂ ਵੀ ਖੇਤੀ ਨੀਤੀ ਲਈ ਸੁਝਾਅ ਮੰਗੇ ਅਤੇ ਸਥਾਨਕ ਵਿਗਿਆਨੀਆਂ ਦੀ ਕਮੇਟੀ ਬਣਾਈ, ਜਿਸ ਨੇ ਆਪਣੀ ਰਿਪੋਰਟ ਤਾਂ ਦੇ ਦਿੱਤੀ, ਜਿਸ ਨੂੰ ਕਿਸਾਨਾਂ ਦੇ ਦਬਾਅ ਪਾਉਣ 'ਤੇ ਸਤੰਬਰ 2024 ਵਿੱਚ ਜਨਤਕ ਵੀ ਕੀਤਾ ਗਿਆ, ਪਰ ਅਫ਼ਸੋਸ ਕਿ 6 ਮਹੀਨੇ ਬਾਅਦ ਵੀ ਉਹ ਲਾਗੂ ਹੋਣ ਦੇ ਨੇੜੇ-ਤੇੜੇ ਨਹੀਂ ਪਹੁੰਚੀ। ਇਸ ਕਮੇਟੀ ਦੇ ਰਿਪੋਰਟ ਦੇਣ ਤੋਂ ਪਹਿਲਾਂ ਹੀ ਬੋਸਟਨ ਕੰਸਲਟੈਂਸੀ ਗਰੁੱਪ ਨੂੰ ਵੀ ਰਿਪੋਰਟ ਬਣਾਉਣ ਲਈ ਕਿਹਾ ਗਿਆ ਸੀ, ਉਹ ਰਿਪੋਰਟ ਅਜੇ ਵੀ ਜਨਤਕ ਨਹੀਂ ਕੀਤੀ ਗਈ। ਖ਼ੈਰ ਇਸ ਵੇਲੇ ਖੇਤੀ ਅਤੇ ਪਾਣੀ ਜਿਸ ਚੁਰਾਹੇ 'ਤੇ ਖੜ੍ਹੇ ਹਨ, ਉਥੋਂ ਦੋਵਾਂ ਦਾ ਕੋਈ ਬਹੁਤਾ ਭਵਿੱਖ ਨਜ਼ਰ ਨਹੀਂ ਆਉਂਦਾ। ਇਸ ਕਥਨ ਦਾ ਪਿਛੋਕੜ ਹੈ ਸਰਕਾਰੀ ਆਦੇਸ਼ ਕਿ ਇਸ ਵਾਰ ਕਿਸਾਨ ਝੋਨੇ ਦੀ ਲਵਾਈ ਇੱਕ ਜੂਨ ਤੋਂ ਸ਼ੁਰੂ ਕਰ ਸਕਦੇ ਹਨ। ਭਾਵ ਜੋ ਪੰਜਾਬ ਨੇ 2009 ਦੇ ਪਾਣੀ ਦੀ ਬੱਚਤ ਦੇ ਕਾਨੂੰਨ ਨਾਲ ਹਾਸਿਲ ਕੀਤਾ ਸੀ, ਮਤਲਬ ਝੋਨੇ ਦੀ ਲਵਾਈ 20 ਜੂਨ ਤੋਂ ਸ਼ੁਰੂ ਕਰਨ ਲਈ ਕਿਸਾਨਾਂ ਨੂੰ ਲਾਮਬੰਦ ਕੀਤਾ ਗਿਆ, ਉਸ ਨੂੰ ਵਾਪਸ ਪਹਿਲੀ ਜਗ੍ਹਾ ਲੈ ਆਂਦਾ ਗਿਆ ਹੈ। ਸੁਣਿਆ ਹੈ ਸਰਕਾਰ ਨੇ ਇਹ ਫ਼ੈਸਲਾ ਕਿਸਾਨਾਂ ਦੇ ਕਹਿਣ 'ਤੇ ਕੀਤਾ ਹੈ। ਅਸਲ ਵਿੱਚ ਇਹ ਫ਼ੈਸਲਾ ਕਰਵਾ ਕੇ ਕਿਸਾਨ ਆਪਣੇ ਪੈਰ ਕੁਹਾੜਾ ਮਾਰ ਰਹੇ ਹਨ। ਇੱਕ ਜੂਨ ਤੋਂ 30 ਜੂਨ ਤੱਕ ਪੰਜਾਬ ਵਿੱਚ ਅੱਤ ਦੀ ਗਰਮੀ ਪੈਂਦੀ ਹੈ, ਜਦੋਂ ਹਰ ਫ਼ਸਲ ਅਤੇ ਜੀਵ ਜੰਤੂ ਲਈ ਪਾਣੀ ਦੀ ਮੰਗ



ਬਹੁਤ ਜ਼ਿਆਦਾ ਹੁੰਦੀ ਹੈ। 20 ਜੂਨ ਤੋਂ ਲਵਾਈ ਸ਼ੁਰੂ ਕਰਨ ਦਾ ਤਰਕ ਵੀ ਇਹੋ ਹੀ ਸੀ ਕਿ ਇਕ ਤਾਂ ਉਦੋਂ ਪ੍ਰੀ-ਮੌਨਸੂਨ ਦੀ ਇਕ ਅੱਧੀ ਬਾਰਿਸ਼ ਹੋ ਜਾਂਦੀ ਹੈ ਤੇ ਦੂਜਾ 20 ਜੂਨ ਤੋਂ ਸ਼ੁਰੂ ਕਰਦੇ-ਕਰਦੇ ਮੌਨਸੂਨ ਨੇੜੇ ਹੋ ਜਾਂਦੀ ਹੈ ਅਤੇ ਤਾਪਮਾਨ ਘੱਟ ਜਾਂਦਾ ਹੈ। ਸਰਕਾਰ ਦੇ 2009 ਦੇ ਇਸ ਫ਼ੈਸਲੇ ਨਾਲ ਧਰਤੀ ਹੇਠਲੇ ਪਾਣੀ ਦੀ ਹੇਠਾਂ ਜਾਣ ਦੀ ਰਫ਼ਤਾਰ ਘਟੀ ਸੀ। ਪਰ ਪਰਾਲੀ ਦੀ ਸੰਭਾਲ ਵੇਲੇ ਕੁਝ ਕਿਸਾਨਾਂ ਨੇ ਇਹ ਤਰਕ ਦੇ ਕੇ ਕਿ ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿੱਚ ਸਮਾਂ ਘੱਟ ਹੋਣ ਕਰਕੇ ਝੋਨੇ ਦੀ ਲਵਾਈ ਇੱਕ ਹਫ਼ਤਾ ਅੱਗੇ ਕਰਵਾ ਲਈ ਭਾਵ 20 ਤੋਂ 15 ਜੂਨ। ਪਰ ਇਸ ਸਾਲ ਸਿੱਧਾ ਇੱਕ ਜੂਨ 'ਤੇ ਜਾਣ ਦਾ ਮਤਲਬ ਕਿ ਜੋ ਅਸੀਂ ਪਾਣੀ ਦੀ ਬੱਚਤ ਅਤੇ ਪਰਾਲੀ ਦੀ ਸਾਂਭ-ਸੰਭਾਲ ਲਈ ਉਪਰਾਲੇ ਕੀਤੇ ਉਹ ਸਾਰੇ ਇਕੋ ਝਟਕੇ ਵਿੱਚ ਪਿੱਛੇ ਮੋੜ ਦਿੱਤੇ।

**ਝੋਨੇ ਵਿਚ ਨਮੀ ਦੀ ਸਮੱਸਿਆ:-** ਇਹ ਵੀ ਕਿਹਾ ਗਿਆ ਹੈ ਕਿ ਅਗੇਤੀ ਲਵਾਈ ਝੋਨੇ ਵਿੱਚ ਨਮੀ ਦੀ ਸਮੱਸਿਆ ਹੱਲ ਕਰਨ ਲਈ ਕੀਤੀ ਗਈ ਹੈ। ਅਸਲ ਗੱਲ ਇਹ ਹੈ ਕਿ ਸ਼ੈਲਰਾਂ ਵਾਲੇ ਅਤੇ ਆੜ੍ਹਤੀਏ (ਬਹੁਤੇ ਆੜ੍ਹਤੀਆਂ ਦਾ ਸ਼ੈਲਰਾਂ ਵਿੱਚ ਹਿੱਸਾ ਹੈ) ਆਪਣੀਆਂ ਮੰਗਾਂ ਮਨਾਉਣ ਲਈ ਜਦੋਂ ਫ਼ਸਲ ਮੰਡੀ ਵਿੱਚ ਆਉਂਦੀ ਹੈ, ਉਦੋਂ ਹੜਤਾਲ ਕਰ ਦਿੰਦੇ ਹਨ, ਇਹ ਹਰ ਸਾਲ ਦਾ ਧੰਦਾ ਹੈ। ਇਸ ਵਾਰ ਕੇਂਦਰ ਨੇ ਚੌਲ ਚੁੱਕੇ ਨਹੀਂ ਅੱਗੇ ਝੋਨਾ ਸ਼ੈਲਰਾਂ ਵਿੱਚ ਲਾਉਣ ਲਈ ਜਗ੍ਹਾ ਨਹੀਂ ਸੀ ਹੜਤਾਲ ਲੰਮੀ ਚੱਲ ਗਈ। ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗ ਗਏ। ਕੰਬਾਈਨ ਦੇ ਵੱਢੇ ਅਤੇ ਅਣਛਾਣੇ ਝੋਨੇ ਵਿੱਚ ਪੱਤੀ ਦਾ ਫ਼ੂਸ ਹੁੰਦਾ ਹੈ, ਉਹ ਜਦੋਂ ਦਾਬੜਾ ਵੱਜ ਜਾਵੇ ਤਾਂ ਨਮੀ ਛੱਡ ਜਾਂਦਾ ਹੈ, ਕਿਉਂਕਿ ਫ਼ੂਸ ਵਾਲੀ ਨਮੀ ਵੀ ਝੋਨੇ ਦੇ ਛਿੱਲਕੇ 'ਤੇ ਆਉਣੀ ਹੈ ਅਤੇ ਜਿਹੜੀ 14-15 ਫ਼ੀਸਦ ਨਮੀ ਦਾਣੇ ਵਿੱਚ ਹੈ ਉਹ ਵੀ ਬਾਹਰ ਨੂੰ ਆ ਕੇ ਛਿੱਲਕੇ ਵਿੱਚ ਇਕੱਠੀ ਹੋ ਜਾਂਦੀ ਹੈ। ਮੰਡੀਆਂ ਵਿੱਚ ਝੋਨਾ ਐਨਾ ਸੀ ਕਿ ਖਿਲਾਰਨ ਲਈ ਤਾਂ ਇੱਕ ਇੰਚ ਵੀ ਜਗ੍ਹਾ ਨਹੀਂ ਸੀ, ਇਹੋ ਜਿਹੇ ਢੇਰ ਵਿਚੋਂ ਸੈਂਪਲ ਲਵੋਗੇ ਤੇ ਨਮੀਂ ਵੱਧ ਆਵੇਗੀ। ਪਿਛਲੇ ਪੰਦਰਾਂ ਸਾਲਾਂ ਵਿੱਚ ਕਦੇ ਨਮੀ ਦੀ ਸਮੱਸਿਆ ਕਿਉਂ ਨਹੀਂ ਆਈ, ਕਿਉਂਕਿ ਜਿਹੜਾ ਝੋਨਾ ਮੰਡੀ ਵਿੱਚ ਆਉਂਦਾ ਸੀ ਉਹ ਨਾਲ ਦੀ ਨਾਲ ਛਾਣਿਆ ਜਾਂਦਾ ਸੀ, ਜਿਸ ਕਾਰਨ ਫ਼ੂਸ ਵਿਚੋਂ ਨਿਕਲ ਜਾਂਦਾ ਸੀ ਨਾਲੇ ਸਾਰੇ ਢੇਰ ਵਿੱਚ ਹਵਾ ਫਿਰ ਜਾਂਦੀ ਸੀ। ਦੂਜੀ ਸਮੱਸਿਆ ਆਈ ਪੀ.ਆਰ. 126 ਦੀ, ਜਿਹੜੀ ਕਿਸਮ 2017 ਵਿੱਚ ਕੱਢੀ ਗਈ, ਜੋ ਥੋੜ੍ਹੇ ਸਮੇਂ ਵਿੱਚ ਘੱਟ ਪਾਣੀ ਨਾਲ ਪੱਕ ਜਾਂਦੀ ਹੈ ਪਰ ਝਾੜ ਉਸ ਦਾ ਦੂਜੀਆਂ ਕਿਸਮਾਂ ਦੇ ਨੇੜੇ-ਤੇੜੇ ਹੀ ਹੈ। ਖੇਤੀਬਾੜੀ ਮਾਹਿਰਾਂ ਦੇ ਪ੍ਰਚਾਰ ਸਦਕਾ ਕਿਸਾਨਾਂ ਨੇ ਇਸ ਕਿਸਮ ਹੇਠ ਰਕਬਾ ਵਧਾਇਆ ਪਰ ਸ਼ੈਲਰਾਂ ਵਾਲਿਆਂ ਨੇ ਇਸ ਨੂੰ ਵਧੇਰੇ ਟੋਟਾ ਕਰਕੇ ਨਕਾਰਿਆ। ਸਰਕਾਰ ਪ੍ਰਚਾਰ ਕਰਦੀ ਸੀ ਕਿ ਪੂਸਾ 44 ਛੱਡ ਕੇ ਪੀ.ਆਰ. ਕਿਸਮਾਂ ਬੀਜੋ ਪਰ ਸ਼ੈਲਰਾਂ ਵਾਲੇ ਕਿਸਾਨਾਂ ਨੂੰ ਉਕਸਾਉਂਦੇ ਸਨ, ਪੂਸਾ 44 ਜੋ ਲੰਬੇ ਸਮੇਂ ਦੀ ਕਿਸਮ ਹੈ ਅਤੇ ਪਾਣੀ ਵੱਧ ਲੈਂਦੀ ਹੈ ਉਹ ਬੀਜੋ। ਸਰਕਾਰ ਨੇ ਟੋਟੇ ਦਾ ਹੱਲ ਲੱਭਣ ਵਿੱਚ ਦੇਰੀ ਕਰ ਦਿੱਤੀ, ਜਿਸ ਦਾ ਖ਼ਮਿਆਜ਼ਾ ਕਿਸਾਨਾਂ ਨੂੰ ਅਤੇ ਅੱਗੇ ਪੂਰੇ ਪੰਜਾਬੀਆਂ ਨੂੰ ਸਣੇ ਸ਼ੈਲਰਾਂ ਵਾਲਿਆਂ ਨੂੰ ਭੁਗਤਣਾ ਪੈਣਾ ਹੈ। ਝੋਨੇ ਦੀ ਲਵਾਈ ਅਗੇਤੀ ਕਰਨ ਨਾਲ ਮੁੜ ਲੰਬੇ ਸਮੇਂ ਵਾਲੀਆਂ ਕਿਸਮਾਂ ਖੇਤਾਂ ਵਿੱਚ ਆ ਜਾਣਗੀਆਂ।

**ਕਿਸਾਨਾਂ ਦਾ ਨੁਕਸਾਨ:-** ਅੱਜ ਤੱਕ ਜੋ ਮੌਸਮ ਵਿਭਾਗ ਦਾ ਅਨੁਮਾਨ ਹੈ ਕਿ ਇਸ ਸਾਲ ਗਰਮੀ ਵੱਧ ਪਵੇਗੀ। ਜਦੋਂ ਜੂਨ ਵਿੱਚ ਹੀ ਝੋਨਾ ਲਗਾ ਲਿਆ ਤਾਂ ਫ਼ਸਲ ਲਈ ਪਾਣੀ ਦੀ ਲੋੜ ਵੀ ਵਧੇਗੀ। ਉਧਰ ਵੱਧ ਗਰਮੀ ਕਾਰਨ ਘਰੇਲੂ ਬਿਜਲੀ ਦਾ ਲੋਡ ਵੀ ਵਧੇਗਾ, (ਬਾਕੀ ਸਫ਼ਾ 31 'ਤੇ)

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਕਿਸ ਤਰ੍ਹਾਂ ਦਾ ਬਣੇ ਅਕਾਲੀ ਦਲ ?



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
9592093472

ਸਾਹਿਬ ਗੁਰੂ ਨਾਨਕ ਸਾਹਿਬ ਜੀ ਨੇ ਵਕਤ ਦੀ ਜੁਗ ਗਰਦੀ ਵਿਚੋਂ ਸੰਸਾਰ ਨੂੰ ਕੱਢਣ ਲਈ ਜੋ ਘਾਲਣਾ ਘਾਲੀ ਉਸ ਨੂੰ ਸਮਝਣ ਤੇ ਸੇਧ ਲੈਣ ਦੀ ਜ਼ਰੂਰਤ ਸਾਰੇ ਸੰਸਾਰ ਨੂੰ ਸਦਾ ਹੈ ਤੇ ਰਹੇਗੀ। ਗੁਰੂ ਸਾਹਿਬ ਜੀ ਦੇ ਪਾਸ ਰੱਬ ਜੀ ਦੀ ਬਖਸ਼ੀ ਗਿਆਨ ਵਾਲੀ ਖੜਗ ਹੋਣ ਕਰਕੇ ਉਹਨਾਂ ਵਕਤ ਦੀਆਂ ਮਨੁੱਖੀ ਸਮਾਜ ਨੂੰ ਭਟਕਾਉਣ ਵਾਲੀਆਂ ਤਾਕਤਾਂ ਨੂੰ ਜਾਨਿਆ ਤੇ ਸੰਸਾਰ ਨੂੰ ਜਾਣੂ ਕਰਵਾਇਆ। ਉਹਨਾਂ ਜੋ ਰਸਤਾ ਮਨੁੱਖ ਦੇ ਸਾਹਮਣੇ ਰੱਖਿਆ ਤਥਾ ਖੁਦ ਅਪਣਾਇਆ ਉਹ ਨਿਰਮਲ ਤੇ ਨਿਆਰਾ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਪਾਵਨ ਸ਼ਬਦ ਤਾਂ ਗੁਰੂ ਨਾਨਕ ਸਾਹਿਬ ਜੀ ਨੂੰ ਇੱਕ ਸੂਰਬੀਰ ਦੇ ਤੌਰ 'ਤੇ ਜਗਤ ਰੂ-ਬ-ਰੂ ਪੇਸ਼ ਕਰਦੇ ਹਨ। 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਅਤੇ 'ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।' ਇਸ ਘਾਲ ਨੂੰ ਮਰਦੀਂ ਘਾਲ ਰੂਪ ਅੰਦਰ ਉਹਨਾਂ ਆਪਣੇ ਦਸਾਂ ਜਾਮਿਆਂ ਵਿੱਚ ਘਾਲਿਆ। ਰੱਬੀ ਮੌਜ ਅੰਦਰ ਗੁਰੂ ਜੀ ਨੇ ਨਿਆਰਾ ਖ਼ਾਲਸਾ ਪ੍ਰਗਟ ਕੀਤਾ। ਇਹੀ ਖ਼ਾਲਸਾ, ਖ਼ਾਲਸਾ ਪੰਥ ਹੈ। ਸੰਨ 1708 ਵਿੱਚ ਸਤਿਗੁਰੂ ਜੀ ਨੇ ਖ਼ਾਲਸੇ ਨੂੰ ਅਕਾਲ ਪੁਰਖ ਵੱਲੋਂ ਬਖਸ਼ੀ ਅਕਾਲੀ ਜੋਤਿ ਜੁੱਗੋ ਜੁੱਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਪ੍ਰਵੇਸ਼ ਕਰਕੇ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਖ਼ਾਲਸਾ ਪੰਥ ਨੂੰ 'ਅਕਾਲ ਪੁਰਖੀ ਜੁਗਤਿ' ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਵਰਤਣ ਦਾ ਅਧਿਕਾਰ ਬਖਸ਼ਿਆ। ਇਸੇ ਲਈ 'ਖਾਲਸਾ ਪੰਥ' 'ਗੁਰੂ ਖਾਲਸਾ ਪੰਥ' ਵਜੋਂ ਵੀ ਪੁਕਾਰਿਆ ਜਾਂਦਾ ਹੈ।

ਹਰ ਮਨੁੱਖ ਨੂੰ ਸਿੱਖ ਹੋ ਕੇ 'ਸਿੱਖੀ' ਕਮਾਉਣ ਦਾ ਅਧਿਕਾਰ ਪ੍ਰਦਾਨ ਕੀਤਾ। ਅਕਾਲ ਪੁਰਖ ਵਾਹਿਗੁਰੂ ਜੀ ਦੀ ਮੌਜ ਵਿੱਚੋਂ ਖ਼ਾਲਸਾ ਪੰਥ ਨੂੰ ਪ੍ਰਗਟਾਉਣ ਸਦਕਾ 'ਅਕਾਲੀ ਫ਼ੌਜ' ਵੀ ਆਖਿਆ ਜਾਂਦਾ ਹੈ।

ਬਹੁਤ ਦੁਰਲੱਭ ਹੈ 'ਸਿੱਖੀ' ਤਥਾ ਸਿੱਖ ਹੋ ਕੇ ਜੀਉਣਾ।

ਅੱਜ ਅਸੀਂ ਸਿੱਖ ਕਹਾਉਣ ਵਾਲੇ ਬਹੁਤੇ ਸਤਿਗੁਰੂ ਜੀ ਦੀ ਸਿੱਖੀ ਤੋਂ ਸਹੀ ਰੂਪ ਵਿੱਚ ਵਾਕਫ਼ ਹੀ ਨਹੀਂ ਹਾਂ। ਨ ਬਹੁਤਿਆਂ ਵਿੱਚ ਸਿੱਖੀ ਨੂੰ ਬਤੌਰੇ ਸਿੱਖ ਹੋਣ ਲਈ 'ਸਿੱਖੀ' ਦੀ ਕਮਾਈ ਦਾ ਸ਼ੌਂਕ ਹੈ। ਅਸੀਂ ਨਾਮ ਦੇ ਸਿੱਖ ਹੋਣ ਤੱਕ ਹੀ ਸੁੰਗੜੀ ਜਾ ਰਹੇ ਹਾਂ। ਜਾਂ ਸਿੱਖ ਕਹਾਉਣ ਵਾਲਿਆਂ ਦੇ ਘਰ ਪੈਦਾ ਹੋਣ ਕਰਕੇ ਸਿੱਖ ਹੋਣ ਦਾ ਜਮਾਂਦਰੂ ਅਧਿਕਾਰ ਮੰਨਣ ਦੇ ਵੱਡੇ ਭੁਲੇਖੇ ਦਾ ਸ਼ਿਕਾਰ ਹਾਂ। ਇਤਿਹਾਸ ਸਾਨੂੰ ਅਸਲੀ ਸਿੱਖੀ ਦੀ ਅਮੀਰੀ ਬਾਰੇ ਬਹੁਤ ਕੁਝ ਦੱਸਦਾ ਹੈ ਸਮਝਾਉਂਦਾ ਹੈ। ਜਾਨਣ ਲਈ ਓਥੋਂ ਤੱਕ ਪਹੁੰਚ ਕਰਨ ਦੀ ਹਿੰਮਤ ਵੀ ਅੱਜ ਟਾਵਿਆਂ ਕੋਲ ਹੈ।

ਖ਼ਾਲਸਾ ਪੰਥ ਦੀ ਨਿਰਮਲ ਨਿਆਰੀ ਹਸਤੀ ਨੂੰ ਸਦਾ ਕਾਇਮ ਰੱਖਣ ਲਈ ਅਮਲੀ ਜੀਵਨ ਜੀਊਣਾ ਹੀ ਇਕੋ ਇੱਕ ਗੁਰੂ ਬਖਸ਼ੀ ਬਿਧ ਹੈ।

ਸੰਨ 1708 ਤੋਂ ਲੈਕੇ 1798 ਤੱਕ ਦਾ ਇਤਿਹਾਸ ਸਾਹਮਣੇ ਰੱਖ 'ਸਿੱਖੀ ਅਤੇ ਸਿੱਖੀ ਦੇ ਫਰਜ਼' ਸਮਝਣੇ ਸਾਡੇ ਸਿੱਖੀ ਕਮਾਉਣ ਲਈ ਸੰਥਿਆ ਹੈ। ਅਸੀਂ ਵਕਤੀ ਸੁਪਨਿਆਂ ਵਿੱਚ ਜੀਊਣ ਦੇ ਆਦੀ ਹੋ ਗਏ ਕੇ ਰਹਿ ਗਏ ਹਾਂ।

ਜਿਹੜੀਆਂ ਸੰਸਥਾਵਾਂ ਸਾਡੇ ਪੁਰਖਿਆਂ ਨੇ ਵੀਹਵੀਂ ਸਦੀ ਦੇ ਆਰੰਭ ਵਿੱਚ ਪੰਥਕ ਜਾਹੋ ਜਲਾਲ ਨੂੰ ਉਜਾਗਰ ਕਰਨ ਤਥਾ ਸੰਭਾਲਣ ਲਈ ਸਿਰਜੀਆਂ ਅਸੀਂ ਉਨ੍ਹਾਂ ਦੇ ਪਿਛੋਕੜ ਬਾਰੇ ਨ ਤਾਂ ਬਹੁਤਾ ਜਾਣਦੇ ਨ ਹੀ ਜਾਨਣ ਦੀ ਜਗਿਆਸਾ ਰੱਖਦੇ ਹਾਂ।

ਖ਼ਾਸ ਕਰਕੇ ਮਹਿਸੂਸ ਹੁੰਦਾ ਹੈ ਜੇਕਰ ਅਸੀਂ ਅੱਜ ਵਰਤਮਾਨ ਸਮੇਂ ਬਤੌਰ ਸਿੱਖ ਆਪਣੀ ਪੰਥਕ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਨਾ ਹੈ ਤਾਂ ਸਾਨੂੰ 1798 ਤੋਂ 1849 ਤੱਕ ਸਿੱਖ ਰਾਜ ਬਣਨ ਤੇ ਖਤਮ ਹੋਣ ਦੇ ਉਤਰਾਵਾਂ ਚੜ੍ਹਾਵਾਂ ਵਾਲਾ ਬਹੁਤ ਸਹਜ ਸੰਜਮ ਤੇ ਸਮਝ



ਦੀ ਦ੍ਰਿਸ਼ਟੀ ਤੋਂ ਲਗਾਤਾਰ ਪੜ੍ਹਨ ਦੇ ਅਭਿਆਸੀ ਬਣਨਾ ਜ਼ਰੂਰੀ ਹੈ। 1849 ਤੋਂ ਲੈ ਕੇ 1873 ਤੱਕ ਦੀ ਆਪਣੀ ਦਿਸ਼ਾ ਤੇ ਦਸ਼ਾ ਨੂੰ ਰੂਹ ਵਿੱਚ ਵਸਾਉਣ ਦੀ ਜ਼ਰੂਰਤ ਹੈ। ਜੋ ਮੋੜ ਪੰਥਕ ਜ਼ਿੰਮੇਵਾਰੀਆਂ ਵਾਲਾ ਸਾਡੇ ਪੁਰਖਿਆਂ ਨੇ ਵਕਤ ਦੀ ਪੀੜਾ ਨੂੰ ਹੰਢਾਉਂਦਿਆਂ 1873 ਵਿੱਚ ਕੱਟਿਆ ਉਸ ਦਾ ਇਤਿਹਾਸ ਗੁਰੂ ਨਦਰਿ ਦੇ ਪਾਤਰ ਬਣਦਿਆਂ ਅੱਖਰ ਅੱਖਰ ਪੜ੍ਹਨ ਵਿਚਾਰਨ ਤੇ ਅਪਨਾਉਣ ਲਈ ਖ਼ੁਦ ਨੂੰ ਹਰ ਵਕਤ ਤਿਆਰ ਰੱਖਣਾ ਚਾਹੀਦਾ ਹੈ। ਇਹ ਹੈ ਸਿੰਘ ਸਭਾ ਲਹਿਰ ਦਾ ਆਰੰਭ। ਪੂਰੇ ਵੇਰਵੇ ਤਾਂ ਸਿੰਘ ਸਭਾ ਲਹਿਰ ਦੇ ਇਤਿਹਾਸ ਨੂੰ ਪੜ੍ਹ ਵਿਚਾਰ ਕੇ ਹੀ ਸਮਝ ਪੈਣਗੇ। ਸਾਡੇ ਵਾਸਤੇ ਸਮਝ ਲਈ ਇਸ ਇਤਿਹਾਸ ( ਸਿੰਘ ਸਭਾ ਲਹਿਰ) ਦੇ ਰੂ-ਬ-ਰੂ ਹੋਣਾ ਨਿਹਾਇਤ ਜ਼ਰੂਰੀ ਹੈ।

ਸਿੰਘ ਸਭਾ ਲਹਿਰ ਨੇ ਪੰਥਕ ਜਿੰਮੇਵਾਰੀ ਵਜੋਂ ਸਿੱਖ ਵਿਦਿਅਕ ਲਹਿਰ ਉਸਾਰ ਕੇ ਜੋ ਕੀਤਾ ਹੈ ਉਸ ਲਈ ਉਨ੍ਹਾਂ ਪੰਥਕ ਸੂਰਬੀਰਾਂ ਦੇ ਰੋਮ ਰੋਮ ਤੋਂ ਧੰਨਵਾਦੀ ਹੋਣ ਦੀ ਸਦ ਸਦਾ ਲੋੜ ਹੈ। ਸਿੰਘ ਸਭਾਵਾਂ ਤੇ ਸਿੱਖ ਵਿਦਿਅਕ ਅਦਾਰਿਆਂ ਦਾ ਸੰਘਣਾ ਜਾਲ਼ ਸਾਧਨਾਂ ਤੇ ਸਮਰੱਥਾ ਦੀ ਘਾਟ ਦੇ ਬਾਵਜੂਦ ਉਸਾਰਨਾ ਕਿਸੇ ਕਰਾਮਾਤ ਤੋਂ ਘੱਟ ਨਹੀਂ ਆਖਿਆ ਜਾ ਸਕਦਾ। ਸਿੰਘ ਸਭਾਵਾਂ ਪਹਿਲਾਂ ਖਾਲਸਾ ਦੀਵਾਨ ਬਣੀਆਂ ਫਿਰ ਚੀਫ਼ ਖ਼ਾਲਸਾ ਦੀਵਾਨ ਬਣੀਆਂ। ਉਪਰੰਤ ਗੁਰਦੁਆਰਾ ਸੁਧਾਰ ਲਹਿਰ ਦੀ ਪ੍ਰੇਰਨਾ ਸ਼ਕਤੀ ਤੇ ਪਾਤਰਤਾ ਦੀ ਰੂਹ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ ਲਿਖਦਿਆਂ ਸਰਦਾਰ ਸਮਸ਼ੇਰ ਸਿੰਘ ਜੀ ਅਸ਼ੋਕ 1981 ਵਿੱਚ ਲਿਖਦੇ ਹਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਢ ਬੱਝਣ ਤੋਂ ਪਹਿਲਾਂ ਗੁਰਦੁਆਰਾ ਸੁਧਾਰ ਅੰਦੋਲਨ ਦਾ ਮੂਲ ਕਾਰਨ ਦਰਅਸਲ ਸਿੱਖਾਂ ਦੀ ਓਹ ਕੌਮੀ ਜਦੋਂ ਜਹਿਦ ਸੀ ਜਿਸ ਦੇ ਮੁੱਢ ਵਿੱਚ ਗੁਰਸਿੱਖੀ ਦਾ ਜਜ਼ਬਾ ਸ੍ਰੀ ਗੁਰੂ ਸਿੰਘ ਸਭਾ ਦੇ ਸਮੇਂ ਤੋਂ ਹੀ ਭਰਪੂਰ ਕੰਮ ਕਰਦਾ ਆ ਰਿਹਾ ਸੀ।

ਅਸੀਂ ਇਤਿਹਾਸ ਦੇ ਵਰਤਾਰਿਆਂ ਵਿੱਚ ਝਾਕਣ ਤੋਂ ਗ਼ੁਰੇਜ਼ ਕਰਦੇ ਹਾਂ। ਅਸੀਂ ਵਕਤ ਦੇ ਵਿਅਕਤੀਆਂ ਤੇ ਹਾਲਾਤਾਂ ਵਿਚੋਂ ਜਾਂ ਟੁੱਟ ਭੱਜ ਦੇ ਨਕਾਰਾ ਰੂਪ ਵਿਚੋਂ ਸੰਸਥਾ ਲੱਭਣ ਦੀ ਕੂੜੀ ਚੇਸ਼ਟਾ ਕਰਦੇ ਹਾਂ ਇਹ ਸਾਡੀ ਨ ਮੁਆਫ਼ਯੋਗ ਇਤਿਹਾਸਕ ਭੁੱਲ ਤੁੱਲ ਭੁੱਲ ਹੈ।

ਅੱਜ ਸੰਸਾਰ ਭਰ ਵੱਸਦਾ ਚੇਤੰਨ ਸਿੱਖ ਪੰਥਕ ਸਰੋਕਾਰਾਂ ਤੇ ਸੰਸਥਾਵਾਂ ਪ੍ਰਤੀ ਜਾਗਣ ਲੱਗਿਆ ਹੈ। ਭਾਵੇਂ ਇਹ ਜਾਗ ਸੁਪਨੇ ਵਿੱਚ ਜਾਗੇ ਮਨੁੱਖ ਵਰਗੀ ਅੱਧੀ ਅਧੂਰੀ ਹੈ। ਪੂਰੀ ਤਰ੍ਹਾਂ ਸੁਜਗ ਹੋਏ ਮਨੁੱਖ ਵਾਂਗ ਨਹੀਂ ਹੈ। ਫਿਰ ਵੀ ਇੱਕ ਛਿਨ ਮੁਬਾਰਕ ਆਖ ਕੇ ਜੀ ਆਇਆਂ ਕਹਿਣਾ ਯੋਗ ਹੈ।

ਸ਼੍ਰੋਮਣੀ ਅਕਾਲੀ ਦਲ ਕੇਵਲ ਬੋਧਿਕ ਉਦੇੜ ਬੁਣ ਦੀ ਅਵਸਥਾ ਵਿਚੋਂ ਪੈਦਾ ਹੋਈ ਜਾਂ ਵਕਤੀ ਮਕਸਦ ਲਈ ਬਣੀ ਸੰਸਥਾ ਨਹੀਂ ਸੀ ਤੇ ਨ ਹੀ ਹੋ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਪੰਥਕ ਸੁੱਚੀਆਂ ਭਾਵਨਾਵਾਂ ਦਾ ਪੰਥਕ ਪਹਿਰੇਦਾਰੀ ਵਾਲੇ ਜਾਹੋ ਜਲਾਲ ਨੂੰ ਸੰਭਾਲਣ ਵਾਲਾ ਪੰਥਕ ਮਕਸਦ ਹੈ। ਜਿਸ ਦਾ ਨਿਸ਼ਾਨਾ ਵੀ ਆਮ ਮਨੁੱਖੀ ਬੁੱਧੀ ਨਾਲੋਂ ਬਹੁਤ ਉਪਰ ਦਾ ਰੱਖਿਆ ਗਿਆ ਹੈ।

ਹੈਰਾਨ ਹੋਣ ਦੀ ਲੋੜ ਨਹੀਂ ਹੈ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਆਦੇਸ਼ਾਂ ਵਿੱਚ ਇਹ ਫਿਕਰਾ ਕਿਉਂ ਹੈ ? ਓਥੇ ਸਪੱਸ਼ਟ ਲਿਖਿਆ ਗਿਆ ਹੈ ਕਿ ਵਰਤਮਾਨ ਸਮੇਂ ਵਾਲੇ ਆਗੂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਦੀ ਯੋਗਤਾ ਨਹੀਂ ਰੱਖਦੇ ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਅਕਾਲ ਤਖਤ ਸਾਹਿਬ ਤੋਂ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜੋ ਨਿਯਤ ਸਮੇਂ ਵਿੱਚ ਨਿਯਮਾਂ ਅਨੁਸਾਰ ਪਾਰਦਰਸ਼ਤਾ ਵਾਲੀ ਜੁਗਤਿ ਅਪਣਾ ਕੇ ਭਰਤੀ ਕਰੇਗੀ। ਵਕਤ ਦੇ ਅਖੌਤੀ ਆਗੂਆਂ ਪਾਸੋਂ ਆਦੇਸ਼ ਦੇ ਸ਼ਬਦ ਹੀ ਬਰਦਾਸ਼ਤ ਨਹੀਂ ਹੋਏ ਤਾਂ 2 ਦਸੰਬਰ ਦੇ ਆਦੇਸ਼ਾਂ ਤੋਂ ਮੂੰਹ ਫੇਰ ਕੇ ਅਕਾਲ ਤਖ਼ਤ ਸਾਹਿਬ ਦੀ ਮਨਸਾ ਵਾਲਾ ਅਕਾਲੀ ਦਲ ਬਣਾਉਣ ਤੋਂ ਪਿੱਠ ਦਿਖਾ ਗਏ ਹਨ।

ਹੱਥਲੀ ਲਿਖਤ ਤੇ ਇਸ ਆਸ਼ੇ ਦੇ ਪ੍ਰਗਟਾਵੇ ਲਈ ਹੈ ਕਿ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲਾ ਅਕਾਲੀ ਦਲ ਬਣ ਸਕਦਾ ਹੈ। ਹਾਂ ਇਸ ਲਈ ਜੀਅਹੁ ਨਿਰਮਲ ਬਾਹਰਹੁ ਨਿਰਮਲ ਹੋਣ ਦੀ ਲੋੜ ਹੈ। ਜੇਕਰ ਇਸ ਅਵਸਥਾ ਵਿੱਚ ਅਸੀਂ ਸਿੱਖ ਕਹਾਉਣ ਵਾਲੇ ਜਾਣ ਲਈ ਤਿਆਰ ਨਹੀਂ ਤਾਂ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਅਸੀਂ ਪੰਥਕ ਹੋਣੀ ਸਿਰਜਣ ਤੋਂ ਬੇਮੁੱਖ ਹੋ ਰਹੇ ਹਾਂ।

ਜੋ ਹਸ਼ਰ ਵਰਤਮਾਨ ਸਮੇਂ ਦੇ ਬਾਦਲ ਧੜੇ ਨੇ ਆਪਣੀ ਗੁਲਾਮ ਬਣਾ ਲਈ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਖ਼ਤਾਂ ਦੀ ਗਰਿਮਾ ਤਥਾ ਮਾਣ ਸਨਮਾਨ ਦਾ ਕੀਤਾ ਹੈ ਤਖਤਾਂ ਦੇ ਜਥੇਦਾਰਾਂ ਨੂੰ ਅਤਿ ਅਪਮਾਨਿਤ ਢੰਗ ਨਾਲ ਸੇਵਾਵਾਂ ਤੋਂ ਫਾਰਗ ਕੀਤਾ ਹੈ ਇਹ ਇਤਿਹਾਸ ਦਾ ਵੱਡਾ ਕਲੰਕ ਹੈ ਇਨ੍ਹਾਂ ਦੇ ਮੱਥੇ ਦਾ ਓਥੇ ਇਹ ਸਭ ਕੁਝ ਇਹ ਦਰਸਾ ਰਿਹਾ ਹੈ ਇਨ੍ਹਾਂ ਹੀ ਦੀਆਂ ਸਵਾਰਥੀ ਲਾਲਚੀ ਪੰਥਕ ਭਾਵਨਾਵਾਂ ਵਿਰੋਧੀ ਜੁਗਤਾਂ ਨੇ ਬਚੇ ਖੁਚੇ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਨੂੰ ਫ਼ਨਾਹ ਕਰਵਾ ਲਿਆ ਹੈ। ਜੇਕਰ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਨਿਰਣਾ ਆਦੇਸ਼ ਰਾਹੀਂ ਅਕਾਲੀ ਦਲ ਦੀ ਮੁੜ ਸਥਾਪਤੀ ਦਾ ਨਿਰਣਾ ਅਕਾਲ ਤਖ਼ਤ ਸਾਹਿਬ ਤੋਂ ਆਇਆ ਹੈ ਤਾਂ ਇਹ ਪੰਥਕ ਸੋਚ, ਜਜ਼ਬੇ ਤੇ ਸਿਧਾਂਤ ਤੋਂ ਖਾਲੀ ਲੋਕ ਹੀ ਸਭ ਕੁਝ ਨੂੰ ਬਰਬਾਦੀ ਵੱਲ ਧੱਕਣ ਦੇ ਮੁਲਜ਼ਮ ਬਣ ਰਹੇ ਹਨ।

(ਬਾਕੀ ਸਫ਼ਾ 31 'ਤੇ)

# ਪੰਜਾਬ ਵਿੱਚ ਵਾਹੀਯੋਗ ਰਕਬਾ ਤੇਜ਼ੀ ਨਾਲ ਕਿਉਂ ਘਟ ਰਿਹਾ ?



ਗੁਰਪ੍ਰੀਤ ਸਿੰਘ ਤੂਰ
;ਸਾਬਕਾ ਸੀਨੀਅਰ ਪੁਲਿਸ ਅਫਸਰ

ਸ਼ਹਿਰਾਂ ਨੇੜਿਓ ਲੰਘਦੇ ਹਾਈਵੇਜ਼ ਤੇ ਬਾਈਪਾਸ ਦੇ ਆਸੇ-ਪਾਸੇ ਦੀ ਖੇਤੀਯੋਗ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਇਸ ਜ਼ਮੀਨ ਦੀ ਹੋਂਦ ਬਰਫ਼ ਦੀ ਸਿੱਲ੍ਹੀ ਵਾਂਗ ਹੈ। ਇਨ੍ਹਾਂ ਖੇਤਾਂ ਵਿੱਚ ਮੋਟਰਾਂ-ਟਿਊਬਵੈੱਲਾਂ 'ਤੇ ਰੁੱਖਾਂ ਦੀ ਹੋਂਦ ਸਲਾਟਰ ਹਾਊਸ ਵਿੱਚ ਬੇਵਸ ਖੜ੍ਹੇ ਮੌਤ ਦੀ ਉਡੀਕ ਕਰਦੇ ਬੇਜ਼ੁਬਾਨਾਂ ਵਾਂਗ ਹੈ। ਆਸੇ-ਪਾਸੇ ਉੱਸਰਦੀਆਂ ਵੱਡੀਆਂ ਇਮਾਰਤਾਂ ਤੇ ਚਲਦੀਆਂ ਮਸ਼ੀਨਾਂ ਦੀਆਂ ਆਵਾਜ਼ਾਂ ਰੁੱਖਾਂ 'ਤੇ ਰੈਣ-ਬਸੇਰੇ ਬਣਾਈ ਬੈਠੇ ਪਰਿੰਦਿਆਂ ਨੂੰ ਭੈਭੀਤ ਕਰ ਰਹੀਆਂ ਹਨ।

ਤੇਜ਼ੀ ਨਾਲ ਵਧ ਰਹੀ ਆਬਾਦੀ ਲਈ ਰਿਹਾਇਸ਼ੀ ਖੇਤਰਾਂ ਦੀ ਲੋੜ ਹੈ। ਆਵਾਜਾਈ ਤੇ ਵਿਕਾਸ ਲਈ ਹਾਈਵੇਜ਼ ਤੇ ਬਾਈਪਾਸ ਲੋੜੀਂਦੇ ਹਨ। ਪੂੰਜੀਵਾਦ ਤੇ ਖਪਤਕਾਰੀ ਦੌਰ ਵਿੱਚ ਵੱਡੀ ਗਿਣਤੀ ਵਿੱਚ ਨਵੇਂ-ਨਵੇਂ ਮਾਲਜ਼ ਤੇ ਸ਼ਾਪਿੰਗ ਕੰਪਲੈਕਸ ਹੋਂਦ ਵਿੱਚ ਆ ਰਹੇ ਹਨ। ਧਨ ਕੁਬੇਰਾਂ ਵੱਲੋਂ ਇਨ੍ਹਾਂ ਹਾਲਤਾਂ ਦਾ ਫ਼ਾਇਦਾ ਉਠਾਉਂਦਿਆਂ, ਅਜਿਹੇ ਪ੍ਰਾਜੈਕਟਾਂ ਦੇ ਨੇੜੇ ਵਾਹੀਯੋਗ ਸੈਂਕੜੇ ਏਕੜ ਜ਼ਮੀਨ ਖ਼ਰੀਦ ਕੇ ਵੱਡੇ ਆਰਥਿਕ ਲਾਭ ਬਟੋਰੇ ਜਾ ਰਹੇ ਹਨ। ਇਹ ਸਭ ਕੁਝ ਉਪਜਾਊ ਮਿੱਟੀ ਦੇ ਖ਼ਾਤਮੇ ਦੀ ਕੀਮਤ 'ਤੇ ਹੋ ਰਿਹਾ ਹੈ। ਲਾਲਸਾ ਅਤੇ ਕਾਲ਼ੇ ਧਨ ਦੀ ਸਮਰੱਥਾ ਨੇ ਉਪਜਾਊ ਜ਼ਮੀਨ ਦੇ ਖ਼ਾਤਮੇ ਨੂੰ ਗਤੀ ਪ੍ਰਦਾਨ ਕੀਤੀ। ਜ਼ਮੀਨ ਦੇ 'ਪੂਲਿੰਗ ਪ੍ਰਚੇਜ਼' ਢੰਗ ਨੇ ਇਸ ਗਤੀ ਨੂੰ ਸਿਖ਼ਰਾਂ 'ਤੇ ਪਹੁੰਚਾਇਆ। ਇਸ ਨਾਲ ਕਿਸਾਨਾਂ ਤੇ ਕਿਰਤੀਆਂ ਦਾ ਉਜਾੜਾ ਹੁੰਦਾ ਹੈ ਅਤੇ ਦੇਸ਼ ਦੀ ਭੋਜਨ ਸੁਰੱਖਿਆ ਸਮਰੱਥਾ ਖ਼ਤਰੇ ਵਿਚ ਪੈਂਦੀ ਹੈ।

ਪ੍ਰਾਂਤ ਵਿੱਚ ਵਾਹੀਯੋਗ ਰਕਬਾ ਤੇਜ਼ੀ ਨਾਲ ਘਟ ਰਿਹਾ ਹੈ। ਸਾਲ 2000 ਵਿੱਚ ਪ੍ਰਾਂਤ ਕੋਲ 42.50 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਸੀ, ਜੋ ਘਰਾਂ, ਕਾਲੋਨੀਆਂ, ਸੜਕਾਂ ਤੇ ਉਦਯੋਗ ਲਈ 10,000 ਹੈਕਟੇਅਰ ਪ੍ਰਤੀ ਸਾਲ ਦੀ ਰਫ਼ਤਾਰ ਨਾਲ ਘਟਦੀ ਆ ਰਹੀ ਸੀ। ਸੂਬੇ ਵਿੱਚ ਉਸਾਰੀ ਅਧੀਨ ਨਵੇਂ ਹਾਈਵੇਜ਼ ਅਤੇ ਕੁਝ ਹਾਈਵੇਜ਼ ਨੂੰ ਚੌੜਿਆਂ ਕਰਨ ਸਮੇਂ 25,000 ਹੈਕਟੇਅਰ ਹੋਰ ਉਪਜਾਊ ਜ਼ਮੀਨ ਪਿਛਲੇ 10-15 ਵਰ੍ਹਿਆਂ ਦੌਰਾਨ ਖੇਤੀ ਧੰਦੇ ਦੀ ਸੂਚੀ ਵਿਚੋਂ ਬਾਹਰ ਹੋ ਗਈ। ਏਨਾ ਹੀ ਨਹੀਂ ਧਨ ਕੁਬੇਰਾਂ ਅਤੇ ਭੂਮਾਫ਼ੀਆ ਨੇ ਹਾਈਵੇਜ਼ ਤੇ ਬਾਈਪਾਸ ਨੇੜਲੀਆਂ ਥਾਵਾਂ ਉੱਤੇ ਕਾਲ਼ੇ ਧਨ ਦੀ ਅਥਾਹ ਵਰਤੋਂ ਕਰਦਿਆਂ ਪਿਛਲੇ 4-5 ਸਾਲਾਂ ਦੌਰਾਨ ਵੱਡੀ ਪੱਧਰ 'ਤੇ ਖੇਤੀਯੋਗ ਜ਼ਮੀਨ ਖ਼ਰੀਦ ਲਈ ਹੈ। ਪ੍ਰਾਂਤ ਦੇ ਵੱਡੇ ਸ਼ਹਿਰਾਂ ਨੇੜੇ ਕਈ ਪਿੰਡਾਂ ਦੀ 50 ਫ਼ੀਸਦੀ ਤੱਕ ਖੇਤੀਯੋਗ ਜ਼ਮੀਨ ਪਿਛਲੇ 4-5 ਵਰ੍ਹਿਆਂ ਦੌਰਾਨ ਹੀ ਵਾਹੀਯੋਗ ਜ਼ਮੀਨ ਦੀ ਸੂਚੀ ਵਿਚੋਂ



ਬਾਹਰ ਹੋ ਗਈ ਹੈ। ਵਾਹੀਯੋਗ ਜ਼ਮੀਨ ਦੇ ਖ਼ਾਤਮੇ ਸੰਬੰਧੀ ਸੂਬਾ ਸੰਕਟਕਾਲੀਨ ਹਾਲਤਾਂ ਵਿਚੋਂ ਲੰਘ ਰਿਹਾ ਹੈ।

ਜ਼ਿਲ੍ਹਾ ਮੁਹਾਲੀ ਵਾਹੀਯੋਗ ਜ਼ਮੀਨ ਦੇ ਮੁਕੰਮਲ ਖ਼ਾਤਮੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਮੁਹਾਲੀ ਤੋਂ ਖਰੜ, ਲਾਂਡਰਾਂ, ਬਨੂੜ, ਜ਼ੀਰਕਪੁਰ ਅਤੇ ਜ਼ੀਰਕਪੁਰ ਤੋਂ ਡੇਰਾਬੱਸੀ ਤੇ ਬਨੂੜ ਸਾਰੀਆਂ ਸੜਕਾਂ ਦੇ ਮੱਥੇ ਵਿਕੇ ਹੋਏ ਹਨ। ਇਸ ਦਾ ਓਵਰਫਲੋ ਰੂਪਨਗਰ ਤੇ ਫ਼ਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਉੱਪਰ ਨਜ਼ਰ ਆਉਣ ਲੱਗ ਪਿਆ ਹੈ। ਪ੍ਰਾਂਤ ਵਿਚੋਂ ਦੀ ਲੰਘਦੇ ਨੈਸ਼ਨਲ ਹਾਈਵੇ ਤੇ ਸਟੇਟ ਹਾਈਵੇ 'ਤੇ ਲਗਦੀਆਂ ਜ਼ਮੀਨਾਂ ਦਾ ਤਿੰਨ-ਚੌਥਾਈ ਦੇ ਲਗਭਗ ਹਿੱਸਾ ਵਿਕ ਚੁੱਕਾ ਹੈ।

ਪ੍ਰਾਂਤ ਵਿੱਚ ਖ਼ਾਸ ਤੌਰ 'ਤੇ ਤਿੰਨ ਵੱਡੇ ਸ਼ਹਿਰ- ਲੁਧਿਆਣਾ, ਮੁਹਾਲੀ, ਜਲੰਧਰ ਸੈਂਕੜੇ ਪਿੰਡਾਂ ਦੀ ਹੋਂਦ ਨੂੰ ਪੱਕੇ ਤੌਰ 'ਤੇ ਖ਼ਤਮ ਕਰ ਗਏ ਹਨ। ਲੁਧਿਆਣਾ ਆਜ਼ਾਦੀ ਦੇ 75 ਵਰ੍ਹਿਆਂ ਬਾਅਦ 150 ਤੋਂ ਵੱਧ ਪਿੰਡ ਆਪਣੇ ਵਿੱਚ ਸਮੋ ਚੁੱਕਾ ਹੈ। ਜਮਾਲਪੁਰ, ਭਾਮੀਆ, ਸ਼ੇਰਪੁਰ, ਡਾਬਾ, ਗਿਆਸਪੁਰਾ, ਢੰਡਾਰੀ ਕਲਾਂ ਤੇ ਖ਼ੁਰਦ, ਜੁਗਿਆਣਾ, ਲੁਹਾਰਾ, ਬੇਗੋਵਾਲ, ਧਾਂਦਰਾ, ਦੁੱਗਰੀ, ਫੁੱਲਾਂਵਾਲ, ਦਾਦ, ਜਵੱਦੀ, ਸਨੇਤ, ਬਾੜੇਵਾਲ, ਪ੍ਰਤਾਪਪੁਰਾ, ਜੱਸੀਆਂ, ਭੌਰਾ, ਕਾਰਾਬਾਰਾ, ਫਾਗਲਾ, ਮਿਹਰਬਾਨ, ਢੋਲੇਵਾਲ, ਗੋਬਿੰਦਗੜ੍ਹ, ਥਰੀਕੇ ਆਦਿ ਅਜਿਹੇ ਪਿੰਡ ਹਨ, ਜਿਨ੍ਹਾਂ ਕੋਲ ਇੱਕ ਖੇਤ ਵੀ ਖੇਤੀਯੋਗ ਜ਼ਮੀਨ ਨਹੀਂ ਬਚੀ। ਲੁਧਿਆਣਾ ਦੇ ਆਸੇ-ਪਾਸੇ ਲਗਭਗ 50 ਹੋਰ ਪਿੰਡ ਤੇਜ਼ੀ ਨਾਲ ਇਸ ਸੂਚੀ ਵਿੱਚ ਦਾਖ਼ਲ ਹੋ ਰਹੇ ਹਨ। ਕਈ ਪਿੰਡਾਂ ਦੇ ਅੱਧਿਓਂ ਵੱਧ ਖੇਤ ਖ਼ਤਮ ਹੋ ਗਏ ਹਨ। ਲੁਧਿਆਣੇ ਸ਼ਹਿਰ ਤੋਂ ਬਾਹਰ ਆਉਂਦੀ ਹਰ ਸੜਕ ਇੱਕ ਵੱਖਰਾ ਸ਼ਹਿਰ ਹੈ।

ਕਈ ਅਭਾਗੇ ਪਿੰਡਾਂ ਦੇ ਖੇਤ, ਹਾਈਵੇਅ ਲੰਘਣ ਨਾਲ ਸੁਤੇ-ਸਿੱਧ ਸ਼ਿਕਾਰੀ ਦੀ ਲਪੇਟ ਵਿਚ ਆ ਗਏ ਹਨ। ਉਨ੍ਹਾਂ ਨੂੰ ਉਦੋਂ ਪਤਾ ਲੱਗਦਾ ਹੈ ਜਦੋਂ ਉਨ੍ਹਾਂ ਦੇ ਨਾਲ ਲਗਦੇ ਖੇਤਾਂ ਨੂੰ ਭੂਮਾਫ਼ੀਆ ਦੁਆਰਾ ਰੰਗੀਨ ਟੀਨਾਂ ਨਾਲ ਘੇਰ ਲਿਆ ਜਾਂਦਾ ਹੈ। ਉਹ ਖੇਤ ਜਿਨ੍ਹਾਂ ਨੂੰ ਦਹਾਕਿਆਂ ਤੋਂ ਪੁੰਗਰਦੇ ਬੀਜਾਂ ਦੀ ਛੋਹ ਪ੍ਰਾਪਤ ਸੀ, ਅਚਾਨਕ ਕੰਕਰੀਟ ਦੇ ਅਥਾਹ ਭਾਰ ਹੇਠਾਂ ਦੱਬੇ ਜਾ ਰਹੇ ਹਨ। ਕਿਸਾਨ ਤੇ ਕਿਸਾਨ ਪਰਿਵਾਰਾਂ ਦੇ ਖੇਤਾਂ ਨਾਲ ਸਦੀਆਂ ਪੁਰਾਣੇ ਸੰਬੰਧ ਚੰਦ ਦਿਨਾਂ 'ਚ ਟੁੱਟ ਰਹੇ ਹਨ। ਪੰਜਾਬ ਖੇਤੀ ਪ੍ਰਮੁੱਖ ਸੂਬਾ ਹੋਣ ਦਾ ਆਪਣਾ ਵਜੂਦ ਗਵਾ ਰਿਹਾ ਹੈ।

ਨੈਸ਼ਨਲ ਹਾਈਵੇ ਅਥਾਰਿਟੀ ਆਫ਼ ਇੰਡੀਆ ਦੁਆਰਾ ਪੰਜਾਬ ਵਿੱਚ ਨਵੇਂ ਉਸਾਰੇ ਤੇ ਚੌੜੇ ਕੀਤੇ ਜਾ ਰਹੇ ਹਾਈਵੇਜ਼ ਨੂੰ ਗਰੀਨ ਤੇ ਬਰਾਊਨ ਫੀਲਡ ਪ੍ਰੋਜੈਕਟਾਂ ਵਿੱਚ ਵੰਡਿਆ ਗਿਆ ਹੈ। ਇਸ ਸਮੇਂ ਪ੍ਰਾਂਤ ਵਿੱਚ 16 ਗਰੀਨ ਅਤੇ 9 ਬਰਾਊਨ ਹਾਈਵੇ ਉਸਾਰੀ ਅਧੀਨ ਹਨ। ਕੁਝ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ ਤੇ ਬਹੁਤੇ ਪ੍ਰਾਜੈਕਟ ਮੁਕੰਮਲ ਹੋਣ ਵਾਲੇ ਹਨ। ਨੈਸ਼ਨਲ ਹਾਈਵੇ- 1 ਨੂੰ ਲੁਧਿਆਣਾ ਤੋਂ ਬਾਈਪਾਸ ਕਰਦਾ ਸਦਰਨ (ਦੱਖਣੀ) ਬਾਈਪਾਸ ਦੋ ਪੜਾਵਾਂ ਵਿੱਚ ਮੁਕੰਮਲ ਹੋਇਆ। ਪਹਿਲਾ ਦੋਰਾਹੇ ਤੋਂ ਫ਼ਿਰੋਜ਼ਪੁਰ ਰੋਡ ਤੱਕ ਜੋ 2012-13 ਵਿੱਚ ਮੁਕੰਮਲ ਹੋਇਆ। ਦੂਜਾ ਇਥੋਂ ਲਾਢੋਵਾਲ ਤੱਕ ਲਾਢੋਵਾਲ ਬਾਈਪਾਸ 16 ਕਿਲੋਮੀਟਰ ਲੰਮਾ ਹੈ ਜੋ 2020-21 ਦੌਰਾਨ ਮੁਕੰਮਲ ਹੋਇਆ। ਇਹ ਦੂਜੇ ਬਾਈਪਾਸ ਦੀ ਕਹਾਣੀ ਹੈ।

ਇਹ ਬਾਈਪਾਸ ਲੁਧਿਆਣਾ-ਫ਼ਿਰੋਜ਼ਪੁਰ ਰੋਡ ਤੋਂ ਮਿਲਕ ਪਲਾਂਟ, ਸੁਨੇਤ, ਬਾੜੇਵਾਲ, ਸਿੰਘਪੁਰ, ਇਯਾਲੀ ਕਲਾਂ, ਇਯਾਲੀ ਖ਼ੁਰਦ, ਮਲਕਪੁਰ, ਜੈਨਪੁਰ, ਬੱਗਾਂ ਕਲਾਂ, ਚਾਹੜਾ, ਮਾਣੇਵਾਲ ਤੇ ਲੋਢੋਵਾਲ ਪਿੰਡਾਂ ਦੀ ਜ਼ਮੀਨ ਵਿੱਚ ਦੀ ਲੰਘਦਾ ਹੈ। ਇਸ ਬਾਈਪਾਸ ਦੀ ਕਨਸੋਅ ਮਿਲਣ 'ਤੇ ਹੀ ਕਈ ਵੱਡਿਆਂ ਘਰਾਣਿਆਂ ਨੇ ਜ਼ਮੀਨ ਖ਼ਰੀਦਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ। ਜ਼ਮੀਨ ਐਕੁਆਇਰ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਰੀਅਲ ਅਸਟੇਟ ਦੀ ਚਹਿਲ-ਪਹਿਲ ਨਜ਼ਰ ਆਈ। ਜਦੋਂ ਬਾਈਪਾਸ ਲਈ ਜ਼ਮੀਨ ਐਕੁਆਇਰ ਹੋਣ ਲੱਗੀ ਤਾਂ ਇਸ ਕਤਾਰ ਵਿਚ ਵੱਡੇ ਘਰਾਣਿਆਂ ਦੀ ਵਿਸ਼ੇਸ਼ ਸ਼ਮੂਲੀਅਤ ਵਿਖਾਈ ਦਿੱਤੀ। ਇਸ ਬਾਈਪਾਸ ਦੇ ਨਿਰਮਾਣ ਦੌਰਾਨ ਵੱਡਿਆਂ ਘਰਾਣਿਆਂ ਵੱਲੋਂ ਜ਼ਮੀਨ ਖ਼ਰੀਦਣ ਦਾ ਰੁਝਾਨ ਨਿਰੰਤਰ ਜਾਰੀ ਰਿਹਾ। ਜਦ ਇਹ ਬਾਈਪਾਸ ਮੁਕੰਮਲ ਹੋਇਆ ਤਾਂ ਬਾਕੀ ਬਚੀ ਜ਼ਮੀਨ ਖ਼ਰੀਦਣ ਲਈ ਜੱਦੋ-ਜਹਿਦ ਹੋਰ ਤੇਜ਼ ਹੋ ਗਈ। ਸਾਲ 2023-24 ਦੌਰਾਨ ਇਸ ਸੜਕ ਦੇ ਆਸੇ-ਪਾਸੇ ਦੋ ਕਰੋੜ ਸਰਕਾਰੀ

(ਬਾਕੀ ਸਫ਼ਾ 31 'ਤੇ)

# ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ

## ਬੱਚਿਆਂ ਨੂੰ ਵੀ ਰਿਸ਼ਤਿਆਂ ਦੀ ਅਹਿਮੀਅਤ ਸਿਖਾਉਣ ਪੰਜਾਬੀ

## ਸਾਂਝੇ ਪਰਿਵਾਰਾਂ ਦੀ ਥਾਂ ਵਧਿਆ ਇਕਹਿਰੇ ਪਰਿਵਾਰਾਂ ਦਾ ਰੁਝਾਨ








-ਅੱਜ ਦੇ ਆਧੁਨਿਕ ਅਤੇ ਖਪਤਕਾਰੀ ਯੁੱਗ ਵਿੱਚ ਸਾਂਝੇ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਅਸਲੀਅਤ ਤਾਂ ਇਹ ਹੈ ਕਿ ਵੱਡੀ ਗਿਣਤੀ ਪੰਜਾਬੀਆਂ ਦੇ ਅੱਲੜ੍ਹ ਤੇ ਨੌਜਵਾਨ ਬੱਚੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿੱਚ ਪੜ੍ਹਾਈ ਜਾਂ ਰੁਜ਼ਗਾਰ ਲਈ ਚਲੇ ਗਏ ਹਨ ਅਤੇ ਪੰਜਾਬ ਵਿੱਚ ਸਿਰਫ਼ ਬੁੱਢੜੇ ਮਾਪੇ ਰਹਿ ਗਏ ਹਨ। ਪੰਜਾਬ 'ਚੋਂ ਪਰਵਾਸ ਸਿਰਫ਼ ਵਿਦੇਸ਼ਾਂ ਨੂੰ ਹੀ ਨਹੀਂ ਹੋ ਰਿਹਾ ਸਗੋਂ ਪਿੰਡਾਂ ਤੋਂ ਵੀ ਸ਼ਹਿਰਾਂ ਵੱਲ ਪਰਵਾਸ ਹੋ ਰਿਹਾ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਪਿੰਡਾਂ ਵਿੱਚ ਜਿਹੜੇ ਲੋਕ ਗੱਡੀਆਂ ਦੇ ਮਾਲਕ ਹੁੰਦੇ ਹਨ, ਉਹ ਲੋਕ ਸ਼ਹਿਰਾਂ ਵਿੱਚ ਆ ਕੇ ਬੱਸ ਦੀ ਇੱਕ ਸਵਾਰੀ ਬਣ ਜਾਂਦੇ ਹਨ। ਇਸ ਦੇ ਬਾਵਜੂਦ ਪਿੰਡਾਂ ਤੋਂ ਸ਼ਹਿਰਾਂ ਵੱਲ ਵੱਧ ਰਿਹਾ ਪਰਵਾਸ ਜਾਰੀ ਹੈ।

ਸਾਂਝੇ ਪਰਿਵਾਰਾਂ ਦਾ ਵੱਡਾ ਗੁਣ ਹੈ ਕਿ ਹਰ ਬੱਚਾ ਆਪਣੇ ਪਰਿਵਾਰ ਵਿੱਚ ਰਹਿ ਕੇ ਹੀ ਰਿਸ਼ਤਿਆਂ ਦੀ ਅਹਿਮੀਅਤ ਸਮਝਦਾ ਹੈ। ਸਾਂਝੇ ਪਰਿਵਾਰ ਵਿੱਚ ਬੱਚੇ ਦੇ ਮਾਪਿਆਂ ਦੇ ਨਾਲ ਤਾਏ, ਚਾਚੇ, ਦਾਦਾ ਦਾਦੀ, ਭੂਆ, ਚਾਚੀਆਂ ਤਾਈਆਂ ਵੀ ਉਸਦਾ ਧਿਆਨ ਰੱਖਦੇ ਹਨ। ਜਦੋਂ ਬੱਚਾ ਨਾਨਕੇ ਜਾਂਦਾ ਹੈ ਤਾਂ ਨਾਨਕਾ ਪਰਿਵਾਰ ਵਿੱਚ ਨਾਨਾ-ਨਾਨੀ, ਮਾਮੇ ਮਾਮੀਆਂ, ਮਾਸੀਆਂ ਆਦਿ ਵੀ ਬੱਚੇ ਨੂੰ ਬਹੁਤ ਪਿਆਰ ਕਰਦੇ ਹਨ। ਇਹ ਰਿਸ਼ਤੇ ਅਸਲ ਵਿੱਚ ਕਾੜ੍ਹਨੀ ਦੇ ਦੁੱਧ ਵਰਗੇ ਪਵਿੱਤਰ ਅਤੇ ਗੁਣਾਂ ਨਾਲ ਭਰਪੂਰ ਹੁੰਦੇ ਹਨ। ਮੋਹ ਦੀ ਤੰਦ ਇਹਨਾਂ ਰਿਸ਼ਤੇਦਾਰਾਂ ਨੂੰ ਆਪਸ ਵਿੱਚ ਜੋੜੀ ਰੱਖਦੀ ਹੈ। ਸਾਂਝੇ ਪਰਿਵਾਰ ਵਿੱਚ ਬੱਚਾ ਜਲਦੀ ਹਰ ਵਸਤੂ ਸਮਝਣ ਲੱਗ ਜਾਂਦਾ ਹੈ, ਉਸ ਨੂੰ ਦੁਨੀਆਂਦਾਰੀ ਦੀ ਸਮਝ ਬਹੁਤ ਛੇਤੀ ਆ ਜਾਂਦੀ ਹੈ।

ਦੂਜੇ ਪਾਸੇ ਇਕਹਿਰੇ ਪਰਿਵਾਰਾਂ ਦੇ ਬੱਚੇ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤਿਆਂ ਤੋਂ ਅਕਸਰ ਕੋਰੇ ਰਹਿ ਜਾਂਦੇ ਹਨ। ਅੱਜ ਕੱਲ੍ਹ ਤਾਂ ਪੰਜਾਬ ਦੇ ਵਸਨੀਕਾਂ ਦੇ ਵਧੇਰੇ ਬੱਚੇ ਵਿਦੇਸ਼ ਚਲੇ ਗਏ ਹਨ ਅਤੇ ਪਰਦੇਸਾਂ ਵਿੱਚ ਉਹਨਾਂ ਨੂੰ ਰਿਸ਼ਤਿਆਂ ਦੀ ਅਹਿਮੀਅਤ ਉਂਝ ਵੀ ਭੁਲਦੀ ਜਾਂਦੀ ਹੈ ਅਤੇ ਵਿਦੇਸ਼ੀ ਸੱਭਿਆਚਾਰ ਨੂੰ ਅਪਨਾਉਣ ਨੂੰ ਤਰਜੀਹ ਦੇਣ ਲੱਗਦੇ ਹਨ। ਭਾਵੇਂ ਕਿ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਨੇ ਆਪਣੇ ਬੱਚਿਆਂ ਨੂੰ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤਿਆਂ ਦੀ ਅਹਿਮੀਅਤ ਅਤੇ ਮਹਾਨਤਾ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ ਪਰ ਵਿਦੇਸ਼ ਗਏ ਵੱਡੀ ਗਿਣਤੀ ਬੱਚੇ ਰਿਸ਼ਤਿਆਂ ਨੂੰ ਘੱਟ ਅਹਿਮੀਅਤ ਦਿੰਦੇ ਹਨ।



ਹਰ ਰਿਸ਼ਤੇ ਦੀ ਆਪਣੀ ਇੱਕ ਪਹਿਚਾਣ ਹੁੰਦੀ ਹੈ ਅਤੇ ਵੱਡੀ ਗਿਣਤੀ ਬੱਚੇ ਮਾਪਿਆਂ ਵੱਲੋਂ ਦਿੱਤੀ ਗਈ ਚੰਗੀ ਸਿੱਖਿਆ ਅਨੁਸਾਰ ਹੀ ਹਰ ਰਿਸ਼ਤੇ ਦਾ ਮਾਣ-ਸਨਮਾਨ ਕਰਦੇ ਹਨ। ਬੱਚਿਆਂ ਨੂੰ ਹਰ ਰਿਸ਼ਤੇ ਬਾਰੇ ਸਹੀ ਜਾਣਕਾਰੀ ਉਹਨਾਂ ਦੇ ਮਾਪੇ ਹੀ ਦੇ ਸਕਦੇ ਹਨ। ਭਾਵੇਂ ਕਿ ਅੱਜ ਦੇ ਖਪਤਕਾਰੀ ਅਤੇ ਨਿੱਜਵਾਦ ਦੇ ਯੁੱਗ ਵਿੱਚ ਪਰਿਵਾਰ ਦਾ ਹਰ ਮੈਂਬਰ ਘਰ ਵਿਚੋਂ ਆਪਣਾ ਹਿੱਸਾ ਲੈਣ ਲਈ ਸੰਘਰਸ਼ ਕਰਦਾ ਦਿਖਾਈ ਦਿੰਦਾ ਹੈ ਪਰ ਫੇਰ ਵੀ ਘਰੇਲੂ ਮਸਲੇ ਕਈ ਵਾਰ ਆਪਸੀ ਭਾਈਚਾਰਕ ਸਾਂਝ ਨਾਲ ਹੀ ਹੱਲ ਹੋ ਜਾਂਦੇ ਹਨ। ਦੂਜੇ ਪਾਸੇ ਕਈ ਵਾਰ ਘਰ ਅਤੇ ਜ਼ਮੀਨ ਵਿਚੋਂ ਆਪੋ ਆਪਣਾ ਹਿੱਸਾ ਲੈਣ ਮੌਕੇ ਇੱਕ ਦੂਜੇ ਪ੍ਰਤੀ ਤਨਾਓ ਪੈਦਾ ਹੋ ਜਾਂਦਾ ਹੈ। ਇਸ ਤਰਾਂ ਚੰਗੇ ਭਲੇ ਰਿਸ਼ਤਿਆਂ ਵਿੱਚ ਤਰੇੜਾਂ ਪੈ ਜਾਂਦੀਆਂ ਹਨ। ਭਾਵੇਂਕਿ ਬਾਅਦ ਵਿੱਚ ਪਰਿਵਾਰਕ ਮੈਂਬਰਾਂ ਵੱਲੋਂ ਆਪਸੀ ਸਾਂਝ ਪਕੇਰੀ ਕਰਨ ਲਈ ਯਤਨ ਕੀਤੇ ਜਾਂਦੇ ਹਨ ਪਰ ਕੰਧਾਂ 'ਤੇ ਪਈਆਂ ਤਰੇੜਾਂ ਨੂੰ ਕਾਗ਼ਜ਼ ਲਗਾ ਕੇ ਨਹੀਂ ਮੇਟਿਆ ਜਾ ਸਕਦਾ। ਕਈ ਮਾਪੇ ਆਪਣੇ ਬੱਚਿਆਂ ਸਾਹਮਣੇ ਹੀ ਕਿਸੇ ਰਿਸ਼ਤੇਦਾਰ ਦੀ ਬਦਖੋਈ ਜਾਂ ਬਦਨਾਮੀ ਕਰਦੇ ਹਨ ਅਤੇ ਅਨਮੋਲ ਬੱਚੇ ਕਈ ਵਾਰ ਸਬੰਧਿਤ ਰਿਸ਼ਤੇਦਾਰ ਨੂੰ ਹੀ ਦੱਸ ਦਿੰਦੇ ਹਨ ਕਿ ਉਹਨਾਂ ਬਾਰੇ ਬੱਚਿਆਂ ਦੇ ਮਾਪਿਆਂ ਦੇ ਕਿਹੋ ਜਿਹੇ ਵਿਚਾਰ ਹਨ। ਇਸ ਕਾਰਨ ਵੀ ਕਈ ਵਾਰ ਰਿਸ਼ਤੇਦਾਰਾਂ ਵਿਚਾਲ ਤਨਾਓ ਪੈਦਾ ਹੋ ਜਾਂਦਾ ਹੈ।



ਹੁਣ ਉਹ ਵੇਲਾ ਨਹੀਂ ਰਿਹਾ ਕਿ ਗੁਆਂਢ ਦੀਆਂ ਕੁੜੀਆਂ ਅਤੇ ਰਿਸ਼ਤੇਦਾਰਾਂ ਦੀਆਂ ਕੁੜੀਆਂ ਰਲ ਮਿਲ ਕੇ ਪੀਂਘਾ ਝੂਟਣ, ਚਰਖਾ ਕੱਤਣ ਅਤੇ ਚਾਦਰਾਂ ਕੱਢਣ। ਹੁਣ ਤਾਂ ਬੱਚੇ ਆਪੋ ਆਪਣੇ ਘਰਾਂ ਵਿੱਚ ਰਹਿ ਕੇ ਮੋਬਾਇਲ ਅਤੇ ਕੰਪਿਊਟਰ ਗੇਮਾਂ ਖੇਡਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਬੱਚਿਆਂ ਅਤੇ ਮਾਪਿਆਂ ਦੇ ਅਨੇਕਾਂ ਦੋਸਤ ਬਣ ਜਾਂਦੇ ਹਨ ਪਰ ਇਹ ਲੋਕ ਆਪਣੇ ਰਿਸ਼ਤੇਦਾਰਾਂ ਤੋਂ ਹੀ ਦੂਰ ਹੁੰਦੇ ਜਾਂਦੇ ਹਨ। ਕਈ ਵਾਰ ਤਾਂ ਇਹ ਦੂਰੀ ਏਨੀ ਜ਼ਿਆਦਾ ਵੱਧ ਜਾਂਦੀ ਹੈ ਕਿ ਇਕੋ ਸ਼ਹਿਰ ਵਿੱਚ ਰਹਿੰਦੇ ਹੋਏ ਰਿਸ਼ਤੇਦਾਰ ਵੀ ਇੱਕ ਤਰਾਂ ਅਜਨਬੀ ਬਣ ਜਾਂਦੇ ਹਨ।

ਇਸ ਸਮੇਂ ਪੰਜਾਬੀ ਪੂਰੀ ਦੁਨੀਆਂ ਵਿੱਚ ਫ਼ੈਲੇ ਹੋਏ ਹਨ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਰਿਸ਼ਤਿਆਂ ਸਬੰਧੀ ਸਹੀ ਜਾਣਕਾਰੀ ਦੇਣ ਅਤੇ ਆਪਣੇ ਬੱਚਿਆਂ ਨੂੰ ਹਰ ਰਿਸ਼ਤੇ ਦੀ ਕਦਰ ਕਰਨਾ ਸਿਖਾਉਣ। ਅਸਲ ਵਿੱਚ ਆਪਸੀ ਰਿਸ਼ਤੇ ਕਾੜ੍ਹਨੀ ਦੇ ਦੁੱਧ ਵਰਗੇ ਪਵਿੱਤਰ ਅਤੇ ਗੁਣਾਂ ਨਾਲ ਭਰਪੂਰ ਹੁੰਦੇ ਹਨ। ਇਸ ਲਈ ਇਹਨਾਂ ਰਿਸ਼ਤਿਆਂ ਨਾਲ ਮੋਹ ਦੀਆਂ ਤੰਦਾਂ ਹੋਰ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ।





# ਸਮੇਂ ਅਨੁਸਾਰ ਬਦਲਦੇ ਰਹੇ ਅਕਾਲੀ ਸਿਆਸਤ ਦੇ ਰੰਗ





ਬਲਕਾਰ ਸਿੰਘ (ਪ੍ਰੋਫ਼ੈਸਰ)

ਵਰਤਮਾਨ ਅਕਾਲੀ ਸਿਆਸਤ ਦੇ ਸੰਕਟ ਦੀ ਜੜ੍ਹ ਵਿੱਚ ਸਦਾ ਵਾਂਗ ਅਕਾਲੀ ਸਿਆਸਤ ਦੇ ਰੰਗ ਹੀ ਹਨ। ਆਪਣਿਆਂ ਹੱਥੋਂ ਆਪ ਮਰਨ ਦੀ ਸਿਆਸਤ ਇਸੇ ਦਾ ਹਾਸਲ ਹੈ। ਪਹਿਲਾਂ ਇਹ ਰੰਗ ਅੰਦਰੋਂ ਉਘੜਦੇ ਰਹਿੰਦੇ ਸਨ ਅਤੇ ਇਸ ਵੇਲੇ ਇਹ ਬਾਹਰੋਂ ਉਘੜਨ ਦੀ ਬੇਤਰਤੀਬੀ ਕਾਰਨ ਬਹੁਤੇ ਹੀ ਖਿੱਲਰੇ-ਖਿੱਲਰੇ ਲੱਗਣ ਲੱਗ ਪਏ ਹਨ। ਸੌ ਸਾਲ ਪੁਰਾਣੇ ਅਕਾਲੀ ਦਲ ਦੇ ਸ਼ੁਰੂਆਤੀ ਦੌਰ ਵਿੱਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਵਿਚਕਾਰ ਸਿਆਸੀ ਮਤਭੇਦ ਵਾਂਗ ਸਾਹਮਣੇ ਆਏ ਸਨ। ਇਵੇਂ ਹੀ ਪਹੁੰਚ ਮਤਭੇਦ ਵਾਂਗ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਵਿਚਕਾਰ ਨਜ਼ਰ ਆਉਂਦੇ ਰਹੇ। ਇਹੀ ਰੰਗ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਹਿ ਸਿੰਘ ਵਿਚਕਾਰ ਕਾਇਮ ਰਿਹਾ ਸੀ।ਇਸੇ ਦੀ ਲਗਾਤਾਰਤਾ ਵਿੱਚ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੇ ਪਹੁੰਚ ਮਤਭੇਦਾਂ ਦੇ ਬਾਵਜੂਦ ਇਹ ਦੋਵੇਂ ਸਿਆਸੀ ਸ਼ਰੀਕਾਂ ਅਤੇ ਪੰਥਕ ਸਹਿਯੋਗੀਆਂ ਵਾਂਗ ਨਿਭਦੇ ਰਹੇ। ਇਨ੍ਹਾਂ ਬਾਰੇ ਪੰਜਾਬੀ ਚੇਤਨਾ ਦੀ ਇਹ ਧਾਰਨਾ ਨਜ਼ਰ ਆਉਂਦੀ ਰਹੀ ਹੈ ਕਿ ਹਰ ਅਕਾਲੀ ਦੇ ਅੰਦਰ ਬਾਦਲ ਅਤੇ ਟੌਹੜਾ ਦੋਵੇਂ ਗੁੱਥਮ-ਗੁੱਥਾ ਨਜ਼ਰ ਆ ਜਾਂਦੇ ਹਨ। ਇਨ੍ਹਾਂ ਦੋਹਾਂ ਨਾਲੋਂ ਵੱਖਰੀ ਸਿਆਸਤ ਕਰਨ ਦੇ ਇੱਛੁਕਾਂ ਦੀਆਂ ਸਿਆਸੀ ਕੋਸ਼ਿਸ਼ਾਂ ਨੂੰ ਬਹੁਤਾ ਬੂਰ ਉਨ੍ਹਾਂ ਦੇ ਸਹਿਯੋਗੀ ਸੁਰ ਵਿਚ ਹੁੰਦਿਆਂ ਨਹੀਂ ਪਿਆ ਸੀ। ਸੰਤ ਜਰਨੈਲ ਸਿੰਘ ਦੀ ਆਮਦ ਨਾਲ ਪੈਦਾ ਹੋਏ ਹਾਲਾਤ ਵਿੱਚ ਪੈਦਾ ਹੋਈ ਖਾੜਕੂ ਲਹਿਰ ਨਾਲ ਅਕਾਲੀ ਮੁੱਖਧਾਰਾ ਨਾਲੋਂ ਨਿਖੜ ਕੇ ਸਿਆਸਤ ਕਰਨ ਦੀਆਂ ਸੰਭਾਵਨਾਵਾਂ ਸਾਹਮਣੇ ਆਉਣ ਲੱਗ ਪਈਆਂ ਸਨ। ਇਸੇ ਸਪੇਸ ਵਿੱਚ ਅਕਾਲੀ ਧੜਿਆਂ ਦੀ ਸ਼ੁਰੂ ਹੋਈ ਸਿਆਸਤ, ਇਸ ਵੇਲੇ ਆਪਣੀ ਸਿਖਰ 'ਤੇ ਇਸ ਤਰ੍ਹਾਂ ਪਹੁੰਚ ਚੁੱਕੀ ਹੈ, ਜਿਵੇਂ ਕੋਈ ਵੀ ਕਿਸੇ ਦੇ ਨਾਲ ਨਾ ਹੋਵੇ।

ਆਪਾ-ਧਾਪੀ ਸਿਆਸਤ ਵਾਲੀ ਅਜਿਹੀ ਹਾਲਤ ਵਿੱਚ ਅਕਾਲੀ ਧੜਿਆਂ ਨੇ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਭਾਈ ਮਨਜੀਤ ਸਿੰਘ ਨੂੰ ਬੇਨਤੀ ਕੀਤੀ ਸੀ ਕਿ ਸਾਰਿਆਂ ਨੂੰ ਇਕੱਠੇ ਕਰ ਕੇ ਇੱਕ ਅਕਾਲੀ ਦਲ ਬਣਾ ਸਕਣ ਦੀਆਂ ਸੰਭਾਵਨਾਵਾਂ ਸਾਹਮਣੇ ਲਿਆਂਦੀਆਂ ਜਾਣ। ਇਸੇ ਦੇ ਨਤੀਜੇ ਵਾਸਤੇ 'ਅੰਮ੍ਰਿਤਸਰ ਐਲਾਨਨਾਮਾ' ਤਿਆਰ ਕੀਤਾ ਗਿਆ ਸੀ ਅਤੇ ਪ੍ਰਕਾਸ਼ ਸਿੰਘ ਬਾਦਲ ਤੋਂ ਬਿਨਾਂ ਅਕਾਲੀ ਰੰਗ ਦੇ ਸਾਰੇ ਧੜਿਆਂ ਨੂੰ ਸਾਰੇ ਧੜਾ ਮੁਖੀਆਂ ਦੀ ਸਹਿਮਤੀ ਨਾਲ 1994 ਵਿੱਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਬਣਾ ਦਿੱਤਾ ਗਿਆ ਸੀ। ਇਸ ਨਵੇਂ ਬਣੇ ਅਕਾਲੀ ਦਲ ਦੀ ਪਹਿਲੀ ਕਾਨਫ਼ਰੰਸ ਸੁਨਾਮ (ਸੰਗਰੂਰ) ਵਿੱਚ ਸੁਰਜੀਤ ਸਿੰਘ ਦੀ ਅਗਵਾਈ ਵਿੱਚ ਬੁਲਾਈ ਗਈ ਸੀ। ਇਸ ਤੋਂ ਪਹਿਲਾਂ ਹੀ ਅਕਾਲੀ ਨੇਤਾਵਾਂ ਵਿਚਕਾਰ ਐਲਾਨਨਾਮੇ ਵਿਚਲੇ ਲਫ਼ਜ਼ 'ਕਨਫ਼ੈਡਰਲ' ਬਾਰੇ ਸਮਝਣ ਸਮਝਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਸਾਰੇ ਲੀਡਰਾਂ ਨੇ ਆਪਣੇ ਭਾਸ਼ਣਾਂ ਵਿੱਚ ਇਸ ਲਫ਼ਜ਼ ਦੀ ਵਿਧਾਨਕ ਪ੍ਰਸੰਗਕਤਾ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਅਕਾਲੀ ਸਿਆਸਤ ਨੂੰ ਲੋਕਤੰਤਰੀ ਸੁਰ ਵਿੱਚ ਉਸਾਰੇ ਜਾਣ ਦੀ ਪੈਰਵਾਈ ਕੀਤੀ ਸੀ ਪਰ ਜਦੋਂ ਸਿਮਰਨਜੀਤ ਸਿੰਘ ਮਾਨ ਨੇ ਬੋਲਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਇਸੇ ਲਫ਼ਜ਼ ਦੁਆਲੇ ਆਪਣਾ ਸਿਆਸੀ ਏਜੰਡਾ ਸਾਰਿਆਂ ਦੇ ਸਾਹਮਣੇ ਲਲਕਾਰਵੀਂ ਸੁਰ ਵਿੱਚ ਰੱਖ ਦਿੱਤਾ ਸੀ। ਇਸ ਨਾਲ ਕਿਸੇ ਵੀ ਲੀਡਰ ਦੀ ਸਹਿਮਤੀ ਨਾ ਹੋਣ ਕਰ ਕੇ ਨਵੇਂ ਬਣੇ ਅਕਾਲੀ ਦਲ ਦੀ ਅਗਵਾਈ ਫ਼ਿਰ ਇੱਕ ਧੜੇ ਵਾਲੇ ਰੰਗ ਦੇ ਮੁਦਈ ਅਕਾਲੀ ਦਲ ਮਾਨ ਦੇ ਹੱਥ ਆ ਗਈ ਸੀ। ਬਾਦਲਕਿਆਂ ਨੇ ਇਸ ਅਵਸਰ ਨੂੰ ਵਰਤ ਕੇ ਬਹੁਤੇ ਅਕਾਲੀ ਰੰਗਾਂ ਨੂੰ ਆਪਣੀ ਛਤਰੀ ਹੇਠ ਬੇਸ਼ੱਕ ਲੈ ਆਂਦਾ ਸੀ ਪਰ ਸਾਰੇ ਅਕਾਲੀ ਰੰਗ ਆਪੋ-ਆਪਣੇ ਰੰਗ ਵਿੱਚ ਸਿਆਸਤ ਅੰਦਰੋਂ ਵੀ ਅਤੇ ਬਾਹਰੋਂ ਵੀ ਕਰਦੇ ਰਹੇ ਸਨ।

ਬਾਦਲਕਿਆਂ ਦੇ ਇਸੇ ਰੰਗ ਨਾਲ 'ਪਿਦਰਮ ਸੁਲਤਾਨ ਬੂਦ' ਦੀ ਭਾਵਨਾ ਵਿੱਚ ਨਿਭਣ ਦੀਆਂ ਕੋਸ਼ਿਸ਼ਾਂ ਅਕਾਲੀ ਦਲ 'ਤੇ ਕਾਬਜ਼ ਧੜੇ ਵੱਲੋਂ ਹੋ ਰਹੀਆਂ ਹਨ ਹਾਲਾਂਕਿ 2 ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਰਾਹੀਂ ਦਾਗ਼ੀਆਂ ਅਤੇ ਬਾਗ਼ੀਆਂ ਦੀ ਅਕਾਲੀ ਲੀਡਰਸ਼ਿਪ ਨੂੰ ਅਗਵਾਈ ਕਰਨ ਦੀ ਨੈਤਿਕਤਾ ਗੁਆ ਚੁੱਕੀ ਐਲਾਨ ਦਿੱਤਾ ਗਿਆ ਸੀ ਅਤੇ ਅਕਾਲੀ ਰੰਗ ਵਾਲੇ ਸਿਆਸੀ ਧੜਿਆਂ ਨੂੰ ਆਪੋ-ਆਪਣੀਆਂ ਦੁਕਾਨਾਂ ਸਮੇਟਣ ਵਾਸਤੇ ਕਿਹਾ ਗਿਆ ਸੀ। ਸੰਗਤੀ ਸਾਖ ਵਾਲੇ ਅਕਾਲੀ ਦਲ ਵਾਸਤੇ ਨਵੇਂ ਸਿਰਿਉਂ ਭਰਤੀ ਕਰਨ ਦੀ ਦੇਖ-ਰੇਖ ਵਾਸਤੇ 7 ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਹੜੀ ਇਸ ਵੇਲੇ ਪੰਜ ਮੈਂਬਰੀ ਕਮੇਟੀ ਦੇ ਰੂਪ ਵਿੱਚ, ਹੁਣ ਹੋ ਰਹੀ ਭਰਤੀ ਦੀ ਨਜ਼ਰਸਾਨੀ ਕਰ ਰਹੀ ਹੈ। ਅਕਾਲੀਆਂ ਵੱਲੋਂ ਮਿਲ ਰਿਹਾ ਉਤਸ਼ਾਹੀ ਹੁੰਗਾਰਾ, ਪੰਜਾਬ ਨੂੰ ਸੂਬਾਈ ਪਾਰਟੀ ਦੀ ਲੋੜ ਵੱਲ ਇਸ਼ਾਰਾ ਕਰ ਰਿਹਾ ਹੈ। ਇਸ ਨਾਲ ਖਾੜਕੂ ਸਿਆਸਤ ਦੇ ਮੁਦਈਆਂ ਵਿਚਕਾਰ ਹਿੱਲਜੁਲ ਸ਼ੁਰੂ ਹੋ ਗਈ ਹੈ। ਖਾੜਕੂ ਸਿਆਸਤ ਦੇ ਮੁਦਈ ਅਕਾਲੀ ਰੰਗਾਂ ਵਿੱਚ ਅਕਾਲੀ ਦਲ ਮਾਨ ਅਤੇ ਅਕਾਲੀ ਦਲ ਅੰਮ੍ਰਿਤਪਾਲ ਮੁੱਖ ਹਨ। ਇਨ੍ਹਾਂ ਦੋਹਾਂ ਨੂੰ ਖਾੜਕੂ ਦਾਨਸ਼ਵਰ ਇਕੱਠੇ ਕਰ ਕੇ ਪੰਜਾਬ ਦੀ ਥਾਂ ਦੁਨੀਆਂ ਭਰ ਦੇ ਸਿੱਖਾਂ ਨੂੰ ਲੋੜੀਂਦੇ ਅਕਾਲੀ ਦਲ ਵਾਂਗ ਸਾਹਮਣੇ ਲਿਆਉਣਾ ਚਾਹੁੰਦੇ ਹਨ ਪਰ ਅਕਾਲੀ ਦਲ ਨੂੰ ਅਕਾਲੀ ਦੁਕਾਨਾਂ ਵਾਂਗ ਚਲਾਏ ਜਾਣ ਦੀ ਸਿਆਸਤ ਤੋਂ ਉਪਰ ਉੱਠ ਕੇ ਪੰਥਕ ਸੁਰ 'ਤੇ ਪਹਿਰਾ ਦੇ ਸਕਣ ਦੀ ਸਿਆਸਤ ਦੀਆਂ ਸੰਭਾਵਨਾਵਾਂ ਕਿਧਰੇ ਨਜ਼ਰ ਨਹੀਂ ਆਉਂਦੀਆਂ।

ਪਿਛਲੇ ਦਿਨਾਂ ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਾਮ 'ਤੇ ਪਹਿਲਾਂ ਜਨਮ ਦਿਨ 'ਤੇ ਅਤੇ ਫ਼ਿਰ ਪਹਿਲੀ ਅਪ੍ਰੈਲ ਨੂੰ ਬਰਸੀ 'ਤੇ ਜਿਸ ਤਰ੍ਹਾਂ ਬਾਦਲਕਿਆਂ ਤੋਂ ਬਿਨਾਂ ਅਕਾਲੀ ਦਲ ਦੇ ਬਹੁਤੇ ਰੰਗ ਜੁੜ ਕੇ ਬੈਠੇ ਸਨ, ਉਸ ਨਾਲ ਟੌਹੜਾ ਸ਼ੈਲੀ ਵਿੱਚ ਅਕਾਲੀ ਦਲ ਦੇ ਬਹੁਤੇ ਰੰਗਾਂ ਨੂੰ ਇੱਕ ਪਲੈਟਫ਼ਾਰਮ 'ਤੇ ਲਿਆਂਦਾ ਜਾ ਸਕਦਾ ਹੈ। ਟੌਹੜਾ ਸ਼ੈਲੀ ਇਹ ਹੈ ਕਿ ਅਕਾਲੀ ਦਲ ਦੇ ਦੁਕਾਨਨੁਮਾ ਧੜਿਆਂ ਦੀ ਥਾਂ ਸੰਗਤੀ ਸੁਰ ਵਿੱਚ ਸਰਬੱਤ ਦੇ ਭਲੇ ਵਾਲੀ ਅਕਾਲੀਅਤ ਵਾਸਤੇ ਅਗਵਾਈ ਕਰਨ ਦੇ ਮੌਕੇ ਤਲਾਸ਼ੇ ਜਾਣ। ਅਜਿਹੀ ਤਲਾਸ਼ ਦਾ ਮੁੱਦਾ 'ਪੰਥ ਵਸੇ ਮੈਂ ਉਜੜਾਂ ਮਨ ਚਾਉ ਘਨੇਰਾ' ਹੋਣਾ ਚਾਹੀਦਾ ਹੈ। ਇਸ ਨੂੰ ਸਿਆਸੀ ਨਾਅਰੇ ਵਾਂਗ ਵਰਤਣ ਦੀ ਥਾਂ 'ਨਿਆਸਰਿਆਂ ਦੀ ਓਟ' ਦੀ ਸਿਧਾਂਤਕੀ ਵਾਂਗ ਆਮ ਪੰਜਾਬੀ ਮਾਨਸਿਕਤਾ ਵਿੱਚ ਉਤਾਰੇ ਜਾਣ ਦੀ ਲੋੜ ਹੈ। ਅਕਾਲੀਅਤ, ਪੰਥਕ ਹੋ ਕੇ ਵੀ ਪੰਜਾਬੀਅਤ ਨੂੰ ਨਾਲ ਲੈ ਕੇ ਤੁਰਦੀ ਰਹੀ ਹੈ। ਅਕਾਲੀ ਸਿਆਸਤ ਵਿੱਚੋਂ ਇਹ ਭਾਵਨਾ ਖਾੜਕੂ ਦੌਰ ਵਿੱਚ ਕਿਰਨੀ ਸ਼ੁਰੂ ਹੋਈ ਸੀ ਅਤੇ ਉਹੀ ਅੱਜ ਤੱਕ ਗਲ ਪਏ ਢੋਲ ਵਾਂਗ ਲਟਕੀ ਜਾਂਦੀ ਹੈ। ਇਸ ਨਾਲੋਂ ਨਿਖੜ ਕੇ ਤੁਰ ਸਕਣ ਦਾ ਕਿਰਿਆਸ਼ੀਲ (ਪ੍ਰੋਐਕਟਿਵ) ਸਿਆਸੀ ਏਜੰਡਾ ਜਿੰਨਾ ਚਿਰ ਤਿਆਰ ਨਹੀਂ ਕਰਾਂਗੇ, ਓਨਾ ਚਿਰ ਖਾੜਕੂ ਸਿਆਸਤ ਦੀ ਚੂਲ ਪ੍ਰਤੀਕਿਰਿਆਸ਼ੀਲ (ਰਿਐਕਟਿਵ) ਏਜੰਡੇ ਦੀ ਸਿਆਸੀ ਹੋਣੀ ਭੁਗਤਣੀ ਪਵੇਗੀ। ਪੰਜਾਬ ਦੀ ਸਿਆਸਤ ਵਿੱਚ ਵਿਚਰਦੇ ਸਿਆਸਤਦਾਨਾਂ ਦੇ ਧਿਆਨ ਵਿੱਚ ਇਹ ਰਹਿਣਾ ਚਾਹੀਦਾ ਹੈ ਕਿ ਜਿਵੇਂ ਪੰਜਾਬ ਦੀ ਕਮਿਊਨਿਸਟ ਸਿਆਸਤ ਨੂੰ ਨਕਸਲਬਾੜੀ ਸਿਆਸਤ ਨੇ ਅਪ੍ਰਸੰਗਕ ਕੀਤਾ ਹੋਇਆ ਹੈ, ਉਸੇ ਤਰ੍ਹਾਂ ਅਕਾਲੀ ਸਿਆਸਤ ਨੂੰ ਖਾੜਕੂ ਸਿਆਸਤ ਨੇ ਅਪ੍ਰਸੰਗਕ ਕੀਤਾ ਹੋਇਆ ਹੈ। ਇਸ ਨੂੰ ਨਹੀਂ ਸਮਝਾਂਗੇ ਤਾਂ ਮਿਲੀ ਹੋਈ ਸਥਿਤੀ ਵਿੱਚ ਸ਼ਾਹ ਮੁਹੰਮਦ ਦੀ ਇਹ ਗੱਲ ਸਿਆਸੀ ਸਚਾਈ ਵਾਂਗ ਯਾਦ ਰੱਖਣੀ ਪਵੇਗੀ ਕਿ 'ਘਰੋਂ ਗਏ ਫ਼ਿਰੰਗੀ ਦੇ ਮਾਰਨੇ ਨੂੰ ਸਗੋਂ ਕੁੰਜੀਆਂ ਹੱਥ ਫ਼ੜਾ ਆਏ'।

# ਸਿੱਖ ਸੰਸਥਾਵਾਂ ਨੂੰ ਲੱਗੀ ਸਿਆਸੀ ਸਿਓਂਕ



ਡਾ. ਰੂਪ ਸਿੰਘ
(ਸਾਬਕਾ ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ)

ਸੰਨ 1873 ਤੋਂ ਲੈ ਕੇ 1982 ਤੀਕ ਕੇਵਲ 21 ਹੁਕਮਨਾਮੇ ਜਾਰੀ ਤੇ ਇੰਨ-ਬਿੰਨ ਲਾਗੂ ਹੋਏ। ਇੱਕ ਉਦਾਹਰਨ ਦੇਣੀ ਚਾਹੁੰਦਾ ਹਾਂ, ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖ਼ਸ਼ੋ।" ਪੱਚੀ ਜਨਵਰੀ 1952 ਨੂੰ ਸਿੱਖ ਅਰਦਾਸ 'ਚ ਇਹ ਸ਼ਬਦ ਸ਼ਾਮਲ ਕਰਨ ਲਈ ਹੁਕਮਨਾਮਾ ਜਾਰੀ ਹੋਇਆ ਜੋ ਹੂਬਹੂ ਅੱਜ ਤੀਕ ਲਾਗੂ ਹੈ। ਤੁਸੀਂ ਹੈਰਾਨ ਹੋਵੋਗੇ, ਜਦ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ, ਪਾਕਿਸਤਾਨ ਵਿੱਚ ਇਨ੍ਹਾਂ ਸ਼ਬਦਾਂ ਨੂੰ ਹੂਬਹੂ ਸੁਣੋਗੇ।

ਸੰਨ 1982 ਤੋਂ 22 ਜੁਲਾਈ 2011 ਤੀਕ 131 ਹੁਕਮਨਾਮੇ, 37 ਆਦੇਸ਼, 26 ਸੰਦੇਸ਼ ਤੇ 10 ਦੇ ਕਰੀਬ ਵਿਸ਼ੇਸ਼ ਮਤੇ ਜਾਰੀ ਕੀਤੇ ਗਏ। ਵਰਤਮਾਨ ਤੀਕ ਹੁਕਮਨਾਮਿਆਂ, ਆਦੇਸ਼ਾਂ ਤੇ ਸੰਦੇਸ਼ਾਂ ਦੀ ਗਿਣਤੀ ਸੈਂਕੜਿਆਂ ਤੀਕ ਪਹੁੰਚ ਗਈ ਹੋਵੇਗੀ। ਮਾਰਚ 1999 'ਚ ਭਾਈ ਰਣਜੀਤ ਸਿੰਘ ਨੂੰ ਜਥੇਦਾਰ ਦੇ ਸਤਿਕਾਰਤ ਅਹੁਦੇ ਤੋਂ ਹਟਾ ਕੇ 'ਸਰਕਟ ਹਾਊਸ' ਸ੍ਰੀ ਅੰਮ੍ਰਿਤਸਰ ਵਿਖੇ ਗਿਆਨੀ ਪੂਰਨ ਸਿੰਘ ਨੂੰ ਜਥੇਦਾਰ ਲਾਇਆ ਗਿਆ। ਮਾਰਚ 2000 'ਚ ਗਿਆਨੀ ਪੂਰਨ ਸਿੰਘ ਨੂੰ ਹਟਾ ਕੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜਥੇਦਾਰ ਲਾਏ ਗਏ। ਉਨ੍ਹਾਂ ਨੇ ਗਿਆਨੀ ਪੂਰਨ ਸਿੰਘ ਵੱਲੋਂ ਜਾਰੀ ਹੁਕਮਨਾਮਿਆਂ ਨੂੰ 29 ਮਾਰਚ 2000 ਦੀ ਮੀਟਿੰਗ ਸਮੇਂ 'ਅਣਉੱਚਿਤ ਤੇ ਨਾਜਾਇਜ਼' ਕਰਾਰ ਦੇ ਕੇ ਰੱਦ ਕਰ ਦਿੱਤਾ।

ਸਭ ਤੋਂ ਵੱਧ ਕਿਰਕਰੀ ਉਸ ਸਮੇਂ ਹੋਈ ਜਦ 24 ਸਤੰਬਰ 2015 ਨੂੰ 'ਰਾਮ-ਰਹੀਮ' ਵਾਲੇ ਹੁਕਮਨਾਮੇ ਨੂੰ ਜਾਰੀ ਕਰ ਕੇ ਪੰਥਕ ਵਿਰੋਧ ਕਾਰਨ ਵਾਪਸ ਲੈਣਾ ਪਿਆ। ਇਸ 'ਹੁਕਮਨਾਮੇ' ਨੂੰ ਲਾਗੂ ਕਰਾਉਣ ਤੇ ਪ੍ਰਚਾਰਨ-ਪ੍ਰਸਾਰਨ ਵਾਸਤੇ ਸਿਆਸੀ ਸਲਾਹਕਾਰ ਦੀ 'ਸਲਾਹ' ਉੱਤੇ 92 ਲੱਖ ਰੁਪਏ ਦੇ ਕਰੀਬ ਸ਼੍ਰੋਮਣੀ ਕਮੇਟੀ ਨੂੰ ਖ਼ਰਚਣੇ ਪਏ। ਇਹ ਸਭ 'ਸਿਆਸੀ ਸ਼ਖ਼ਸੀ' ਪ੍ਰਭਾਵ ਸਦਕਾ ਹੀ ਵਾਪਰਿਆ ਜਿਸ ਕਾਰਨ ਸਿੱਖ ਮਾਨਸਿਕਤਾ ਨੂੰ ਗਹਿਰੇ ਜ਼ਖ਼ਮ ਪਹੁੰਚੇ ਹਨ। ਦੋ ਦਸੰਬਰ 2024 ਨੂੰ ਜਾਰੀ ਹੁਕਮਨਾਮੇ ਅਨੁਸਾਰ ਇਹ ਰਕਮ ਸਮੇਤ ਵਿਆਜ 7 'ਅਕਾਲੀ' ਆਗੂਆਂ ਤੋਂ ਵਸੂਲੀ ਗਈ ਜੋ ਨੈਤਿਕ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਨ ਦੇ ਯੋਗ ਨਹੀਂ ਰਹੇ।

ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਹੋਏ 'ਗੁਨਾਹਾਂ' ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੰਗਤ ਦੀ ਹਾਜ਼ਰੀ 'ਚ ਸੰਗਤੀ ਰੂਪ ਵਿੱਚ ਸਵੀਕਾਰਿਆ ਤੇ ਮੰਨਿਆ ਗਿਆ ਪਰ ਬਾਅਦ ਵਿੱਚ ਪੂਰਨ ਰੂਪ 'ਚ ਪ੍ਰਵਾਨ ਨਹੀਂ ਕੀਤਾ ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਵੱਕਾਰ ਨੂੰ ਢਾਹ ਲੱਗਣੀ ਸੁਭਾਵਿਕ ਹੈ। ਸਿਆਸੀ ਸ਼ਖ਼ਸੀਅਤਾਂ ਦੇ ਬਚਾਅ ਲਈ 'ਸੰਸਥਾਵਾਂ' ਨੂੰ ਦਾਅ 'ਤੇ ਲਾਇਆ ਗਿਆ ਜੋ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ।

ਪੰਜ ਦਸੰਬਰ 2011 ਨੂੰ ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪੰਥ ਰਤਨ, ਫ਼ਖ਼ਰੇ-ਏ-ਕੌਮ' ਦਾ ਖ਼ਿਤਾਬ 'ਦਿਵਾਇਆ' ਗਿਆ ਜੋ (ਮਰਨ ਉਪਰੰਤ) 2 ਦਸੰਬਰ 2024 ਨੂੰ ਵਾਪਸ ਲਿਆ ਗਿਆ। ਸ਼ਾਇਦ ਇਹ ਪਹਿਲੀ ਸਿਆਸੀ ਸਿੱਖ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ 'ਪੰਥ ਰਤਨ, ਫ਼ਖ਼ਰੇ-ਏ-ਕੌਮ' ਦਾ ਖ਼ਿਤਾਬ ਦਿੱਤਾ ਤੇ ਵਾਪਸ ਲਿਆ ਗਿਆ। ਇਹ ਹੁਕਮ 'ਬਾਦਲ ਪਰਿਵਾਰ' ਦਿਲੋ-ਦਿਮਾਗ ਤੋਂ ਪ੍ਰਵਾਨ ਨਹੀਂ ਕਰ ਪਾਇਆ ਜਿਸ ਕਾਰਨ 'ਅੰਤਰਿੰਗ ਕਮੇਟੀ' ਰਾਹੀਂ 26 ਦਿਨਾਂ 'ਚ ਪੰਜਾਬ ਦੇ ਤਿੰਨਾਂ ਹੀ ਤਖ਼ਤਾਂ ਦੇ 'ਜਥੇਦਾਰ' ਬਦਲ ਦਿੱਤੇ ਗਏ।

ਜਥੇਦਾਰ ਪਹਿਲਾਂ ਵੀ ਬਦਲੇ ਜਾਂਦੇ ਰਹੇ ਹਨ ਪਰ ਇਸ ਤਰ੍ਹਾਂ ਕਰਨ ਨਾਲ 'ਸਿੱਖ ਸੰਸਥਾਵਾਂ' ਉੱਤੇ ਸਿਆਸੀ ਸ਼ਖ਼ਸੀਅਤਾਂ ਦੀ ਪ੍ਰਮੁੱਖਤਾ ਪ੍ਰਗਟ ਹੁੰਦੀ ਹੈ। ਸੰਸਥਾਵਾਂ ਦੀ ਕਾਰਜਸ਼ੈਲੀ ਤੇ ਵੱਕਾਰ ਨੂੰ ਭਾਰੀ ਠੇਸ ਪਹੁੰਚੀ ਹੈ ਜਿਸ ਸਦਕਾ ਸਿੱਖ ਮਾਨਸਿਕਤਾ ਵਲੂੰਧਰੀ ਹੋਈ ਹੈ। 'ਸਰਬਉੱਚ ਸੰਸਥਾ' ਦੇ ਮਾਣ-ਸਤਿਕਾਰ ਨੂੰ 'ਸਿਆਸੀ ਸ਼ਖ਼ਸੀ ਸਿਓਂਕ' ਨੇ 25 ਸਾਲਾਂ 'ਚ ਜੋ ਢਾਹ ਲਾਈ ਹੈ, ਉਸ ਦਾ ਪੰਥਕ ਸਫ਼ਾਂ 'ਚ ਰੋਸ ਤੇ ਰੋਹ ਸੁਭਾਵਿਕ ਹੈ।

ਸਿਆਸੀ ਜਥੇਬੰਦੀ, ਵਿਧਾਨਕ ਸੰਸਥਾ (ਸ਼੍ਰੋਮਣੀ ਕਮੇਟੀ) ਜ਼ਰੀਏ ਸਿਧਾਂਤਕ ਸੰਸਥਾ 'ਤੇ ਕਾਬਜ਼ ਹੋਣ ਕਾਰਨ ਹੀ ਸਮਕਾਲੀ ਸਮੱਸਿਆ ਸਿੱਖ ਸਮਾਜ ਨੂੰ ਦਰਪੇਸ਼ ਹੈ। ਦੂਸਰੀ ਪ੍ਰਮੁੱਖ ਧਾਰਮਿਕ-ਸਮਾਜਿਕ ਸਿੱਖ ਸੰਸਥਾ, 'ਸ਼੍ਰੋਮਣੀ ਕਮੇਟੀ, ਸ੍ਰੀ ਅੰਮ੍ਰਿਤਸਰ ਹੈ ਜੋ 15 ਨਵੰਬਰ 1920 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਂਦ ਵਿੱਚ ਆਈ ਸੀ। ਗੁਰਦੁਆਰਾ ਪ੍ਰਬੰਧ ਸੁਧਾਰ-ਅਕਾਲੀ ਲਹਿਰ ਦੇ ਸਮੇਂ ਹੀ 'ਜਥੇਦਾਰ' ਸ਼ਬਦ ਪ੍ਰਚਲਿਤ ਤੇ ਪ੍ਰਸਿੱਧ ਹੋਇਆ। ਅਕਾਲੀ ਲਹਿਰ ਸਮੇਂ 'ਵਿਧਾਨਕ ਸੰਸਥਾ' ਨੂੰ ਸਿੱਖ ਪਾਰਲੀਮੈਂਟ ਵਜੋਂ ਮਾਣ-ਸਤਿਕਾਰ ਹਾਸਲ ਹੋਇਆ। ਸੰਖੇਪ ਵਿੱਚ ਇਸ ਦੇ 100 ਸਾਲਾ ਇਤਿਹਾਸ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ।

'ਸ਼੍ਰੋਮਣੀ ਕਮੇਟੀ ਦੀ ਸਿਰਜਣਾ ਤੋਂ ਲੈ ਕੇ ਸਿੱਖ ਗੁਰਦੁਆਰਾ ਐਕਟ 1925 ਪ੍ਰਵਾਨ ਕਰਨ ਤੀਕ ਇਹ ਸੰਸਥਾ 'ਸ਼੍ਰੋਮਣੀ ਸਿੱਖ ਸੰਸਥਾ' ਵਜੋਂ ਕਾਰਜਸ਼ੀਲ ਰਹੀ। ਇਸ ਸਮੇਂ ਦੌਰਾਨ ਸਿੱਖ ਸੰਸਥਾ ਨੇ ਇਤਿਹਾਸਕ ਕੀਰਤੀਮਾਨ ਸਥਾਪਤ ਕਰਦਿਆਂ ਵਿਸ਼ਾਲ ਅੰਗਰੇਜ਼ ਸਾਮਰਾਜ ਦੀਆਂ ਗੋਡੀਆਂ ਲਗਾ ਦਿੱਤੀਆਂ। ਅੰਗਰੇਜ਼ਾਂ ਨੇ ਸਿੱਖ ਸੰਸਥਾ ਨੂੰ ਜ਼ਰਜ਼ਰਾ ਕਰਨ ਲਈ ਗੁਰਦੁਆਰਾ ਐਕਟ ਰਾਹੀਂ 'ਸਿਆਸੀ ਸਿਓਂਕੜ' ਲਾ ਦਿੱਤੀ। ਸੰਨ 1926 'ਚ ਪਹਿਲੀ ਵਾਰ ਸਿੱਖ ਸੰਸਥਾ ਵੋਟਾਂ ਰਾਹੀਂ ਚੁਣੀ ਗਈ ਤੇ ਸਿੱਖ ਕੌਮ ਦੋ ਧੜਿਆਂ 'ਚ ਪੱਕੇ ਤੌਰ 'ਤੇ ਵੰਡੀ ਗਈ।

ਇਸ ਸਿਆਸੀ ਸ਼ੁਰੂਆਤ ਨਾਲ ਹੀ 'ਸਿੱਖ ਸੰਸਥਾ' ਤੋਂ ਵਿਧਾਨਕ ਸਿੱਖ ਸੰਸਥਾ ਬਣ ਗਈ। ਸਿਧਾਂਤਕ ਸੰਸਥਾ 'ਸ੍ਰੀ ਅਕਾਲ ਤਖ਼ਤ ਸਾਹਿਬ' ਦੇ ਸਿਆਸੀਕਰਨ ਦੀ ਇਕ ਉਦਾਹਰਨ ਕਾਫ਼ੀ ਹੈ। 'ਗੁਰਦੁਆਰਾ ਗਜ਼ਟ ਜੁਲਾਈ 1952 ਦੇ ਇੰਦਰਾਜ ਅਨੁਸਾਰ 'ਜਥੇਦਾਰ' ਅਕਾਲ ਤਖ਼ਤ ਸਾਹਿਬ ਦੀ ਚੋਣ ਹੋਈ ਤਾਂ ਗਿਆਨੀ ਪ੍ਰਤਾਪ ਸਿੰਘ ਨੂੰ 75 ਵੋਟਾਂ ਅਤੇ ਮੁਕਾਬਲੇ 'ਚ ਖੜ੍ਹੇ ਗਿਆਨੀ ਅੱਛਰ ਸਿੰਘ ਨੂੰ 72 ਵੋਟਾਂ ਮਿਲੀਆਂ। ਇੱਕ ਵੋਟ ਰੱਦ ਹੋਈ। ਚੋਣ ਅਨੁਸਾਰ ਪ੍ਰਧਾਨ ਸਾਹਿਬ ਨੇ ਗਿਆਨੀ ਪ੍ਰਤਾਪ ਸਿੰਘ ਨੂੰ 'ਜਥੇਦਾਰ' ਸ੍ਰੀ ਅਕਾਲ ਤਖ਼ਤ ਸਾਹਿਬ ਐਲਾਨ ਦਿੱਤਾ'। ਸੰਨ 1926 ਤੋਂ 1962 ਤੀਕ ਵੱਖ-ਵੱਖ ਪ੍ਰਧਾਨਾਂ 'ਚੋਂ ਸਭ ਤੋਂ ਲੰਬਾ ਸਮਾਂ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਰਹੇ।

ਮਾਸਟਰ ਜੀ ਇੱਕ ਵਾਰ ਪ੍ਰੇਮ ਸਿੰਘ ਲਾਲਪੁਰਾ ਤੋਂ ਤਿੰਨ ਵੋਟਾਂ ਨਾਲ ਹਾਰ ਵੀ ਗਏ ਸਨ। ਸੰਨ 1962 ਤੋਂ 1972 ਤੀਕ ਸੰਤ ਚੰਨਣ ਸਿੰਘ ਜੀ ਪ੍ਰਧਾਨ ਚੁਣੇ ਜਾਂਦੇ ਰਹੇ ਜੋ ਸੰਤ ਫਤਹਿ ਸਿੰਘ ਜੀ ਦੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ 'ਗੜਵੀ' (ਨਿੱਜੀ ਸਹਾਇਕ) ਸਨ। ਇਹ ਸਿੱਖ ਸੰਸਥਾ ਦੇ ਸਿਆਸੀਕਰਨ ਦੀ ਸਿਖਰ ਹੀ ਕਹੀ ਜਾ ਸਕਦੀ ਹੈ। ਸੰਨ 1972 ਤੋਂ ਮਾਰਚ 2004 ਤੱਕ ਜਥੇਦਾਰ ਗੁਰਚਰਨ ਸਿੰਘ ਟੌਹੜਾ ਲਗਪਗ 27 ਸਾਲ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਰਹੇ। ਇਸ ਸਮੇਂ ਸਿੱਖ ਸੰਸਥਾ ਤੇ ਪ੍ਰਧਾਨ ਦਾ ਨਾਂ ਵਿਸ਼ਵ 'ਚ ਉੱਘੜ ਕੇ ਆਇਆ।

ਇਸ ਸਮੇਂ ਦੌਰਾਨ ਤਿੰਨ ਸਿੱਖ ਸ਼ਖ਼ਸੀਅਤਾਂ, 'ਬਾਦਲ, ਟੌਹੜਾ ਤੇ ਤਲਵੰਡੀ' ਸਿੱਖ ਸਮਾਜ ਦੇ ਸਨਮੁਖ ਹੁੰਦੀਆਂ ਹਨ। ਸੰਨ 1996 ਤੋਂ ਇਨ੍ਹਾਂ 'ਚ ਵਿੱਥ ਪੈਣੀ ਸ਼ੁਰੂ ਹੋਈ ਜੋ 1999 ਤੀਕ ਦਰਾੜ ਬਣ ਗਈ। ਸਿੱਖ ਸੰਸਥਾਵਾਂ ਦੀ ਰਾਜਸੀ ਵਰਤੋਂ ਤਾਂ ਪਹਿਲਾਂ ਤੋਂ ਹੀ ਹੋ ਰਹੀ ਸੀ ਪਰ ਮਾਰਚ 1999 ਤੋਂ ਬਾਅਦ ਲਗਪਗ ਰਾਜਸੀਕਰਨ ਹੋ ਗਿਆ। ਸਿਆਸੀ ਸ਼ਕਤੀ ਨੇ ਜਿਸ ਤਰ੍ਹਾਂ ਭਾਈ ਰਣਜੀਤ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਟੌਹੜਾ ਸਾਹਿਬ ਨੂੰ ਪ੍ਰਧਾਨ ਦੇ ਸਤਿਕਾਰਤ ਅਹੁਦੇ ਤੋਂ 'ਅਲੱਗ' ਕੀਤਾ, ਉਸ ਨੇ ਪੰਥ ਦੇ ਬਾਬਾ ਬੋਹੜ 'ਟੌਹੜਾ ਸਾਹਿਬ' ਨੂੰ ਵੀ 'ਅਸਾਸੇ-ਕਮਤਰੀਨ' ਦਾ ਅਹਿਸਾਸ ਕਰਵਾ ਦਿੱਤਾ।

ਸੰਸਥਾਵਾਂ ਦਾ ਸਿਆਸੀਕਰਨ ਹੋਣ ਕਾਰਨ 'ਸਿਧਾਂਤਕ ਸੰਸਥਾ' ਦੇ ਮੁਖੀ 'ਜਥੇਦਾਰ' ਨੂੰ ਪ੍ਰਬੰਧਕੀ ਨਿਜ਼ਾਮ 'ਤੇ ਅਤੇ 'ਵਿਧਾਨਕ ਸੰਸਥਾ' ਦੇ ਮੁਖੀ 'ਪ੍ਰਧਾਨ' ਨੂੰ ਵੀ ਸਿਆਸੀ ਸਰਪ੍ਰਸਤੀ ਸਵੀਕਾਰਨੀ ਮਜਬੂਰੀ ਹੋ ਜਾਂਦੀ ਹੈ। ਸੰਨ 2004 ਤੋਂ ਬਾਅਦ ਸਿਆਸੀ 'ਸਲਾਹਕਾਰਾਂ' ਦੀ ਸਲਾਹ 'ਤੇ ਮੁਲਾਜ਼ਮ ਸਕੱਤਰਾਂ ਦੀਆਂ ਤਬਦੀਲੀਆਂ-ਮੁਅੱਤਲੀਆਂ ਦੀ ਤਾਂ ਗੱਲ ਹੀ ਛੱਡ ਦਿਉ, ਪ੍ਰਧਾਨ ਸ਼੍ਰੋਮਣੀ ਕਮੇਟੀ, ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ 'ਲਾਉਣਾ ਤੇ ਲਾਹੁਣਾ' ਆਮ ਵਰਤਾਰਾ ਹੋ ਗਿਆ।

ਤੇਰਾਂ ਦਿਨਾਂ 'ਚ ਤਿੰਨ 'ਹੰਗਾਮੀ' ਮੀਟਿੰਗਾਂ ਤੇ 26 ਦਿਨਾਂ 'ਚ ਤਿੰਨ ਜਥੇਦਾਰਾਂ ਨੂੰ ਸਤਿਕਾਰਤ ਅਹੁਦੇ ਤੋਂ 'ਲਾਹੁਣਾ' ਅਤੇ ਤਿੰਨ ਨੂੰ ਲਾਉਣਾ, ਇਸ ਦੀ ਪ੍ਰਤੱਖ ਮਿਸਾਲ ਹੈ। ਸਿਆਸੀ ਸਿਓਂਕ ਸਦਕਾ ਸਿੱਖ ਸ਼ਕਤੀ ਦੀਆਂ ਸਰੋਤ 'ਸਿੱਖ ਸੰਸਥਾਵਾਂ' ਸਰਦਾਰ ਵਿਹੂਣੀਆਂ ਹੋ ਗਈਆਂ। ਵਿਧਾਨਕ ਸੰਸਥਾ ਦੇ ਵੱਕਾਰ ਨੂੰ ਭਾਰੀ ਠੇਸ ਪਹੁੰਚੀ ਹੈ। ਜਿਸ ਸੰਸਥਾ ਤੇ ਸਿਆਸੀ ਜਥੇਬੰਦੀ ਦੀ ਆਵਾਜ਼ ਨੂੰ ਅਵਾਮ ਹੁਕਮ ਮੰਨਦਾ ਸੀ, ਉਸ ਦੀ ਕਾਰਜਸ਼ੈਲੀ ਦੀ ਆਲੋਚਨਾ 'ਸਿਆਸੀ ਸਿਉਂਕ' ਵਜੋਂ ਘਰ-ਘਰ ਹੋ ਰਹੀ ਹੈ। ਤਮਾਸ਼ਬੀਨ ਸਿਆਸੀ ਸਲਾਹਕਾਰ, ਸਮਕਾਲੀ ਸਿਆਸੀ ਸਮੱਸਿਆ ਨੂੰ 'ਧਾਰਮਿਕ-ਸਮਾਜਿਕ ਸਿੱਖ ਸਮੱਸਿਆ' ਬਣਾ ਕੇ ਸਕੂਨ ਲੈ ਰਹੇ ਹਨ। ਸ਼ਾਇਦ, ਸਿੱਖ ਸਿਧਾਂਤਕ ਸੂਝ-ਸਮਝ ਤੇ ਸਹਿਜ ਦਾ 'ਸੰਗਠਨ' ਹੀ 'ਸਿਆਸੀ ਦੀਮਕ' ਦੀ ਵਿਰਾਟ ਸ਼ਕਤੀ ਨੂੰ ਸੀਮਤ ਕਰ ਸਕੇ, ਸਮਾਪਤ ਕਰਨਾ ਤਾਂ ਸੰਭਵ ਨਹੀਂ ਭਾਸਦਾ।

# ਖੇਤੀਬਾੜੀ ਨੂੰ ਅਮਰੀਕੀ 'ਟੈਰਿਫ਼' ਤੋਂ ਕਿਵੇਂ ਬਚਾਇਆ ਜਾਏ ?



ਦਵਿੰਦਰ ਸ਼ਰਮਾ



ਅਮਰੀਕੀ ਕਾਂਗਰਸ (ਸੰਸਦ) ਦੇ ਸੰਯੁਕਤ ਸਦਨ ਨੂੰ ਸੰਬੋਧਨ ਕਰਦਿਆਂ ਡੋਨਾਲਡ ਟਰੰਪ ਨੇ ਕਿਹਾ ਕਿ 'ਉਹ (ਹੋਰ ਦੇਸ਼) ਸਾਡੇ 'ਤੇ ਜੋ ਵੀ ਟੈਰਿਫ਼ (ਮਹਿਸੂਲ ਟੈਕਸ) ਲਗਾਉਂਦੇ ਹਨ, ਅਸੀਂ ਵੀ ਉਨ੍ਹਾਂ 'ਤੇ ਉਹੀ ਟੈਰਿਫ਼ ਲਗਾਵਾਂਗੇ। ਉਹ ਸਾਡੇ 'ਤੇ ਜੋ ਵੀ ਟੈਕਸ ਲਗਾਉਂਦੇ ਹਨ, ਅਸੀਂ ਵੀ ਉਨ੍ਹਾਂ 'ਤੇ ਉਹੀ ਟੈਕਸ ਲਗਾਵਾਂਗੇ। ਜੇਕਰ ਉਹ ਸਾਨੂੰ ਆਪਣੇ ਬਾਜ਼ਾਰਾਂ ਤੋਂ ਬਾਹਰ ਰੱਖਣ ਲਈ ਗੈਰ-ਮੁਦਰਾ (ਨਾਨ-ਮੋਨਟਰੀ) ਰੁਕਾਵਟਾਂ ਦੀ ਵਰਤੋਂ ਕਰਦੇ ਹਨ ਤਾਂ ਅਸੀਂ ਵੀ ਉਨ੍ਹਾਂ ਨਾਲ ਉਹੀ ਕਰਾਂਗੇ।'

**ਇਹ ਨਿਰਪੱਖ ਨਹੀਂ ਹੈ**

ਇਹ ਕੋਈ ਕੂਟਨੀਤੀ ਨਹੀਂ ਹੈ, ਇਹ ਇੱਕ ਸਪੱਸ਼ਟ ਧੱਕੇਸ਼ਾਹੀ ਹੈ। ਪਰ ਬੇਲੋੜਾ ਘਬਰਾਉਣ ਦੀ ਕੋਈ ਗੱਲ ਨਹੀਂ ਹੈ। ਜਦਕਿ ਭਾਰਤ ਸਰਕਾਰ 2 ਅਪ੍ਰੈਲ ਨੂੰ ਅਮਰੀਕੀ ਪ੍ਰਸ਼ਾਸਨ ਦੁਆਰਾ ਐਲਾਨੇ ਜਾਣ ਵਾਲੇ ਪਰਸਪਰ ਟੈਰਿਫ਼ਾਂ ਦੇ ਖਤਰੇ ਵਾਲੇ ਦੌਰ 'ਤੇ ਨੇੜਿਉਂ ਨਜ਼ਰ ਰੱਖ ਰਹੀ ਹੈ। ਅਸਲ ਵਿੱਚ ਇਹ ਅਮਰੀਕੀ ਧਮਕੀ, ਸਾਨੂੰ ਭਾਵੇਂ ਪਸੰਦ ਹੋਵੇ ਜਾਂ ਨਾ ਸਿਰਫ਼ ਵਿਸ਼ਵੀਕਰਨ 'ਤੇ ਪਰਦਾ ਪਾਉਣ ਵਿੱਚ ਮਦਦ ਕਰੇਗੀ, ਜੋ ਕਿਸੇ ਵੀ ਮਾਮਲੇ 'ਚ ਪਹਿਲਾਂ ਤੋਂ ਹੀ ਆਲੋਚਨਾ ਦਾ ਵਿਸ਼ਾ ਰਿਹਾ ਹੈ।

ਫ਼ਿਰ ਤੋਂ ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ, ਘੱਟੋ-ਘੱਟ ਜਿੱਥੋਂ ਤੱਕ ਖੇਤੀਬਾੜੀ ਦਾ ਸੰਬੰਧ ਹੈ ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਮੈਂ ਵੇਖਿਆ ਹੈ ਕਿ ਬਹੁਤ ਸਾਰੇ ਮੁੱਖਧਾਰਾ ਦੇ ਅਰਥਸ਼ਾਸਤਰੀ ਪਹਿਲਾਂ ਹੀ ਪਿੱਛੇ ਹਟ ਰਹੇ ਹਨ ਅਤੇ ਚਾਹੁੰਦੇ ਹਨ ਕਿ ਭਾਰਤ ਅਮਰੀਕਾ ਦੁਆਰਾ ਸ਼ੁਰੂ ਕੀਤੇ ਜਾਣ ਵਾਲੇ ਅਨੁਚਿਤ ਟੈਰਿਫ਼ ਨੂੰ ਆਪਣੇ ਅਨੁਕੂਲ ਬਣਾਉਣ ਲਈ ਨੀਤੀਗਤ ਖੇਤਰ ਵਿੱਚ ਢੁਕਵੀਂ ਸੋਧ ਕਰੇ। ਇਹ ਉਹੀ ਲੋਕ ਹਨ, ਜੋ ਪਹਿਲਾਂ ਵਿਸ਼ਵ ਵਪਾਰ ਸੰਗਠਨ (ਡਬਲਿਊ .ਟੀ .ਓ .) ਗੱਲਬਾਤ ਦੇ ਕਈ ਪੜਾਵਾਂ ਦੌਰਾਨ ਵਿਕਸਤ ਦੇਸ਼ਾਂ ਦੇ ਵਪਾਰਕ ਹਿੱਤਾਂ ਦਾ ਸਮਰਥਨ ਕਰਨ ਵਿੱਚ ਸਭ ਤੋਂ ਅੱਗੇ ਰਹੇ ਸਨ। ਇਸ ਲਈ ਸਾਨੂੰ ਡਰ ਦੇ ਉਸ ਮਾਹੌਲ ਅੱਗੇ ਨਹੀਂ ਝੁਕਣਾ ਚਾਹੀਦਾ, ਜੋ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹਰ ਆਫ਼ਤ ਇੱਕ ਮੌਕਾ ਹੁੰਦੀ ਹੈ। ਜਦਕਿ ਭਾਰਤ ਤੇ ਅਮਰੀਕਾ ਵਿਚਕਾਰ ਇੱਕ ਵਿਸ਼ਾਲ ਤੇ ਵੱਡੇ ਦੋ-ਪੱਖੀ ਵਪਾਰ ਲਈ ਗੱਲਬਾਤ ਪਹਿਲਾਂ ਹੀ ਚੱਲ ਰਹੀ ਹੈ, ਇਸ ਨੂੰ ਧਿਆਨ ਵਿੱਚ ਰੱਖਦਿਆਂ ਇਹ ਗੱਲਬਾਤ ਬਹੁਤ ਸਾਵਧਾਨੀ ਨਾਲ ਕੀਤੀ ਜਾਣੀ ਚਾਹੀਦੀ ਹੈ, ਕਿ ਕਿਤੇ ਇਹ ਘਰੇਲੂ ਖੇਤੀਬਾੜੀ ਨੂੰ ਤਬਾਹ ਨਾ ਕਰ ਦੇਵੇ। ਦਰਅਸਲ ਇਹ 'ਟੈਰਿਫ਼ ਜੰਗ' ਭਾਰਤ ਨੂੰ ਆਪਣੇ ਘਰ ਨੂੰ ਕ੍ਰਮਬੱਧ ਕਰਨ ਦਾ ਇੱਕ ਖੁੱਲ੍ਹਾ ਮੌਕਾ ਪ੍ਰਦਾਨ ਕਰ ਰਹੀ ਹੈ। ਜਦੋਂ ਮੈਂ ਆਪਣੇ ਘਰ ਨੂੰ ਕ੍ਰਮਬੱਧ ਕਰਨ ਦੀ ਗੱਲ ਕਹਿੰਦਾ ਹਾਂ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਭਾਰਤ ਨੂੰ ਕੋਈ ਹਮਲਾਵਰ ਰੁਖ ਅਪਣਾਉਣਾ ਚਾਹੀਦਾ ਹੈ, ਕਿਉਂਕਿ ਅਮਰੀਕਾ ਵੱਲੋਂ ਆਪਣੇ ਅਨੁਚਿਤ ਵਪਾਰਕ ਅਭਿਆਸਾਂ ਦੁਆਰਾ ਅਜਿਹਾ ਕੀਤੇ ਜਾਣ ਦੀ ਸੰਭਾਵਨਾ ਹੈ।

**ਜ਼ਰਾ ਇਸ ਬਾਰੇ ਸੋਚੋ**

ਟਰੰਪ ਜਿਸ ਅਖੌਤੀ 'ਨਿਰਪੱਖ ਤੇ ਜਵਾਬੀ ਟੈਰਿਫ਼' ਨਾਲ ਦੁਨੀਆਂ ਨੂੰ ਧਮਕਾ ਰਹੇ ਹਨ, ਅਸਲ ਵਿੱਚ ਇਹ ਭਾਰਤ ਨੂੰ ਖੇਤੀਬਾੜੀ ਵਿੱਚ ਆਤਮਨਿਰਭਰਤਾ ਨੂੰ ਅੱਗੇ ਵਧਾਉਣ ਦੇ ਕਾਫ਼ੀ ਮੌਕੇ ਪ੍ਰਦਾਨ ਕਰ ਸਕਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਭਾਰਤ ਖੇਤੀਬਾੜੀ ਵਿੱਚ ਪ੍ਰਸਤਾਵਿਤ ਕਾਰਪੋਰੇਟ ਪੱਖੀ ਜੂਲੇ ਨੂੰ ਤਿਆਗ ਕੇ ਖੇਤੀ ਦੇ ਤਰੀਕਿਆਂ ਨੂੰ ਇਸ ਤਰੀਕੇ ਨਾਲ ਨਵਾਂ ਸਰੂਪ (ਡਿਜ਼ਾਈਨ) ਦੇਵੇ, ਜੋ ਟਿਕਾਊ ਤੇ ਆਰਥਿਕ ਤੌਰ 'ਤੇ ਵਧੇਰੇ ਵਿਵਹਾਰਕ ਹੋਵੇ। ਹੁਣ ਹਰੀ ਕ੍ਰਾਂਤੀ ਵਿਵਸਥਾ ਤੋਂ ਦੂਰ ਹਟਣਾ ਚਾਹੀਦਾ ਹੈ, ਜਿਸ ਦੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੇ ਪ੍ਰਭਾਵ ਕਾਫ਼ੀ ਸਪੱਸ਼ਟ ਹਨ। ਸਾਨੂੰ ਟਰੰਪ ਦੀ ਧਮਕੀ ਦੀ ਧਾਰਨਾ ਨੂੰ ਇੱਕ ਸਦਾਬਹਾਰ ਕ੍ਰਾਂਤੀ ਦੇ ਨਿਰਮਾਣ ਲਈ ਵਰਤਣਾ ਚਾਹੀਦਾ ਹੈ, ਜਿਸ ਦਾ ਉਦੇਸ਼ ਇੱਕ ਸਿਹਤਮੰਦ ਵਾਤਾਵਰਨ, ਸਿਹਤਮੰਦ ਖਪਤਕਾਰਾਂ ਤੇ ਕਿਸਾਨਾਂ ਨੂੰ ਦੁਬਾਰਾ ਅਮੀਰ ਬਣਾਉਣਾ ਹੈ। ਜੇਕਰ ਟਰੰਪ ਲਈ ਅਮਰੀਕਾ ਪਹਿਲਾਂ (ਅਮਰੀਕਾ ਫ਼ਸਟ) ਦੀ ਨੀਤੀ ਹੈ ਤਾਂ ਅਸੀਂ ਇਸ ਨੂੰ ਭਾਰਤ ਪਹਿਲਾਂ (ਇੰਡੀਆ ਫ਼ਸਟ) ਪਹੁੰਚ ਨਾਲ ਮਿਲਾਉਣ ਦੇ ਮੌਕੇ ਦਾ ਲਾਭ ਉਠਾਉਂਦਿਆਂ ਢੁਕਵੀਆਂ ਨੀਤੀਗਤ ਰਣਨੀਤੀਆਂ ਨਾਲ ਇਸ ਦਾ ਸਮਰਥਨ ਕਰਨਾ ਚਾਹੀਦਾ ਹੈ।

ਪਰ ਇਸ ਤੋਂ ਪਹਿਲਾਂ ਅਸੀਂ ਇੱਕ ਸਦਾਬਹਾਰ ਕ੍ਰਾਂਤੀ ਦੀਆਂ ਰੂਪ-ਰੇਖਾਵਾਂ ਨੂੰ ਸਪੱਸ਼ਟ ਕਰੀਏ ਜੋ ਅਰਥਵਿਵਸਥਾ ਦੇ ਪੁਨਰ ਨਿਰਮਾਣ ਲਈ ਇੱਕ ਮਜ਼ਬੂਤ ਨੀਂਹ ਰੱਖਦੀ ਹੈ, ਆਓ ਪਹਿਲਾਂ ਵਪਾਰਕ ਪ੍ਰਭਾਵਾਂ 'ਤੇ ਨਜ਼ਰ ਮਾਰੀਏ। ਮੈਂ ਸਮਝ ਸਕਦਾ ਹਾਂ ਕਿ ਉਦਯੋਗ ਕਿਉਂ ਘਬਰਾਹਟ 'ਚ ਹੈ, ਪਰ ਕੋਈ ਅਜਿਹਾ ਕਾਰਨ ਨਹੀਂ ਹੈ ਕਿ ਖੇਤੀਬਾੜੀ ਨੂੰ ਇਸ ਦਾ ਖਮਿਆਜਾ ਭੁਗਤਣਾ ਪਵੇ। ਅਮਰੀਕੀ ਕਿਸਾਨਾਂ ਨੂੰ ਟਰੰਪ ਨੇ ਕਿਹਾ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਮਹਾਨ ਕਿਸਾਨੋ: ਅਮਰੀਕਾ 'ਅੰਦਰ' ਵੇਚਣ ਲਈ ਬਹੁਤ ਸਾਰੇ ਖੇਤੀਬਾੜੀ ਉਤਪਾਦ ਪੈਦਾ ਕਰਨ ਲਈ ਤਿਆਰ ਹੋ ਜਾਓ। 2 ਅਪ੍ਰੈਲ ਨੂੰ ਬਾਹਰੀ ਉਤਪਾਦਾਂ 'ਤੇ ਟੈਰਿਫ਼ ਲੱਗਣਗੇ, ਮੌਜਾਂ ਕਰੋ! ਇਸੇ ਤਰ੍ਹਾਂ ਜੇਕਰ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਭੋਜਨ ਸਵੈ-ਨਿਰਭਰਤਾ ਨੂੰ ਦੁਬਾਰਾ ਬਣਾਉਣ ਦੀ ਲੋੜ 'ਤੇ ਜ਼ੋਰ ਦੇ ਸਕਦੇ ਹਨ ਤਾਂ ਮੈਨੂੰ ਲਗਦਾ ਹੈ ਕਿ ਅਜਿਹਾ ਕੋਈ ਕਾਰਨ ਨਹੀਂ ਕਿ ਭਾਰਤ ਖੜ੍ਹਾ ਹੋ ਕੇ ਇਹ ਨਾ ਕਹਿ ਸਕੇ ਕਿ ਉਹ ਵੀ ਖੇਤੀਬਾੜੀ ਨੂੰ ਮੁੜ ਸਥਾਪਿਤ ਕਰਨ ਲਈ ਇਸ ਮੌਕੇ ਦੀ ਵਰਤੋਂ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੇਸ਼ ਭੁੱਖਮਰੀ ਤੇ ਕੁਪੋਸ਼ਣ ਤੋਂ ਮੁਕਤ ਹੋ ਸਕੇ।

ਮੁੱਖ ਧਾਰਾ ਦੇ ਅਰਥਸ਼ਾਸਤਰੀਆਂ ਵੱਲੋਂ ਫ਼ੈਲਾਏ ਜਾ ਰਹੇ ਸਭ ਡਰਾਂ/ਤੌਖਲਿਆਂ ਵਿਚਕਾਰ ਮੈਨੂੰ ਵਪਾਰ ਮਾਹਰ ਮੁਰਲੀ ਕਲੂਮਲ (ਨਵੀਂ ਦਿੱਲੀ ਸਥਿਤ ਡਬਲਿਊ .ਟੀ .ਓ . ਸਟੱਡੀਜ਼ ਸੈਂਟਰ ਦੇ ਸਾਬਕਾ ਮੈਂਬਰ) ਦਾ ਲਿੰਕਡਿਨ 'ਤੇ ਇੱਕ ਦਿਲਚਸਪ ਵਿਸ਼ਲੇਸ਼ਣ ਵੇਖਣ ਨੂੰ ਮਿਲਿਆ। ਉਨ੍ਹਾਂ ਖੇਤੀਬਾੜੀ ਉਤਪਾਦਾਂ 'ਤੇ ਉੱਚ ਭਾਰਤੀ ਟੈਰਿਫ਼ ਬਾਰੇ ਅਮਰੀਕੀ ਦਾਅਵਿਆਂ ਨੂੰ ਗ਼ਲਤ ਸਾਬਤ ਕਰਦਿਆਂ ਦੱਸਿਆ ਕਿ ਅਮਰੀਕਾ ਗੈਰ-ਟੈਰਿਫ਼ ਰੁਕਾਵਟਾਂ (ਐਨ .ਟੀ .ਬੀ .ਐਸ .) ਦੀ ਵਰਤੋਂ ਕਰਕੇ ਖੇਤੀਬਾੜੀ ਆਯਾਤ ਨੂੰ ਰੋਕਣ ਵਾਲੇ ਚੋਟੀ ਦੇ 9 ਦੇਸ਼ਾਂ 'ਚੋਂ ਇੱਕ ਹੈ। ਹਾਲਾਂਕਿ ਜ਼ਿਆਦਾਤਰ ਵਿਕਸਤ ਦੇਸ਼ ਘੱਟ ਆਯਾਤ ਟੈਰਿਫ਼ ਲਗਾਉਣ ਦਾ ਦਾਅਵਾ ਕਰਦੇ ਹਨ, ਅਸਾਧਾਰਨ ਤੌਰ 'ਤੇ ਉੱਚ ਐਨ .ਟੀ .ਬੀ .ਐਸ . (ਜਿਨ੍ਹਾਂ ਨੂੰ ਗੈਰ-ਟੈਰਿਫ਼ ਉਪਾਅ ਵੀ ਕਿਹਾ ਜਾਂਦਾ ਹੈ) ਔਸਤਨ 60 ਫ਼ੀਸਦੀ ਤੱਕ ਖੇਤੀਬਾੜੀ ਨਿਰਯਾਤ ਨੂੰ ਸੀਮਤ ਕਰਦੇ ਹਨ। ਉਦਾਹਰਨ ਵਜੋਂ ਭਾਰਤ ਦੁਆਰਾ ਲਗਾਈਆਂ ਜਾਂਦੀਆਂ 617 ਐਨ .ਟੀ .ਬੀ .ਐਸ . ਦੇ ਮੁਕਾਬਲੇ ਅਮਰੀਕਾ ਵੱਲੋਂ 9,048 ਐਨ .ਟੀ .ਬੀ .ਐਸ . ਲਾਗੂ ਕੀਤੀਆਂ ਜਾਂਦੀਆਂ ਹਨ। ਟਰੰਪ ਦੀ ਪਹਿਲੀ ਚਿਤਾਵਨੀ ਦੇ ਅਨੁਸਾਰ ... ਜੇਕਰ ਉਹ ਸਾਨੂੰ ਆਪਣੇ ਬਾਜ਼ਾਰਾਂ ਤੋਂ ਬਾਹਰ ਰੱਖਣ ਲਈ ਗੈਰ-ਮੁਦਰਾ ਰੁਕਾਵਟਾਂ ਦੀ ਵਰਤੋਂ ਕਰਦੇ ਹਨ ਤਾਂ ਅਸੀਂ ਵੀ ਅਜਿਹਾ ਹੀ ਕਰਾਂਗੇ। ਖੈਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਭਾਰਤ ਵੀ ਬਰਾਬਰ ਦੀ ਗਿਣਤੀ ਵਿੱਚ ਐਨ .ਟੀ .ਬੀ .ਐਸ . ਲਗਾ ਕੇ ਬਦਲਾ ਲੈ ਸਕਦਾ ਹੈ ਅਤੇ ਅਜਿਹਾ ਕਿਉਂ ਨਹੀਂ ਕੀਤਾ ਜਾ ਸਕਦਾ ?

ਮੁਰਲੀ ਅੱਗੇ ਦੱਸਦੇ ਹਨ ਕਿ ਵਿਸ਼ਵ ਪੱਧਰ 'ਤੇ 30 ਸਾਲਾਂ ਦੌਰਾਨ ਐਨ .ਟੀ .ਬੀਐਸ ਕਈ ਗੁਣਾ ਹੋ ਗਏ ਹਨ, 1995 ਤੇ 2024 ਵਿਚਕਾਰ ਇਨ੍ਹਾਂ ਦੀ ਗਿਣਤੀ ਵਧ ਕੇ 75,000 ਹੋ ਗਈ ਹੈ। ਜੋ ਇਹ ਯਕੀਨੀ ਬਣਾਉਂਦੇ ਹਨ ਕਿ 'ਬਾਜ਼ਾਰਾਂ ਵਿੱਚ ਘੱਟ ਟੈਰਿਫ਼ ਹੋਣ ਦੇ ਬਾਵਜੂਦ ਵਿਕਾਸਸ਼ੀਲ ਦੇਸ਼ਾਂ ਦੇ ਘੱਟ ਗੁਣਵੱਤਾ ਵਾਲੇ ਸਮਝੇ ਜਾਂਦੇ ਉਤਪਾਦਾਂ ਨੂੰ ਵਿਕਸਿਤ ਦੇਸ਼ਾਂ ਦੇ ਘਰੇਲੂ ਬਜ਼ਾਰ ਤੋਂ ਬਾਹਰ ਰੱਖ ਸਕੇ'। ਇਹ ਸਭ ਮੁੱਖ ਤੌਰ 'ਤੇ ਖਪਤਕਾਰਾਂ ਦੀ ਸਿਹਤ ਤੇ ਵਾਤਾਵਰਨ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਮ 'ਤੇ ਕੀਤਾ ਜਾਂਦਾ ਹੈ। ਭਾਵੇਂ ਵਿਕਸਤ ਦੇਸ਼ ਬਹੁਤ ਚਾਲਾਕੀ ਨਾਲ ਇਕ ਖੁੱਲ੍ਹਾ ਬਾਜ਼ਾਰ ਹੋਣ ਦਾ ਪ੍ਰਭਾਵ ਦਿੰਦੇ ਹਨ, ਜਦਕਿ ਅਸਲ ਵਿਚ ਉਹ ਹਰ ਸੰਭਵ ਮੌਕੇ 'ਤੇ ਆਯਾਤ ਤੋਂ ਸੁਰੱਖਿਆ ਚਾਹੁੰਦੇ ਹਨ। ਉਹ ਅੱਗੇ ਦੱਸਦਾ ਹੈ- ਭਾਰਤ ਵਿੱਚ ਗੈਰ-ਵਪਾਰਕ ਉਪਾਵਾਂ ਦੀ ਗਿਣਤੀ ਅਮਰੀਕਾ ਦੇ ਮੁਕਾਬਲੇ ਬਹੁਤ ਘੱਟ ਹੈ, ਪਰ ਇੱਕ ਦਰਮਿਆਨੇ ਉੱਚ ਐਮ .ਐਫ਼ .ਐਨ . (ਐਡ ਵੈਲੋਰਮ) ਟੈਰਿਫ਼ ਲਾਗੂ ਹਨ। ਭਾਰਤ ਦੇ ਟੈਰਿਫ਼ ਉੱਚੇ ਤੇ ਪ੍ਰਤੀਬੰਧਿਤ ਹਨ, ਜਦਕਿ ਅਮਰੀਕਾ ਤੇ ਯੂਰਪੀਨ ਸੰਘ ਵਿੱਚ ਖਾਸ ਡਿਊਟੀਆਂ (ਕਰ) ਵਾਲੇ ਗੁੰਝਲਦਾਰ ਟੈਰਿਫ਼ ਸਿਸਟਮ ਵੀ ਹਨ, ਜੋ ਗੈਰ-ਪਾਰਦਰਸ਼ੀ ਹਨ। ਮਾਹਰ ਦੱਸਦਾ ਹੈ ਕਿ ਪਿਛਲੇ 15 ਸਾਲਾਂ ਵਿੱਚ ਅਮਰੀਕਾ ਨੇ ਔਸਤਨ 3.9 ਗੁਣਾ

(ਬਾਕੀ ਸਫ਼ਾ 31 'ਤੇ)




# ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਦੀ ਸਾਲਾਨਾ ਰਿਪੋਰਟ



ਕੁੱਕੀ ਗਿੱਲ

ਅਮਰੀਕੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਕਮਿਸ਼ਨ ਨੇ ਕਿਹਾ ਕਿ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਸਲੂਕ ਵਿਗੜਦਾ ਜਾ ਰਿਹਾ ਹੈ। ਇਸਨੇ ਸਿੱਖ ਵੱਖਵਾਦੀਆਂ ਵਿਰੁੱਧ ਕਤਲੇਆਮ ਦੀਆਂ ਸਾਜ਼ਿਸ਼ਾਂ ਵਿੱਚ ਕਥਿਤ ਸ਼ਮੂਲੀਅਤ ਲਈ ਭਾਰਤ ਦੀ ਬਾਹਰੀ ਜਾਸੂਸੀ ਏਜੰਸੀ ਵਿਰੁੱਧ ਨਿਸ਼ਾਨਾਬੱਧ ਪਾਬੰਦੀਆਂ ਦੀ ਸਿਫਾਰਸ਼ ਕੀਤੀ ਹੈ। ਪੈਨਲ ਦੀ ਸਾਲਾਨਾ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਮਿਊਨਿਸਟ-ਸ਼ਾਸਿਤ ਵੀਅਤਨਾਮ ਨੇ ਧਾਰਮਿਕ ਮਾਮਲਿਆਂ ਨੂੰ ਨਿਯਮਤ ਅਤੇ ਨਿਯੰਤਰਣ ਕਰਨ ਲਈ ਯਤਨ ਤੇਜ਼ ਕੀਤੇ ਹਨ। ਇਸ ਨੇ ਵੀਅਤਨਾਮ - ਭਾਰਤ ਵਰਗਾ ਇੱਕ ਦੇਸ਼ ਜਿਸ ਨਾਲ ਵਾਸ਼ਿੰਗਟਨ ਨੇ ਚੀਨ ਬਾਰੇ ਸਾਂਝੀਆਂ ਚਿੰਤਾਵਾਂ ਨੂੰ ਦੇਖਦੇ ਹੋਏ ਨਜ਼ਦੀਕੀ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ ਹੈ - ਨੂੰ ਵੀ ਖ਼ਾਸ ਚਿੰਤਾ ਦਾ ਦੇਸ਼ ਨਾਮਜ਼ਦ ਕਰਨ ਦੀ ਸਿਫਾਰਸ਼ ਕੀਤੀ ਹੈ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਵਾਸ਼ਿੰਗਟਨ ਲੰਬੇ ਸਮੇਂ ਤੋਂ ਨਵੀਂ ਦਿੱਲੀ ਨੂੰ ਏਸ਼ੀਆ ਅਤੇ ਹੋਰ ਥਾਵਾਂ 'ਤੇ ਚੀਨ ਦੇ ਵਧਦੇ ਪ੍ਰਭਾਵ ਦੇ ਵਿਰੋਧੀ ਵਜੋਂ ਦੇਖਦਾ ਰਿਹਾ ਹੈ, ਅਤੇ ਇਸ ਲਈ, ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਇਹ ਸੰਭਾਵਨਾ ਨਹੀਂ ਹੈ ਕਿ ਅਮਰੀਕੀ ਸਰਕਾਰ ਭਾਰਤ ਦੀ ਖੋਜ ਅਤੇ ਵਿਸ਼ਲੇਸ਼ਣ ਵਿੰਗ ਜਾਸੂਸੀ ਸੇਵਾ ਨੂੰ ਮਨਜ਼ੂਰੀ ਦੇਵੇਗੀ, ਕਿਉਂਕਿ ਪੈਨਲ ਦੀਆਂ ਸਿਫਾਰਸ਼ਾਂ ਬਾਈਡਿੰਗ ਨਹੀਂ ਹਨ। 2023 ਤੋਂ, ਅਮਰੀਕਾ ਅਤੇ ਕੈਨੇਡਾ ਵਿੱਚ ਭਾਰਤ ਵੱਲੋਂ ਸਿੱਖ ਵੱਖਵਾਦੀਆਂ ਨੂੰ ਕਥਿਤ ਤੌਰ 'ਤੇ ਨਿਸ਼ਾਨਾ ਬਣਾਉਣਾ ਅਮਰੀਕਾ-ਭਾਰਤ ਸਬੰਧਾਂ ਵਿੱਚ ਇੱਕ ਝਟਕੇ ਵਜੋਂ ਉਭਰਿਆ ਹੈ, ਵਾਸ਼ਿੰਗਟਨ ਨੇ ਇੱਕ ਸਾਬਕਾ ਭਾਰਤੀ ਖੁਫੀਆ ਅਧਿਕਾਰੀ, ਵਿਕਾਸ ਯਾਦਵ 'ਤੇ ਇੱਕ ਅਸਫਲ ਅਮਰੀਕੀ ਸਾਜ਼ਿਸ਼ ਵਿੱਚ ਸ਼ਾਮਿਲ ਹੋਣ ਦਾ ਦੋਸ਼ ਲਗਾਇਆ ਹੈ। ਭਾਰਤ ਸਿੱਖ ਵੱਖਵਾਦੀਆਂ ਨੂੰ ਸੁਰੱਖਿਆ ਖਤਰੇ ਵਜੋਂ ਲੇਬਲ ਕਰਦਾ ਹੈ ਅਤੇ ਸ਼ਮੂਲੀਅਤ ਤੋਂ ਇਨਕਾਰ ਕਰਦਾ ਹੈ।




ਅਮਰੀਕੀ ਕਮਿਸ਼ਨ ਨੇ ਮੰਗਲਵਾਰ ਨੂੰ ਜਾਰੀ ਇੱਕ ਰਿਪੋਰਟ ਵਿੱਚ ਕਿਹਾ, ×ਚਰਵ;2024 ਵਿੱਚ, ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀਆਂ ਸਥਿਤੀਆਂ ਵਿਗੜਦੀਆਂ ਰਹੀਆਂ ਕਿਉਂਕਿ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਹਮਲੇ ਅਤੇ ਵਿਤਕਰਾ ਵਧਦਾ ਰਿਹਾ। ਇਸ ਵਿੱਚ ਕਿਹਾ ਗਿਆ ਹੈ ਕਿ ਹਿੰਦੂ ਰਾਸ਼ਟਰਵਾਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਪਿਛਲੇ ਸਾਲ ਦੀ ਚੋਣ ਮੁਹਿੰਮ ਦੌਰਾਨ ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਭਰੀ ਬਿਆਨਬਾਜ਼ੀ ਅਤੇ ਗਲਤ ਜਾਣਕਾਰੀ ਦਾ ਪ੍ਰਚਾਰ ਕੀਤਾ। ਮੋਦੀ ਨੇ ਪਿਛਲੇ ਸਾਲ ਅਪ੍ਰੈਲ ਵਿੱਚ ਮੁਸਲਮਾਨਾਂ ਨੂੰ ਘੁਸਪੈਠੀਏ ਕਿਹਾ ਸੀ ਜਿਨ੍ਹਾਂ ਦੇ ਵਧੇਰੇ ਬੱਚੇ ਹਨ।


ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੀਆਂ ਰਿਪੋਰਟਾਂ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਘੱਟ ਗਿਣਤੀਆਂ ਦੇ ਦੁਰਵਿਵਹਾਰਾਂ ਨੂੰ ਨੋਟ ਕੀਤਾ ਗਿਆ ਹੈ। ਨਵੀਂ ਦਿੱਲੀ ਉਨ੍ਹਾਂ ਨੂੰ ਡੂੰਘੀ ਪੱਖਪਾਤੀ ਕਹਿੰਦੀ ਹੈ।

ਮੋਦੀ, ਜੋ 2014 ਤੋਂ ਪ੍ਰਧਾਨ ਮੰਤਰੀ ਹਨ, ਵਿਤਕਰੇ ਤੋਂ ਇਨਕਾਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਬਿਜਲੀਕਰਨ ਮੁਹਿੰਮਾਂ ਅਤੇ ਸਬਸਿਡੀ ਸਕੀਮਾਂ ਵਰਗੀਆਂ ਉਨ੍ਹਾਂ ਦੀ ਸਰਕਾਰ ਦੀਆਂ ਨੀਤੀਆਂ ਸਾਰੇ ਭਾਈਚਾਰਿਆਂ ਦੀ ਮਦਦ ਕਰਦੀਆਂ ਹਨ। ਪੈਨਲ ਨੇ ਅਮਰੀਕੀ ਸਰਕਾਰ ਨੂੰ ਧਾਰਮਿਕ ਆਜ਼ਾਦੀ ਦੀ ਉਲੰਘਣਾ ਲਈ ਭਾਰਤ ਨੂੰ ਖਾਸ ਚਿੰਤਾ ਵਾਲਾ ਦੇਸ਼ ਵਜੋਂ ਨਾਮਜ਼ਦ ਕਰਨ ਅਤੇ ਯਾਦਵ ਅਤੇ ਰਾਅ ਵਿਰੁੱਧ ਨਿਸ਼ਾਨਾਬੱਧ ਪਾਬੰਦੀਆਂ ਲਗਾਉਣ ਦੀ ਸਿਫਾਰਸ਼ ਕੀਤੀ। ਭਾਰਤੀ ਦੂਤਾਵਾਸ ਨੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ।

ਅਧਿਕਾਰਾਂ ਦੇ ਸਮਰਥਕ, ਭਾਰਤੀ ਘੱਟ ਗਿਣਤੀਆਂ ਦੀ ਦੁਰਦਸ਼ਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਧ ਰਹੇ ਨਫ਼ਰਤ ਭਰੇ ਭਾਸ਼ਣ ਵੱਲ ਇਸ਼ਾਰਾ ਕਰਦੇ ਹਨ। ਇੱਕ ਨਾਗਰਿਕਤਾ ਕਾਨੂੰਨ ਜਿਸਨੂੰ ਸੰਯੁਕਤ ਰਾਸ਼ਟਰ ਨੇ ਮੂਲ ਰੂਪ ਵਿੱਚ ਵਿਤਕਰਾਪੂਰਨ ਕਿਹਾ ਹੈ, ਧਰਮ ਪਰਿਵਰਤਨ ਵਿਰੋਧੀ ਕਾਨੂੰਨ, ਇੱਕ ਨਵਾਂ ਟੈਬ ਖੋਲ੍ਹਦਾ ਹੈ ਜਿਸਨੂੰ ਆਲੋਚਕਾਂ ਦਾ ਕਹਿਣਾ ਹੈ ਕਿ ਵਿਸ਼ਵਾਸ ਦੀ ਆਜ਼ਾਦੀ ਨੂੰ ਚੁਣੌਤੀ ਦਿੰਦਾ ਹੈ, ਰੱਦ ਕਰਨਾ, ਮੁਸਲਿਮ ਬਹੁਗਿਣਤੀ ਕਸ਼ਮੀਰ ਦੇ ਵਿਸ਼ੇਸ਼ ਦਰਜੇ ਅਤੇ ਮੁਸਲਮਾਨਾਂ ਦੀ ਮਲਕੀਅਤ ਵਾਲੀਆਂ ਜਾਇਦਾਦਾਂ ਨੂੰ ਢਾਹੁਣ ਦਾ ਨਵਾਂ ਟੈਬ ਖੋਲ੍ਹਦਾ ਹੈ। ਕਮਿਸ਼ਨ ਇੱਕ ਦੋ- ਪੱਖੀ ਅਮਰੀਕੀ ਸਰਕਾਰ ਦੀ ਸਲਾਹਕਾਰ ਸੰਸਥਾ ਹੈ ਜੋ ਵਿਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਦੀ ਨਿਗਰਾਨੀ ਕਰਦੀ ਹੈ ਅਤੇ ਨੀਤੀਗਤ ਸਿਫਾਰਸ਼ਾਂ ਕਰਦੀ ਹੈ।

ਵੀਅਤਨਾਮ ਬਾਰੇ, ਪੈਨਲ ਨੇ ਕਿਹਾ ਕਿ ਇਸ ਮਹੀਨੇ ਜਾਰੀ ਕੀਤੇ ਗਏ ਇੱਕ ਨਵੇਂ ਫ਼ਰਮਾਨ ਨੇ ਵੀਅਤਨਾਮੀ ਅਧਿਕਾਰੀਆਂ ਨੂੰ ਧਾਰਮਿਕ ਸੰਗਠਨਾਂ ਤੋਂ ਵਿੱਤੀ ਰਿਕਾਰਡ ਦੀ ਮੰਗ ਕਰਨ ਅਤੇ ਧਾਰਮਿਕ ਗਤੀਵਿਧੀਆਂ ਨੂੰ ਮੁਅੱਤਲ ਕਰਨ ਦੀ ਆਗਿਆ ਦਿੱਤੀ ਹੈ,ਜਿਸ ਬਾਰੇ ਰਿਪੋਰਟ ਵਿੱਚ ਅਸਪਸ਼ਟ ਸ਼ਬਦਾਂ ਵਿੱਚ ਗੰਭੀਰ ਉਲੰਘਣਾਵਾਂ ਕਿਹਾ ਗਿਆ ਸੀ। ਦਸੰਬਰ ਤੱਕ, ਅਮਰੀਕੀ ਪੈਨਲ ਦੀ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਪੀੜਤਾਂ ਦੀ ਸੂਚੀ ਵਿੱਚ 80 ਤੋਂ ਵੱਧ ਕੈਦੀ ਸ਼ਾਮਲ ਸਨ ਜਿਨ੍ਹਾਂ ਨੂੰ ਵੀਅਤਨਾਮੀ ਸਰਕਾਰ ਨੇ ਧਾਰਮਿਕ ਗਤੀਵਿਧੀਆਂ ਜਾਂ ਧਾਰਮਿਕ ਆਜ਼ਾਦੀ ਦੀ ਵਕਾਲਤ ਲਈ ਸਜ਼ਾ ਦਿੱਤੀ ਸੀ। ਵੀਅਤਨਾਮੀ ਦੂਤਾਵਾਸ ਨੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ।

# ਸਿੱਖਿਆ 'ਚ ਸੁਧਾਰ ਲਈ ਨਵੀਂਆਂ ਯੋਜਨਾਵਾਂ ਬਣਾਉਣ ਦੀ ਲੋੜ



ਪ੍ਰਿੰਸੀਪਲ ਵਿਜੈ ਕੁਮਾਰ



ਹਰ ਸੂਬਾ ਸਰਕਾਰ ਹਰ ਸਾਲ ਆਪਣੇ ਸੂਬੇ ਦੇ ਕੁੱਲ ਬਜਟ ਵਿੱਚ ਸਰਕਾਰੀ ਸਕੂਲਾਂ ਦੀ ਸਿੱਖਿਆ ਲਈ ਬਜਟ ਰੱਖਦਿਆਂ ਸਕੂਲ ਸਿੱਖਿਆ ਲਈ ਬਣਾਈਆਂ ਯੋਜਨਾਵਾਂ ਲੋਕਾਂ ਸਾਹਮਣੇ ਇਉਂ ਪੇਸ਼ ਕਰਦੀ ਹੈ ਜਿਵੇਂ ਸੂਬੇ ਦੀ ਸਿੱਖਿਆ ਵਿੱਚ ਬਹੁਤ ਵੱਡੀ ਕ੍ਰਾਂਤੀ ਆਉਣ ਵਾਲੀ ਹੈ ਪਰ ਇਨ੍ਹਾਂ ਯੋਜਨਾਵਾਂ ਦਾ ਸਿੱਟਾ ਇਹ ਹੁੰਦਾ ਹੈ ਕਿ ਨਾ ਤਾਂ ਸਿੱਖਿਆ ਦਾ ਅਕਾਦਮਿਕ ਪੱਧਰ ਉੱਚਾ ਹੁੰਦਾ ਹੈ, ਨਾ ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ ਤੇ ਨਾ ਹੀ ਸਰਕਾਰੀ ਸਕੂਲ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਪਹਿਲੀ ਪਸੰਦ ਬਣਦੇ ਹਨ। ਸਿੱਖਿਆ ਮਾਹਿਰਾਂ ਦੀ ਦਲੀਲ ਹੈ ਕਿ ਸਰਕਾਰੀ ਸਕੂਲਾਂ ਦੀ ਸਿੱਖਿਆ ਦੇ ਅਕਾਦਮਿਕ ਪੱਖ ਵਿੱਚ ਸੁਧਾਰ ਲਿਆਉਣ ਲਈ ਜ਼ਮੀਨੀ ਹਕੀਕਤਾਂ ਮੁਤਾਬਿਕ ਯੋਜਨਾਵਾਂ ਬਣਾਉਣ ਦੀ ਲੋੜ ਹੈ।

ਪੰਜਾਬ ਸਰਕਾਰ ਦੇ ਇਸ ਵਰ੍ਹੇ ਲਈ ਸਕੂਲ ਸਿੱਖਿਆ ਲਈ ਰੱਖੇ ਬਜਟ ਬਾਰੇ ਚਰਚਾ ਕਰਨ ਤੋਂ ਪਹਿਲਾਂ ਦੂਜੇ ਸੂਬਿਆਂ ਦੇ ਸਕੂਲੀ ਸਿੱਖਿਆ ਲਈ ਰੱਖੇ ਬਜਟ ਉੱਤੇ ਝਾਤ ਮਾਰ ਲੈਂਦੇ ਹਾਂ। ਸਾਲ 2025-26 ਲਈ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ 2,36,080 ਕਰੋੜ ਰੁਪਏ ਦੇ ਕੁੱਲ ਬਜਟ ਵਿੱਚੋਂ ਸਕੂਲ ਸਿੱਖਿਆ ਲਈ 17,975 ਕਰੋੜ ਰੁਪਏ ਰੱਖੇ ਹਨ। ਇਹ ਰਕਮ ਕੁੱਲ ਬਜਟ ਦਾ 12% ਬਣਦੀ ਹੈ। ਪਿਛਲੇ ਸਾਲ ਸਕੂਲ ਸਿੱਖਿਆ ਲਈ ਸੂਬਾ ਸਰਕਾਰ ਨੇ 16987 ਕਰੋੜ ਰੁਪਏ ਰੱਖੇ ਸਨ ਜੋ ਕੁੱਲ ਬਜਟ ਦਾ 11.5% ਸੀ। ਅੰਕੜਿਆਂ ਮੁਤਾਬਿਕ, ਇਸ ਸਾਲ ਸੂਬਾ ਸਰਕਾਰ ਨੇ ਸਕੂਲ ਸਿੱਖਿਆ ਲਈ ਰੱਖੇ ਬਜਟ ਵਿੱਚ 938 ਕਰੋੜ ਰੁਪਏ, ਭਾਵ, 0.5% ਦਾ ਵਾਧਾ ਇਸ ਲਈ ਕੀਤਾ ਕਿਉਂਕਿ ਇਸ ਸਾਲ ਕੁਲ ਬਜਟ 'ਚ ਵਾਧਾ ਹੋਇਆ ਹੈ। ਦਿੱਲੀ ਸਰਕਾਰ ਨੇ ਸਕੂਲ ਸਿੱਖਿਆ ਲਈ 2025-26 ਵਿੱਚ ਕੁੱਲ ਬਜਟ ਦਾ 19.29% ਰੱਖਿਆ ਹੈ; ਸਾਲ 2024-25 'ਚ ਇਹ 17.7% ਸੀ। ਹਰਿਆਣਾ ਸਰਕਾਰ ਨੇ 2025-26 ਵਿੱਚ ਸਕੂਲ ਸਿੱਖਿਆ ਲਈ ਰੱਖੇ ਜਾਣ ਵਾਲੇ ਬਜਟ ਵਿੱਚ 8.10 % ਦਾ ਵਾਧਾ ਕਰਦੇ ਹੋਏ 17,848 ਕਰੋੜ ਰੁਪਏ ਰੱਖੇ ਹਨ। ਮਹਾਰਾਸ਼ਟਰ ਸਰਕਾਰ ਨੇ 2025-26 ਲਈ ਕੁੱਲ ਬਜਟ 1,05,473 ਕਰੋੜ ਰੁਪਏ ਵਿੱਚੋਂ ਸਕੂਲ ਸਿੱਖਿਆ ਲਈ 86,220 ਕਰੋੜ ਰੁਪਏ, ਭਾਵ, ਕੁੱਲ ਬਜਟ ਦਾ 13.99% ਰੱਖਿਆ ਹੈ।

ਹੁਣ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਲਈ ਰੱਖੇ ਬਜਟ ਦੀ ਚਰਚਾ ਕਰਦੇ ਹਾਂ। ਸਿੱਖਿਆ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ, ਸਾਖਰਤਾ ਅਤੇ ਸਿੱਖਿਆ ਗਿਆਨ ਪ੍ਰੋਗਰਾਮ ਤਹਿਤ ਸਕੂਲਾਂ ਵਿੱਚ ਮਿਸ਼ਨ ਸਮਰੱਥ ਆਰੰਭਿਆ ਗਿਆ ਸੀ ਜਿਸ ਦਾ ਉਦੇਸ਼ ਬੱਚਿਆਂ ਵਿੱਚ ਬੁਨਿਆਦੀ ਹੁਨਰ ਪੈਦਾ ਕਰਨਾ ਸੀ। ਇਸ ਮਿਸ਼ਨ ਨਾਲ 14 ਲੱਖ ਬੱਚੇ, 70 ਹਜ਼ਾਰ ਅਧਿਆਪਕ ਅਤੇ 19 ਹਜ਼ਾਰ ਸਕੂਲ ਜੁੜੇ ਹੋਏ ਸਨ। ਇੰਟਰੈਕਟਿਵ ਅਧਿਆਪਨ ਵਿਧੀਆਂ, ਅਨੁਭਵੀ ਸਿੱਖਿਆ ਅਤੇ ਟੀਚਿੰਗ ਐਟ ਦਿ ਰਾਇਟ ਲੈਵਲ ਨੂੰ ਮਾਧਿਅਮ ਬਣਾ ਕੇ ਭਾਸ਼ਾ ਅਤੇ ਗਣਿਤ ਵਿਸ਼ਿਆਂ ਵਿੱਚ ਪ੍ਰਾਇਮਰੀ ਗ੍ਰੇਡਾਂ ਵਿੱਚ 15% ਅਤੇ ਅਪਰ ਪ੍ਰਾਇਮਰੀ ਪੱਧਰ ਉਤੇ 25% ਗ੍ਰੇਡਾਂ ਦਾ ਵਾਧਾ ਹੋਇਆ ਪਰ ਇਸ ਮਿਸ਼ਨ ਬਾਰੇ ਸਕੂਲ ਅਧਿਆਪਕਾਂ ਅਤੇ ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਮਿਸ਼ਨ ਨੇ ਅਧਿਆਪਕਾਂ ਨੂੰ ਅੰਕੜਿਆਂ ਦੀਆਂ ਰਿਪੋਰਟਾਂ ਬਣਾਉਣ ਵਿੱਚ ਉਲਝਾ ਦਿੱਤਾ ਹੈ। ਇਸ ਕਾਰਨ ਦੂਜੇ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਹੁੰਦੀ ਹੈ। ਪਹਿਲੀਆਂ ਸਰਕਾਰਾਂ ਮੁਤਾਬਿਕ, ਜੇਕਰ ਸੂਬੇ ਦੀ ਸਿੱਖਿਆ ਦਾ ਮਿਆਰ ਉੱਚਾ ਹੈ ਤਾਂ ਮਿਸ਼ਨ ਸਮਰਥ ਸ਼ੁਰੂ ਕਰਨ ਦੀ ਕੀ ਲੋੜ ਹੈ? ਇਸ ਮੁੱਦੇ 'ਤੇ ਸਰਕਾਰ ਨੂੰ ਅਧਿਆਪਕਾਂ ਦੀ ਰਾਏ ਜ਼ਰੂਰ ਸੁਣਨੀ ਚਾਹੀਦੀ ਹੈ। 21.81 ਲੱਖ ਮਾਪਿਆਂ ਨੂੰ ਸਕੂਲਾਂ ਵਿੱਚ ਬੁਲਾ ਕੇ ਮੈਗਾ ਮਾਪੇ ਅਧਿਆਪਕ ਮਿਲਣੀ ਕਰਨਾ ਚੰਗਾ ਉਪਰਾਲਾ ਹੈ ਪਰ ਸਕੂਲ ਸਿੱਖਿਆ ਨੂੰ ਇਸ ਦਾ ਕੀ ਲਾਭ ਪਹੁੰਚਿਆ ਹੈ, ਇਸ ਬਾਰੇ ਵੀ ਵਿਚਾਰ ਹੋਣਾ ਜ਼ਰੂਰੀ ਹੈ।

ਸਿੱਖਿਆ ਵਿਭਾਗ ਦੀ ਰਿਪੋਰਟ ਅਨੁਸਾਰ, ਸਕੂਲ ਸਿੱਖਿਆ ਪ੍ਰਣਾਲੀ ਨੂੰ ਸਰਵੋਤਮ ਅਭਿਆਸ ਨਾਲ ਜੋੜਨ, ਬਿਹਤਰ ਅਧਿਆਪਨ ਵਿਧੀਆਂ ਅਪਣਾ ਕੇ ਬੱਚਿਆਂ ਨੂੰ 21ਵੀਂ ਸਦੀ ਵਿੱਚ ਤਰੱਕੀ ਕਰਨ, ਗਿਆਨ, ਹੁਨਰ ਅਤੇ ਵਧਣ-ਫੁੱਲਣ ਦੇ ਮੌਕੇ ਮੁਹੱਈਆ ਕਰਵਾਉਣ ਲਈ 354 ਪ੍ਰਿੰਸੀਪਲਾਂ, ਮੁੱਖ ਅਧਿਆਪਕਾਂ ਤੇ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਸਿੰਗਾਪੁਰ, ਫਿਨਲੈਂਡ ਅਤੇ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਸੰਸਥਾਵਾਂ ਵਿੱਚ ਭੇਜਿਆ ਪਰ ਸਿੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਣਾ ਚੰਗੀ ਗੱਲ ਹੋ ਸਕਦੀ ਹੈ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਲੇ ਸਟੇਟ ਕਾਲਜ ਆਫ ਐਜੂਕੇਸ਼ਨ ਅਤੇ ਇਨ ਸਰਵਿਸ ਟ੍ਰੇਨਿੰਗ ਸੈਂਟਰਾਂ ਵੱਲ ਧਿਆਨ ਕਿਉਂ ਨਹੀਂ ਦਿੱਤਾ ਜਾਂਦਾ? ਆਪਣੇ ਦੇਸ਼ ਦੀਆਂ ਯੂਨੀਵਰਸਟੀਆਂ ਦੇ ਅਧਿਆਪਕਾਂ ਨੂੰ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਟ੍ਰੇਨਿੰਗ ਦੇਣ ਲਈ ਤਿਆਰ ਕਿਉਂ ਨਹੀਂ ਕੀਤਾ ਜਾਂਦਾ? ਜੇ ਦੂਜੇ ਦੇਸ਼ ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਮੰਨਦੇ ਹਨ ਤਾਂ ਸਾਨੂੰ ਆਪਣੇ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਵਿਦੇਸ਼ ਭੇਜਣ ਦੀ ਕੀ ਲੋੜ ਹੈ? 425 ਪ੍ਰਾਇਮਰੀ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਬਣਾਉਣਾ ਚੰਗਾ ਕਦਮ ਮੰਨਿਆ ਜਾ ਸਕਦਾ ਹੈ ਪਰ ਇੱਕ ਅਧਿਆਪਕ ਵਾਲੇ ਪ੍ਰਾਇਮਰੀ ਸਕੂਲਾਂ ਦੀ ਪੜ੍ਹਾਈ ਦੀ ਸਾਰ ਕੌਣ ਲਵੇਗਾ? ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਤੋਂ ਵਿਹੂਣੇ ਬਲਾਕਾਂ ਦਾ ਬੋਝ ਹੈੱਡਟੀਚਰ ਉੱਤੇ ਪੈਣ ਕਾਰਨ ਪ੍ਰਾਇਮਰੀ ਸਕੂਲਾਂ ਦੀ ਪ੍ਰਭਾਵਿਤ ਹੋ ਰਹੀ ਪੜ੍ਹਾਈ ਦਾ ਫ਼ਿਕਰ ਕੌਣ ਕਰੇਗਾ?

ਨਵੇਂ ਸਕੂਲ ਆਫ ਐਮੀਨੈਂਸ ਅਤੇ ਸਕੂਲ ਆਫ ਬ੍ਰੀਲਿਐਂਸ ਖੋਲ੍ਹਣ ਤੋਂ ਪਹਿਲੇ ਸਕੂਲ ਆਫ ਐਮੀਨੈਂਸੰ ਚੰਗੀ ਤਰ੍ਹਾਂ ਚਲਾਉਣ ਲਈ ਉਨ੍ਹਾਂ ਸਕੂਲਾਂ ਵਿੱਚ ਖਾਲੀ ਅਸਾਮੀਆਂ, ਉਨ੍ਹਾਂ ਸਕੂਲਾਂ ਵਿੱਚ ਦਿੱਤੀਆਂ ਜਾਣ ਵਾਲੀਆਂ ਵਾਧੂ ਅਸਾਮੀਆਂ, ਉਨ੍ਹਾਂ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਸਕੂਲ ਮੁਖੀਆਂ ਦੀਆਂ ਸਮੱਸਿਆਵਾਂ ਉੱਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਸਕੂਲਾਂ ਦਾ ਨਵੀਨੀਕਰਨ ਲਈ ਸੋਲਰ ਸਿਸਟਮ, ਚਾਰ ਦੀਵਾਰੀਆਂ ਦਾ ਨਿਰਮਾਣ, ਸਕੂਲਾਂ ਦੀ ਅੱਪਗਰੇਡੇਸ਼ਨ, ਵਿਦਿਆਰਥਣਾਂ ਦੀ ਸੁਰੱਖਿਆ ਅਤੇ ਸਕੂਲਾਂ ਦੀ ਸਾਂਭ-ਸੰਭਾਲ ਲਈ, ਸਰਵਪੱਖੀ ਵਿਕਾਸ ਲਈ, ਸਾਫ-ਸਫਾਈ ਲਈ ਸਕੂਲ ਮੈਨੇਜਰਾਂ, ਸੁਰੱਖਿਆ ਗਾਰਡਾਂ, ਸਫਾਈ ਸੇਵਕਾਂ ਅਤੇ ਚੌਕੀਦਾਰਾਂ ਦੀ ਭਰਤੀ ਕਰਨਾ ਸ਼ਲਾਘਾਯੋਗ ਕਦਮ ਹੈ ਪਰ ਸਕੂਲ ਮੁਖੀਆਂ, ਲੈਕਚਰਾਰਾਂ ਅਤੇ ਹੋਰ ਅਧਿਆਪਕਾਂ ਦੀ ਘਾਟ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਦੇ ਹੋ ਰਹੇ ਹਰਜੇ ਕਾਰਨ ਸਰਕਾਰੀ ਸਕੂਲ, ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਪਹਿਲੀ ਪਸੰਦ ਕਿਵੇਂ ਬਣ ਸਕਦੇ ਹਨ? ਸਕੂਲਾਂ ਵਿੱਚ ਗਰੀਨ ਸਕੂਲ ਪ੍ਰਾਜੈਕਟ ਚਲਾਉਣਾ ਸ਼ਲਾਘਾਯੋਗ ਕਦਮ ਹੈ ਪਰ ਅਧਿਆਪਕਾਂ ਦੀ ਭਰਤੀ, ਵੋਕੇਸ਼ਨਲ ਸਿੱਖਿਆ ਨੂੰ ਰੁਜ਼ਗਾਰ ਮੁਖੀ ਬਣਾਉਣ ਲਈ ਯੋਜਨਾ ਬਣਾਉਣ ਦਾ ਬਜਟ ਵਿੱਚ ਜ਼ਿਕਰ ਜ਼ਰੂਰੀ ਸੀ।

ਸਰਕਾਰੀ ਸਕੂਲਾਂ ਦਾ ਅਕਾਦਮਿਕ ਪੱਧਰ ਉੱਪਰ ਚੁੱਕਣ ਲਈ ਸਭ ਤੋਂ ਪਹਿਲਾਂ ਸਕੂਲ ਮੁਖੀਆ ਅਤੇ ਅਧਿਆਪਕਾਂ ਦੀ ਕੋਈ ਵੀ ਅਸਾਮੀ ਖਾਲੀ ਨਹੀਂ ਰਹਿਣੀ ਚਾਹੀਦੀ। ਅਧਿਆਪਕਾਂ ਨੂੰ ਜਮਾਤਾਂ ਵਿੱਚ ਪੜ੍ਹਾਉਣ ਲਈ ਵੱਧ ਤੋਂ ਵੱਧ ਸਮਾਂ ਦੇਣਾ, ਸਿੱਖਿਆ ਨੀਤੀਆਂ ਨੂੰ ਵਿਦਿਆਰਥੀ ਹਿਤਾਂ ਅਨੁਸਾਰ ਬਣਾਉਣਾ, ਅਧਿਆਪਕਾਂ ਦੀ ਭਰਤੀਆਂ, ਤਰੱਕੀਆਂ ਤੇ ਸੇਵਾ ਮੁਕਤੀ ਵਿੱਚ ਸੰਤੁਲਨ ਬਣਾ ਕੇ ਰੱਖਣਾ ਜ਼ਰੂਰੀ ਹੈ। ਜਿਸ ਦਿਨ ਇਹ ਸਭ ਕੁਝ ਹੋ ਜਾਵੇਗਾ, ਉਸ ਦਿਨ ਸਰਕਾਰੀ ਸਕੂਲਾਂ 'ਚ ਦਾਖਲਾ ਵਧਾਉਣ ਲਈ ਕੋਈ ਮੁਹਿੰਮ ਨਹੀਂ ਚਲਾਉਣੀ ਪਵੇਗੀ।



ਮੁਖ਼ਤਾਰ ਗਿੱਲ

# ਕਸ਼ਮੀਰ: ਕਿਵੇਂ ਕਾਇਮ ਹੋਵੇ ਅਮਨ-ਸ਼ਾਂਤੀ

ਪਿਛਲੇ ਦਿਨੀਂ ਅਸਲ ਕੰਟਰੋਲ ਰੇਖਾ ਨੇੜੇ ਕ੍ਰਿਸ਼ਨਾ ਵਾਦੀ ਦੇ ਮੂਹਰਲੇ ਇਲਾਕੇ 'ਚ ਬਾਰੂਦੀ ਸੁਰੰਗ ਧਮਾਕਾ ਹੋਇਆ। ਚੌਕਸ ਭਾਰਤੀ ਫ਼ੌਜ ਨੇ ਪਾਕਿਸਤਾਨੀ ਫ਼ੌਜ ਵੱਲੋਂ ਕਰਵਾਈ ਜਾ ਰਹੀ ਘੁਸਪੈਠ ਨਾਕਾਮ ਕੀਤੀ। ਦੋਵਾਂ ਪਾਸਿਆਂ ਤੋਂ ਗੋਲ਼ੀਬਾਰੀ ਹੋਈ। ਪਾਕਿਸਤਾਨੀ ਫ਼ੌਜ ਨੇ ਪੁਣਛ 'ਚ ਗੋਲ਼ੀਬੰਦੀ ਦੀ ਉਲੰਘਣਾ ਕੀਤੀ। ਯਾਦ ਰਹੇ ਕਿ 21 ਫਰਵਰੀ ਨੂੰ ਦੋਵਾਂ ਫ਼ੌਜਾਂ ਦੇ ਉੱਚ ਅਧਿਕਾਰੀਆਂ ਨੇ ਫਲੈਗ ਮੀਟਿੰਗ ਵਿੱਚ ਗੋਲ਼ੀਬੰਦੀ ਸਵੀਕਾਰ ਕੀਤੀ ਸੀ। ਕਠੂਆ 'ਚ ਅੱਤਵਾਦੀਆਂ ਖ਼ਿਲਾਫ਼ ਕਾਰਵਾਈ ਹੋਈ। ਰਾਮਬਾਗ ਦੇ ਸੰਘਣੇ ਜੰਗਲ ਵਿੱਚ ਦਹਿਸ਼ਤਗਰਦਾਂ ਨਾਲ ਪਿੱਛੇ ਜਿਹੇ ਸਵੇਰੇ ਹੋਏ ਮੁਕਾਬਲੇ 'ਚ ਸੁਰੱਖਿਆ ਬਲਾਂ ਦੇ ਤਿੰਨ ਜਵਾਨ ਸ਼ਹੀਦ ਹੋਏ ਸਨ। ਜਦਕਿ ਇੱਕ ਡੀ.ਐੱਸ.ਪੀ. ਸਮੇਤ ਪੰਜ ਜਵਾਨ ਜ਼ਖ਼ਮੀ ਹੋ ਗਏ ਸਨ।

ਜੈਸ਼-ਏ-ਮੁਹੰਮਦ ਦੇ ਤਿੰਨ ਪਾਕਿਸਤਾਨੀ ਘੁਸਪੈਠੀਏ ਵੀ ਮਾਰ ਮੁਕਾਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੇ ਘੁਸਪੈਠ ਕਰ ਰਹੇ ਤਕਰੀਬਨ ਪੰਜ ਅੱਤਵਾਦੀਆਂ ਦੇ ਗਰੁੱਪ ਦੇ ਖ਼ਾਤਮੇ ਲਈ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਸੀ। ਅਗਲੇ ਦਿਨ ਕਠੂਆ ਦੇ ਸੰਘਣੇ ਜੰਗਲ ਵਿੱਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ ਵਾਲੀ ਥਾਂ 'ਤੇ ਇੱਕ ਹੋਰ ਲਾਪਤਾ ਸੁਰੱਖਿਆ ਕਰਮੀ ਹੈੱਡ ਕਾਂਸਟੇਬਲ ਜਗਬੀਰ ਸਿੰਘ ਦੀ ਦੇਹ ਡ੍ਰੋਨ ਰਾਹੀਂ ਦਿਖਾਈ ਦੇਣ ਕਾਰਨ ਸ਼ਹੀਦ ਜਵਾਨਾਂ ਦੀ ਗਿਣਤੀ ਚਾਰ ਹੋ ਗਈ ਸੀ।

ਇਸੇ ਸਾਲ 10 ਫਰਵਰੀ ਨੂੰ ਜੰਮੂ ਨੇੜੇ ਅਖਨੂਰ ਸੈਕਟਰ ਵਿੱਚ ਅਸਲ ਕੰਟਰੋਲ ਰੇਖਾ ਦੇ ਨੇੜੇ ਬਾਰੂਦੀ ਸੁਰੰਗ ਫਟਣ ਕਾਰਨ ਫ਼ੌਜ ਦੇ ਕੈਪਟਨ ਕਰਮਜੀਤ ਸਿੰਘ ਬਖਸ਼ੀ ਅਤੇ ਨਾਇਕ ਮੁਕੇਸ਼ ਸ਼ਹੀਦ ਹੋ ਗਏ ਸਨ। ਜੰਮੂ-ਕਸ਼ਮੀਰ ਵਿੱਚ ਅੱਤਵਾਦ ਦੇ ਖ਼ਾਤਮੇ ਲਈ ਦੇਸ਼ ਅਤੇ ਇਸ ਦੇ ਸਮੁੱਚੇ ਤੰਤਰ ਦੀ ਜਿੰਨੀ ਊਰਜਾ ਲੱਗੀ ਹੈ, ਇਸ ਬਾਰੇ ਸਾਰੇ ਭਲੀਭਾਂਤ ਜਾਣਦੇ ਹਨ। ਤ੍ਰਾਸਦੀ ਇਹ ਹੈ ਕਿ ਕਈ ਦਹਾਕੇ ਪਹਿਲਾਂ ਤੋਂ ਜਾਰੀ ਇਸ ਮਸਲੇ ਨੂੰ ਹੱਲ ਕਰਨ ਲਈ ਕੇਂਦਰ ਸਰਕਾਰ ਵੱਲੋਂ ਦਾਅਵੇ ਅਤੇ ਵਕਤ ਦੇ ਨਾਲ-ਨਾਲ ਨਵੇਂ ਉਪਾਅ ਵੀ ਕੀਤੇ ਗਏ ਪ੍ਰੰਤੂ ਅੱਜ ਵੀ ਉੱਥੇ ਜਿਸ ਪੱਧਰ ਦੀਆਂ ਦਹਿਸ਼ਤੀ ਗਤੀਵਿਧੀਆਂ ਚੱਲ ਰਹੀਆਂ ਹਨ, ਉਹ ਦੇਸ਼ ਸਾਹਮਣੇ ਨਿਰਸੰਦੇਹ ਇੱਕ ਵੱਡੀ ਚੁਣੌਤੀ ਹੈ। ਗ਼ੌਰਤਲਬ ਹੈ ਕਿ ਹਾਲ ਹੀ ਵਿੱਚ ਸੁਰੱਖਿਆ ਬਲਾਂ ਨੂੰ ਇੱਕ ਗੁਪਤ ਸੂਚਨਾ ਮਿਲੀ ਸੀ ਕਿ ਕਠੂਆ ਦੇ ਜੰਗਲਾਂ ਵਿੱਚ ਪਾਕਿਸਤਾਨੀ ਜੈਸ਼-ਏ-ਮੁਹੰਮਦ ਨਾਲ ਸਬੰਧਤ ਘੁਸਪੈਠੀਏ ਸੰਘਣੇ ਜੰਗਲ ਵਿੱਚ ਲੁਕੇ ਹੋਏ ਹਨ। ਉਨ੍ਹਾਂ ਦਹਿਸ਼ਤਗਰਦਾਂ ਦੀ ਤਲਾਸ਼ ਵਿੱਚ ਜੰਮੂ-ਕਸ਼ਮੀਰ ਦੀ ਪੁਲਿਸ ਦੀ ਅਗਵਾਈ ਹੇਠ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਸੀ। ਇਸ ਦੌਰਾਨ ਸਵੇਰੇ ਹੀ ਪੁਲਿਸ ਤੇ ਸੁਰੱਖਿਆ ਬਲਾਂ ਨੇ ਅੱਤਵਾਦੀਆਂ ਦੇ ਇੱਕ ਸਮੂਹ ਨੂੰ ਘੇਰ ਲਿਆ। ਦੋਹਾਂ ਪਾਸਿਆਂ ਤੋਂ ਗੋਲ਼ੀਬਾਰੀ ਸ਼ੁਰੂ ਹੋ ਗਈ।

ਇਸ ਤੋਂ ਪਹਿਲਾਂ ਇਸੇ ਸਾਲ ਫਰਵਰੀ ਮਹੀਨੇ ਕਠੂਆ 'ਚ ਪੁਲਿਸ ਤਸ਼ੱਦਦ ਤੋਂ ਤੰਗ ਆ ਕੇ ਗੁੱਜਰ ਪਰਿਵਾਰ ਦੇ ਮਾਖਨ ਦੀਨ (25) ਨੇ ਖ਼ੁਦਕੁਸ਼ੀ ਕਰ ਲਈ ਸੀ। ਇਸੇ ਤਰ੍ਹਾਂ ਬਾਰਾਮੂਲਾ ਜ਼ਿਲ੍ਹੇ ਦੇ ਸੋਪੋਰ ਵਿੱਚ ਫ਼ੌਜ ਨੇ ਟਰੱਕ ਡਰਾਈਵਰ ਵਸੀਮ ਮਸੀਜ ਮੀਰ ਨੂੰ ਗੋਲ਼ੀ ਮਾਰ ਕੇ ਮਾਰ ਦਿੱਤਾ ਸੀ। ਪੀਡੀਪੀ ਦੀ ਮੁਖੀ ਮਹਿਬੂਬਾ ਮੁਫ਼ਤੀ ਤੇ ਉਨ੍ਹਾਂ ਦੀ ਬੇਟੀ ਇਲਤਿਜ਼ਾ ਨੂੰ ਉਨ੍ਹਾਂ ਦੇ ਸ੍ਰੀਨਗਰ ਸਥਿਤ ਘਰ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਕਿ ਉਹ ਕਠੂਆ ਤੇ ਸੋਪੋਰ ਨਾ ਜਾ ਸਕਣ।



ਜੰਮੂ-ਕਸ਼ਮੀਰ ਵਿੱਚ ਰਾਸ਼ਟਰਪਤੀ ਰਾਜ ਖ਼ਤਮ ਹੋਣ ਤੋਂ ਬਾਅਦ ਜਦ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੇ ਕਾਰਜਭਾਰ ਸੰਭਾਲ ਕੇ ਕੰਮ ਕਰਨਾ ਸ਼ੁਰੂ ਕੀਤਾ ਸੀ ਤਦ ਤਵੱਕੋ ਸੀ ਕਿ ਹੁਣ ਉੱਥੇ ਨਵੇਂ ਸਿਰੇ ਤੋਂ ਅੱਤਵਾਦ ਦੇ ਖ਼ਿਲਾਫ਼ ਲੜਾਈ ਸ਼ੁਰੂ ਹੋਵੇਗੀ। ਪਰ ਅੱਜ ਵੀ ਉੱਥੇ ਸਰਕਾਰ ਦੀ ਕਾਰਗੁਜ਼ਾਰੀ ਦਾ ਕੋਈ ਠੋਸ ਅਸਰ ਸਾਹਮਣੇ ਨਹੀਂ ਆਇਆ। ਜਿਸ ਸਦਕਾ ਦਹਿਸ਼ਤਗਰਦਾਂ ਦੇ ਹੌਸਲੇ ਪਸਤ ਹੋਏ ਹੋਣ। ਦਰਅਸਲ, ਮੁੱਖ ਮੰਤਰੀ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਦੀ ਸਰਕਾਰ, ਕੇਂਦਰ ਸ਼ਾਸਿਤ ਰਾਜ ਦੇ ਉਪ ਰਾਜਪਾਲ ਮਨੋਜ ਸਿਨਹਾ ਦੇ ਵਿਹਾਰ ਵੱਲ ਵੇਖ ਰਹੀ ਹੈ ਕਿ ਉਹ ਕਿਸੇ ਸਰਕਾਰੀ ਬਿੱਲ 'ਤੇ ਦਸਤਖ਼ਤ ਕਰਨਗੇ ਜਾਂ ਨਹੀਂ। ਕੀ ਉਪ ਰਾਜਪਾਲ ਦਿੱਲੀ ਦੇ ਐੱਲ.ਜੀ. ਵਾਂਗ ਅੜਿੱਕਾ ਬਣਨਗੇ?

ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਉਹ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸੰਚਾਲਨ ਦੀਆਂ ਚੁਣੌਤੀਆਂ ਤੋਂ ਭਲੀਭਾਂਤ ਜਾਣੂ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਨੈਸ਼ਨਲ ਕਾਨਫਰੰਸ ਕੇਂਦਰ ਤੋਂ ਸੰਤੁਸ਼ਟ ਨਹੀਂ। ਉਹ ਰਾਜ ਦਾ ਦਰਜਾ ਬਹਾਲ ਕਰਨ ਦੀ ਮੰਗ ਨੂੰ ਪਹਿਲ ਦਿੰਦੀ ਆ ਰਹੀ ਹੈ। ਨੈਸ਼ਨਲ ਕਾਨਫਰੰਸ ਦਾ ਕਹਿਣਾ ਹੈ ਕਿ ਜਦੋਂ ਅਗਸਤ 2019 ਵਿਚ ਜੰਮੂ-ਕਸ਼ਮੀਰ ਰਾਜ ਨੂੰ ਵਿਸ਼ੇਸ਼ ਸੰਵਿਧਾਨਕ ਅਧਿਕਾਰ ਦੇਣ ਵਾਲੀ ਧਾਰਾ 370 ਨੂੰ ਰੱਦ ਕਰ ਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਤਬਦੀਲ ਕਰ ਦਿੱਤਾ ਸੀ, ਉਸ ਵੇਲੇ ਕਸ਼ਮੀਰੀਆਂ ਨੇ ਨਾਰਾਜ਼ਗੀ ਜਤਾਈ ਸੀ। ਉਨ੍ਹਾਂ ਦੇ ਅਧਿਕਾਰਾਂ 'ਤੇ ਹਮਲਾ ਕੀਤਾ ਗਿਆ ਸੀ। ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਹੋਇਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਅਬਦੁੱਲਾ ਦੀਆਂ ਕਈ ਮੀਟਿੰਗਾਂ ਸੁਖਾਵੇਂ ਮਾਹੌਲ 'ਚ ਹੋਈਆਂ ਸਨ। ਉਨ੍ਹਾਂ ਨੇ ਸਦਨ ਵਿੱਚ ਜੰਮੂ-ਕਸ਼ਮੀਰ ਨੂੰ ਰਾਜ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਹੈ ਪਰ ਇਸ ਨਾਲ ਸ਼ਰਤ ਵੀ ਹੈ ਕਿ, 'ਰਾਜ ਦਾ ਦਰਜਾ ਤਦ ਬਹਾਲ ਹੋਵੇਗਾ ਜਦ ਹਾਲਾਤ ਦਰੁਸਤ ਹੋਣਗੇ'। ਕੁਝ ਦਿਨ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਆਇਆ ਕਿ ਪ੍ਰਧਾਨ ਮੰਤਰੀ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦੇ ਕਿ 'ਤੁਸੀਂ ਸ਼ਾਂਤੀਪੂਰਨ ਚੋਣ ਅਮਲ ਪੂਰਾ ਕਰੋ, ਅਸੀਂ ਰਾਜ ਦਾ ਦਰਜਾ ਬਹਾਲ ਕਰ ਦਿਆਂਗੇ' ਨੂੰ ਪੂਰਾ ਕਰ ਦਿੱਤਾ ਜਾਵੇਗਾ। ਸ਼ਾਹ ਨੇ ਕਿਹਾ ਕਿ 40 ਸਾਲ ਬਾਅਦ ਇਹ ਪਹਿਲੀ ਚੋਣ ਸੀ ਜਦੋਂ ਕਿਸੇ ਪੋਲਿੰਗ ਬੂਥ 'ਤੇ ਦੁਬਾਰਾ ਮਤਦਾਨ ਨਹੀਂ ਹੋਇਆ। ਵੋਟਾਂ ਦੌਰਾਨ ਕਿਧਰੇ ਗੋਲ਼ੀ ਨਹੀਂ ਸੀ ਚੱਲੀ, ਹੰਝੂ ਗੈਸ ਦੀ ਵਰਤੋਂ ਨਹੀਂ ਸੀ ਹੋਈ। ਤਕਰੀਬਨ 60% ਵੋਟਾਂ ਪਈਆਂ ਸਨ। ਇਸ ਜਮਹੂਰੀ ਚੋਣ ਅਮਲ ਦੀ ਕਾਮਯਾਬੀ ਦਾ ਸਿਹਰਾ ਕਸ਼ਮੀਰੀਆਂ ਸਿਰ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੰਮੂ-ਕਸ਼ਮੀਰ 'ਚ ਸੁਰੱਖਿਆ ਬਲਾਂ ਅਤੇ ਰਾਜ ਦੀ ਪੁਲਿਸ ਨੇ ਅੱਤਵਾਦ ਨਾਲ ਨਜਿੱਠਣ ਦੇ ਮਾਮਲੇ ਵਿੱਚ ਹਮੇਸ਼ਾ ਮੁਸਤੈਦੀ ਵਰਤੀ ਹੈ ਪਰ ਇਹ ਵੀ ਕੌੜੀ ਸੱਚਾਈ ਹੈ ਕਿ ਅੱਜ ਵੀ ਉੱਥੇ ਦਹਿਸ਼ਤੀ ਤਨਜ਼ੀਮਾਂ ਨੇ ਆਪਣੀ ਮੌਜੂਦਗੀ ਬਣਾਈ ਹੋਈ ਹੈ। ਅੱਤਵਾਦੀ ਅੱਜ ਵੀ ਸੁਰੱਖਿਆ ਬਲਾਂ ਦੇ ਕੈਂਪਾਂ ਤੇ ਗਸ਼ਤੀ ਵਾਹਨਾਂ ਉੱਤੇ ਘਾਤ ਲਗਾ ਕੇ ਹਮਲੇ ਕਰਨ ਦੇ ਸਮਰੱਥ ਹਨ ਭਾਵੇਂ ਕਈ ਵਾਰ ਉਹ ਮਾਰੇ ਵੀ ਜਾਂਦੇ ਹਨ। ਪੁਲਿਸ ਕਰਮੀਆਂ ਦੀ ਸ਼ਹਾਦਤ ਇਹ ਸਪੱਸ਼ਟ ਕਰਦੀ ਹੈ ਕਿ ਦਹਿਸ਼ਤਗਰਦਾਂ ਨਾਲ ਨਿਪਟਣ ਦੀ ਰਣਨੀਤੀ ਵਿਚ ਤਬਦੀਲੀ ਦੀ ਜ਼ਰੂਰਤ ਹੈ। ਸੁਰੱਖਿਆ ਬਲਾਂ ਵੱਲੋਂ ਅਕਸਰ ਅੱਤਵਾਦੀਆਂ ਨੂੰ ਮੁਕਾਬਲਿਆਂ ਵਿਚ ਮਾਰਿਆ ਜਾਂਦਾ ਹੈ। ਇਸ ਦੇ ਬਾਵਜੂਦ ਇਹ ਸਮਝਣਾ ਮੁਸ਼ਕਲ ਹੈ ਕਿ ਅੱਜ ਵੀ ਉਨ੍ਹਾਂ ਦੇ ਹੌਸਲੇ ਵਿੱਚ ਕਿਸੇ ਵੀ ਕਿਸਮ ਦੀ ਕੋਈ ਕਮੀ ਨਹੀਂ ਆਈ ਹੈ।

ਕੇਂਦਰ ਸਰਕਾਰ ਇਹ ਦਾਅਵਾ ਜ਼ਰੂਰ ਕਰਦੀ ਹੈ ਕਿ ਪਿਛਲੇ ਕੁਝ ਸਮੇਂ 'ਚ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਘਟਨਾਵਾਂ 'ਚ ਕਮੀ ਆਈ ਹੈ ਅਤੇ ਉੱਥੇ ਹਾਲਾਤ ਸੁਧਰੇ ਹਨ ਪਰ ਅਕਸਰ ਸਰਹੱਦ ਪਾਰ ਤੋਂ ਅੱਤਵਾਦੀਆਂ ਦੀ ਘੁਸਪੈਠ, ਉਨ੍ਹਾਂ ਨਾਲ ਸੁਰੱਖਿਆ ਬਲਾਂ ਦੇ ਮੁਕਾਬਲੇ ਵਿੱਚ ਕੁਝ ਦਹਿਸ਼ਤਗਰਦਾਂ ਦਾ ਮਾਰਿਆ ਜਾਣਾ ਅਤੇ ਇਸ ਦੇ ਨਾਲ ਹੀ ਫ਼ੌਜ ਤੇ ਪੁਲਿਸ ਦੇ ਜਵਾਨਾਂ ਦੀ ਸ਼ਹਾਦਤ ਤੋਂ ਪਤਾ ਲੱਗਦਾ ਹੈ ਕਿ ਉੱਥੇ ਇਸ ਸਮੱਸਿਆ ਦੀਆਂ ਜੜ੍ਹਾਂ ਕਾਇਮ ਹਨ। ਕੁਝ ਸਾਲਾਂ ਤੋਂ ਅੱਤਵਾਦੀਆਂ ਨੇ ਮਿੱਥ ਕੇ ਪਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਇਆ ਹੈ ਤੇ ਕਈ ਮਜ਼ਦੂਰਾਂ ਦੀ ਜਾਨ ਵੀ ਲਈ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਹਾਲਾਤ ਹੋਰ ਵੀ ਜਟਿਲ ਬਣਾ ਦਿੱਤੇ ਹਨ।

ਕੀ ਉਨ੍ਹਾਂ ਦੇ ਦਹਿਸ਼ਤੀ ਖ਼ੁਫ਼ੀਆ-ਤੰਤਰ ਦੀ ਇਹ ਮਜ਼ਬੂਤੀ ਸਰਹੱਦ ਪਾਰ ਤੋਂ ਮਿਲ ਰਹੇ ਮਾਲੀ ਸਹਿਯੋਗ, ਅਸਲਾ ਅਤੇ ਘੁਸਪੈਠੀਆਂ ਨੂੰ ਦਿੱਤੇ ਜਾ ਰਹੇ ਪਾਕਿ ਫ਼ੌਜ ਦੇ ਸਹਿਯੋਗ ਦੀ ਬਦੌਲਤ ਹੈ? ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਵਿਚ ਸਰਗਰਮ ਅੱਤਵਾਦੀ ਤੇ ਵੱਖਵਾਦੀ/ਘੁਸਪੈਠੀਆਂ ਨੂੰ ਸਥਾਨਕ ਲੋਕਾਂ ਵੱਲੋਂ ਸ਼ਰਨ, ਸੂਚਨਾਵਾਂ ਤੇ ਸਹਿਯੋਗ ਬਾਕਾਇਦਾ ਮਿਲ ਰਿਹਾ ਹੈ। ਸੁਰੱਖਿਆ ਬਲਾਂ ਦੇ ਨਾਕਿਆਂ 'ਤੇ ਕੀਤੀ ਜਾਂਦੀ ਸਖ਼ਤੀ, ਬੇਹੁਰਮਤੀ, ਗ੍ਰਿਫ਼ਤਾਰ ਕਰ ਕੇ ਜਾਂ ਹਿਰਾਸਤ 'ਚ ਲੈ ਕੇ ਤਸ਼ੱਦਦ ਕਰਨਾ ਆਦਿ ਕਸ਼ਮੀਰੀ ਅਵਾਮ ਨੂੰ ਬੁਰੀ ਤਰ੍ਹਾਂ ਤੋੜ ਦਿੰਦਾ ਹੈ। ਉਨ੍ਹਾਂ ਵਿਚ ਨਾਰਾਜ਼ਗੀ ਘਰ ਕਰ ਜਾਂਦੀ ਹੈ। ਇਸੇ ਤਰ੍ਹਾਂ ਸਥਾਨਕ ਬੇਰੁਜ਼ਗਾਰ ਨੌਜਵਾਨ ਵੀ ਛੇਤੀ ਹੀ ਲਾਲਚ ਕਾਰਨ ਉਨ੍ਹਾਂ ਦੇ ਬਹਿਕਾਵੇ ਵਿਚ ਆ ਜਾਂਦੇ ਹਨ ਅਤੇ ਦਹਿਸ਼ਤੀ ਸਫ਼ਾਂ ਵਿੱਚ ਸ਼ਾਮਲ ਹੋ ਜਾਂਦੇ ਹਨ। ਸਰਕਾਰ ਦੇ ਅਜਿਹੇ ਵਤੀਰੇ ਕਾਰਨ ਕੁਝ ਦੇਸ਼ ਵਿਰੋਧੀ ਕਸ਼ਮੀਰੀ ਅਵਾਮ ਵਿੱਚ ਬੇਭਰੋਸਗੀ ਅਤੇ ਬੇਗਾਨਗੀ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਭਾਰੂ ਹੋ ਜਾਂਦਾ ਹੈ ਜਿਹੜਾ ਕਸ਼ਮੀਰ ਵਿਚ ਅਮਨ-ਸ਼ਾਂਤੀ ਤੇ ਖ਼ੁਸ਼ਹਾਲੀ ਦੇ ਰਾਹ ਵਿੱਚ ਅੜਿੱਕਾ ਬਣਦਾ ਹੈ। ਕੇਂਦਰ ਸਰਕਾਰ ਤੇ ਗ੍ਰਹਿ ਮੰਤਰਾਲਾ ਦਾਅਵਾ ਕਰਦੇ ਹਨ ਕਿ ਜੰਮੂ-ਕਸ਼ਮੀਰ ਵਿਚ ਹਾਲਾਤ ਸੁਧਰੇ ਹਨ ਪਰ ਇਸ ਦੇ ਬਾਵਜੂਦ ਹਿੰਸਕ ਘਟਨਾਵਾਂ ਵਿੱਚ ਕਮੀ ਨਹੀਂ ਆਈ।





ਹਰਜੋਤ ਸਿੰਘ ਸਿੱਧੂ
(ਡਾਇਰੈਕਟਰ- ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ)

# ਤੁਸੀਂ ਕਦੇ ਵੇਖਿਆ- ਸੁਣਿਆ !

ਕੀ ਤੁਸੀਂ ਕਦੇ ਵੇਖਿਆ ਸੁਣਿਆ ਹੈ ਕਿ ਸਿਰਫ ਨੌਂ ਜਮਾਤਾਂ ਪੜ੍ਹਿਆ ਕਿਸੇ ਕੇਂਦਰੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਲੱਗਿਆ ਹੋਵੇ ? ਤੁਸੀਂ ਕਦੇ ਇਹ ਸੁਣਿਆ ਹੈ ਕਿਸੇ ਵੇਲੇ ਜੱਜਾਂ ਦੀ ਕੋਰਟ ਵਿੱਚ ਉਹਨਾਂ ਦਾ ਅਰਦਲੀ ਰਿਹਾ ਮੁੰਡਾ ਹੁਣ ਇੱਕ ਲੇਖਕ ਵਜੋਂ ਸਥਾਪਿਤ ਹੋਕੇ ਭਾਰਤ ਦੇ ਰਾਸ਼ਟਰਪਤੀਆਂ ਨੂੰ ਮਿਲ ਗਿਲ ਰਿਹਾ ਹੋਵੇ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਉਸਨੂੰ ਉਪ ਰਾਸ਼ਟਰਪਤੀ ਹੱਥੋਂ 'ਸਾਹਿਤ ਰਤਨ' ਭੇਟ ਕਰ ਕੇ ਨਿਵਾਜੇ ਤੇ ਉਹ 59 ਕਿਤਾਬਾਂ ਦਾ ਰਚੇਤਾ ਹੋਵੇ। ਸੰਨ 1994 ਵਿੱਚ ਰਾਸ਼ਟਰਪਤੀ ਉਸਦੀ ਪਹਿਲੀ ਪੁਸਤਕ ਰਿਲੀਜ਼ ਕਰੇ। ਕੀ ਤੁਸੀਂ ਕਦੇ ਦੇਖਿਆ ਹੈ ਕਿ ਰਾਸ਼ਟਰਪਤੀਆਂ ਤੇ ਗਵਰਨਰਾਂ ਨੂੰ ਮਿਲਣ-ਗਿਲਣ ਵਾਲਾ ਉਹ ਇੱਕ ਮਸ਼ਹੂਰ ਬੰਦਾ ਆਮ ਜਿਹੀ ਪੇਂਡੂ ਮਿਨੀ ਬੱਸ ਉਤੇ ਸਫ਼ਰ ਕਰਦਾ ਫਿਰਦਾ ਹੋਵੇ ? ਕਦੇ ਉਹ ਰਿਕਸ਼ੇ ਤੋਂ ਉਤਰਕੇ ਆਪਣੇ ਦਫਤਰ ਵਿੱਚ ਵੜ ਜਾਵੇ ਤੇ ਕਦੇ ਪੈਦਲ ਤੁਰੀ ਜਾਵੇ। ਇਥੇ ਹੀ ਬਸ ਨਹੀ, ਉਹ ਰਾਜ ਵਿੱਚ ਨਿਯੁਕਤ ਹੁੰਦੇ ਨਵੇਂ ਆਈ. ਏ. ਐਸ. ਤੇ ਪੀ. ਸੀ. ਐਸ. ਜਾਂ ਪੀ. ਪੀ. ਐਸ. ਅਫਸਰਾਂ ਨੂੰ ਟ੍ਰੇਨਿੰਗ ਸਮੇਂ ਫੈਕਲਿਟੀ ਮੈਂਬਰ ਵਜੋਂ ਲੈਕਚਰ ਦੇਣ ਜਾਂਦਾ ਹੋਵੇ। ਹੋਰ ਦੇਖੋ, ਕਿਸੇ ਸਮੇਂ ਪਟਿਆਲੇ ਸ਼ੇਰਾਂ ਵਾਲੇ ਗੇਟ ਭਾਸ਼ਾ ਵਿਭਾਗ ਪੰਜਾਬ ਦੇ ਮੁੱਖ ਦਫਤਰ ਵਿੱਚ ਕਿਸੇ ਵੇਲੇ ਵਾਟਰ ਕੈਰੀਅਰ ਕਮ ਮਾਲੀ ਦੀ ਕੱਚੀ ਨੌਕਰੀ ਕਰਦਾ ਰਿਹਾ ਹੋਵੇ ਤੇ ਇੱਕ ਦਿਨ ਉਹ ਵੀ ਆਵੇ ਕਿ ਉਸੇ ਭਾਸ਼ਾ ਵਿਭਾਗ ਪੰਜਾਬ ਸਰਕਾਰ ਦੇ ਉਚ ਪੱਧਰੀ ਰਾਜ ਸਲਾਹਕਾਰ ਬੋਰਡ ਦਾ ਉਹ ਮੈਂਬਰ ਚੁਣਿਆ ਜਾਵੇ। ਫਿਰ ਉਹੀ ਭਾਸ਼ਾ ਵਿਭਾਗ ਉਹਨੂੰ 2020 ਦੇ 'ਸ਼੍ਰੋਮਣੀ ਲੇਖਕ ਪੁਰਸਕਾਰ' ਲਈ ਚੁਣੇ ਤੇ ਉਸ ਪਾਸੋਂ ਪੁਸਤਕਾਂ ਲਿਖਵਾਵੇ। ਨਾਲ ਦੀ ਨਾਲ ਇਹ ਵੀ ਦੱਸ ਦੇਵਾਂ ਕਿ ਉਸਦੀਆਂ ਲਿਖੀਆਂ ਉਸਦੇ ਸਰਲ ਸੁਭਾਓ ਵਰਗੀਆਂ ਪੁਸਤਕਾਂ ਉਪਰ 12 ਵਿਦਿਆਰਥੀ ਐਮ.ਫਿਲ ਤੇ ਪੀ.ਐਚ.ਡੀ ਤੱਕ ਦੀਆਂ ਖੋਜਾਂ ਕਰ ਚੁੱਕੇ ਹੋਣ ਤੇ ਉਸਦੀਆਂ ਕਿਤਾਬਾਂ ਐਮ.ਏ., ਬੀ.ਏ. ਦੇ ਕੋਰਸਾਂ ਤੇ ਰਚਨਾਵਾਂ ਸੀ.ਬੀ.ਐਸ.ਸੀ. ਵਿੱਚ ਵੀ ਪੜ੍ਹਾਈਆਂ ਜਾਂਦੀਆਂ ਹੋਣ! ਉਸ ਦੀ ਲਿਖੀ ਆਤਮਕਥਾ ਪੁਸਤਕ ਦਾ ਭਾਰਤ ਦੀਆਂ 12 ਭਾਸ਼ਾਵਾਂ ਵਿੱਚ (ਸਮੇਤ ਅੰਗਰੇਜ਼ੀ) ਅਨੁਵਾਦ ਹੋ ਚੁੱਕਾ ਹੋਵੇ। ਅਦਾਲਤਾਂ ਦਾ ਉਹ ਸਾਬਕਾ ਅਰਦਲੀ ਸੱਤ ਵਾਰ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਜਿਹੇ ਦੇਸ਼ਾਂ ਵਿੱਚ ਜਾ ਕੇ ਮਾਣ ਸਨਮਾਨ ਹਾਸਲ ਕਰ ਚੁੱਕਾ ਹੋਵੇ! ਹੋਰ ਤਾਂ ਹੋਰ, ਕੈਨੇਡਾ ਦੀ ਪਾਰਲੀਮੈਂਟ ਵਿੱਚ ਉਸਨੂੰ ਮਿਲਣ ਸਮੇਂ (2001) ਕੈਨੇਡਾ ਦਾ ਪ੍ਰਧਾਨ ਮੰਤਰੀ ਇਹ ਸ਼ਬਦ ਆਖੇ ਕਿ ਆਪ ਜੀ ਨੇ ਆਪਣੀ ਉਮਰ ਜਿੰਨੀਆਂ ਕਿਤਾਬਾਂ ਲਿਖੀਆਂ ਨੇ, ਲਗਦਾ ਏ ਕਿ ਜਦ ਤੁਸੀਂ ਜੰਮੇ ਸੀ ਹੱਥ ਵਿੱਚ ਕਿਤਾਬ ਲੈਕੇ ਹੀ ਜੰਮੇ ਸੀ! ਕੈਨੇਡਾ ਤੋਂ ਪਰਤਦਾ ਉਹ ਲੰਡਨ ਦੇ ਪਾਰਲੀਮੈਂਟ ਵਿੱਚ ਖਲੋਤਾ 'ਹਾਸ਼ਮ ਦੀ ਸੱਸੀ' ਗਾ ਕੇ ਮਾਣ ਸਨਮਾਨ ਹਾਸਿਲ ਕਰ ਰਿਹਾ ਹੋਵੇ। ਕਿਸੇ ਸਮੇਂ ਜਿਹੜੇ ਜੱਜਾਂ ਦਾ ਅਰਦਲੀ (ਪੀਅਨ) ਰਿਹਾ ਤੇ ਅੱਜ ਉਹ ਜੱਜਾਂ ਦਾ 'ਮਹਿਮਾਨ' ਬਣਦਾ ਹੋਵੇ। ਹਾਈਕੋਰਟਾਂ ਦੇ ਜੱਜ, ਡੀ.ਸੀ., ਐਸ.ਐਸ.ਪੀ. ਤੇ ਵੱਡੇ ਵੱਡੇ ਕਲਾਕਾਰ ਤੇ ਦੇਸ਼ਾਂ ਬਦੇਸ਼ਾਂ ਦੇ ਲੋਕ ਇੱਕ ਸਾਬਕਾ ਅਰਦਲੀ ਦੇ ਪਿੰਡ ਵਿਚਲੇ ਆਮ ਜਿਹੇ ਘਰ ਵਿੱਚ ਫੇਰੀ ਪਾਉਣ ਆਉਂਦੇ ਹੋਣ! ਤੁਸੀਂ ਕਦੇ ਦੇਖਿਆ ਹੈ ਕਿ ਘੁੱਦਾ ਪਿੰਡ ਦੇ ਲੋਕ ਆਪਣੇ ਪਿੰਡ ਵਿੱਚ ਸਥਿਤ ਕੇਂਦਰੀ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੂੰ ਉਸ ਤਰ੍ਹਾਂ ਉਡੀਕੀ ਜਾਂਦੇ ਹੋਣ, ਜਿਵੇਂ ਆਪਾਂ ਕਿਸੇ ਨੇੜਲੇ ਰਿਸ਼ਤੇਦਾਰ ਨੂੰ ਉਡੀਕਦੇ ਹੋਈਏ ! ਲੋਕ ਉਹਨੂੰ ਘਰ ਬੁਲਾ ਕੇ ਉਸਦੀ ਆਓ ਭਗਤ ਕਰਦੇ ਹੋਣ! ਕਿੰਨਾ ਚੰਗਾ ਚੰਗਾ ਲਗਦਾ ਏ ਜਦ ਕੋਈ ਕਿਸੇ ਨੂੰ ਉਡੀਕਦਾ ਹੋਵੇ। ਉਸ ਆਮ ਜਿਹੇ ਪਰ ਖਾਸ ਬੰਦੇ ਨੂੰ ਸਭ ਉਡੀਕਦੇ ਨੇ, ਖੈਰ!

ਉਪਰੋਕਤ ਸਾਰੀਆਂ ਗੱਲਾਂ ਅਤੇ ਸਵਾਲਾਂ ਨੂੰ ਤਸਦੀਕ ਕਰਨ ਲਈ ਮੈਂ ਇੱਕ ਦਿਨ ਪਿੰਡ ਘੁੱਦੇ ਨੂੰ ਕੂਚ ਕਰਦਾ ਹਾਂ। ਮੇਰੀ ਯੂਨੀਵਰਸਿਟੀ ਤੋਂ ਘੁੱਦਾ ਵਿਖੇ ਕੇਂਦਰੀ ਯੂਨੀਵਰਸਿਟੀ ਲੱਗਭੱਗ ਚੌਦਾਂ ਕੁ ਕਿੱਲੋਮੀਟਰ ਦੀ ਦੂਰੀ ਉਤੇ ਹੈ। ਮੈਂ ਅੱਜ ਉਸਨੂੰ ਮਿਲਣ ਜਾ ਰਿਹਾ ਹਾਂ। ਉਸ ਨੂੰ ਫੋਨ ਕਰਦਾ ਹਾਂ, ਉਹ ਯੂਨੀਵਰਸਿਟੀ ਦੇ ਗੇਟ ਮੂਹਰੇ ਆਪਣੇ ਇੱਕ ਮਿੱਤਰ ਜਗਮੀਤ ਦੇ ਮੈਡੀਕਲ ਸਟੋਰ ਉਤੇ ਬੈਠਾ ਹੋਇਆ ਹੈ, ਉਹਦੇ ਕੋਲ ਇਕ ਨਿੱਕਾ ਜਿਹਾ ਬੈਗ ਹੈ। ਹਾਲ- ਚਾਲ ਪੁੱਛਣ 'ਤੇ ਗੱਲਾਂ ਚੱਲ ਪਈਆਂ ਤਾਂ ਉਹ ਕਹਿੰਦਾ, ਹਰਜੋਤ ਬਾਈ, ਸੱਚ ਦੱਸਾਂ ਮੈਨੂੰ ਸਫਰਾਂ ਨੇ ਖਾ ਲਿਆ ਐ ਯਾਰ, ਸਫਰ ਨਹੀ ਮੁਕਦਾ ਐ, ਬੰਦਾ ਮੁੱਕ ਜਾਂਦਾ ਐ ਯਾਰ, ਦਸ ਕੁ ਸਾਲਾਂ ਦਾ ਸਾਂ ਮੈਂ, ਜਦੋਂ ਘਰੋਂ ਨਿਕਲ ਗਿਆ ਸਾਂ ਅਜੇ ਤੀਕ ਘਰੇ ਨੀ ਵੜਿਆ ਮੈਂ, ਬਸ ਸਫਰ-ਸਫਰ- ਤੇ ਇੱਕ ਯਾਤਰੀ ਵਾਂਗ ਕੁਝ ਘੰਟਿਆਂ ਵਾਸਤੇ ਈ ਘਰ ਜਾਂਦਾ ਹਾਂ, ਯਾਰ ਮੈਂ ਬਾਰਾਂ ਤੇਰਾਂ ਸਾਲ ਦੀ ਉਮਰੇ ਤਾਂ ਤੂੰਬੀ ਦੇ ਬਾਦਸ਼ਾਹ ਬਾਬੇ ਯਮਲੇ ਜੱਟ ਦਾ ਚੇਲਾ ਜਾ ਬਣਿਆ ਸੀ, ਓਹ ਮੇਰੇ ਦਾਦੇ ਦੀ ਉਮਰ ਦੇ ਸਨ ਤੇ ਮੈਂ ਉਨਾਂ ਦੇ ਪੋਤਿਆਂ ਦੀ ਉਮਰ ਜਿਤਨਾ ਸੀ। ਮੈਂ ਉਨਾਂ ਦੇ ਕੋਲ ਈ ਰਹਿਣ ਲਗ ਪਿਆ ਸੀ, ਤੂੰਬੀ ਦੀ ਤਾਰ ਉਤੇ ਉਂਗਲ ਮਾਰਨੀ ਆ ਗਈ, ਚਲੋ ਛਡ ਯਾਰ, ਮੈਂ ਤਾਂ ਆਵਦੇ ਈ ਕਿੱਸੇ ਸੁਣਾਉਣ ਡਹਿ ਪਿਆ ਆਂ, ਕੋਈ ਹੋਰ ਗੱਲ ਕਰੀਏ ਆਪਾਂ।

ਅਸੀਂ ਉਸ ਮੈਡੀਕਲ ਦੁਕਾਨ ਵਾਲੇ ਬਾਈ ਜਗਮੀਤ ਤੋਂ ਇਜਾਜ਼ਤ ਲੈ ਕੇ ਦੋਨੋ ਕਾਰ 'ਚ ਬੈਠ ਕੇ ਬਠਿੰਡੇ ਵੱਲ ਰਵਾਨਾ ਹੋ ਗਏ। ਗੱਲਾਂ ਦਾ ਦੌਰ ਚੱਲਦਾ ਰਿਹਾ, ਘੁੱਦੇ ਵਾਲੇ 'ਜਸਵੀਰ ਚਾਚੇ' ਨੂੰ ਵੀ ਮਿਲ ਆਏ।

ਗੱਲ ਸਰਕਾਰ ਦੇ ਇਸ ਉਪਰਾਲੇ ਦੀ ਵੀ ਹੋਈ, ਜਿਸ ਵਿੱਚ ਨਵੀਂ ਐਜੂਕੇਸ਼ਨ ਪਾਲਿਸੀ ਤਹਿਤ ਯੂਜੀਸੀ ਨੇ 'ਪ੍ਰੋਫੈਸਰ ਆਫ ਪ੍ਰੈਕਟਿਸ' ਨਾਮਕ ਅਹੁਦਿਆਂ ਦੀ ਇੱਕ ਨਵੀਂ ਸ਼੍ਰੇਣੀ ਰਾਹੀਂ ਉਦਯੋਗ ਅਤੇ ਹੋਰ ਪੇਸ਼ੇਵਰ ਮੁਹਾਰਤ ਨੂੰ ਅਕਾਦਮਿਕ ਸੰਸਥਾਵਾਂ ਵਿੱਚ ਲਿਆਉਣ ਲਈ ਇੱਕ ਨਵੀਂ ਪਹਿਲ ਕੀਤੀ ਹੈ। ਇਹ ਅਸਲ ਦੁਨੀਆਂ ਦੇ ਅਭਿਆਸਾਂ ਅਤੇ ਤਜ਼ਰਬਿਆਂ ਨੂੰ ਕਲਾਸ ਰੂਮਾਂ ਵਿੱਚ ਲਿਆਉਣ ਵਿੱਚ ਮਦਦ ਕਰੇਗਾ ਅਤੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਫੈਕਲਟੀ ਸਰੋਤਾਂ ਨੂੰ ਵੀ ਵਧਾਏਗਾ। ਬਦਲੇ ਵਿੱਚ, ਉਦਯੋਗ ਅਤੇ ਸਮਾਜ ਨੂੰ ਸੰਬੰਧਿਤ ਹੁਨਰਾਂ ਨਾਲ ਲੈਸ ਸਿਖਲਾਈ ਪ੍ਰਾਪਤ ਗ੍ਰੈਜੂਏਟਾਂ ਤੋਂ ਲਾਭ ਹੋਵੇਗਾ। ਇਹ ਵੀ ਇੱਕ ਮਹੱਤਵਪੂਰਨ ਕਦਮ ਹੈ ਅਤੇ ਭਵਿੱਖ ਚ ਇਸਦਾ ਸਿੱਖਿਆ ਅਦਾਰਿਆ ਨੂੰ ਇਸਦਾ ਫਾਇਦਾ ਹੋਵੇਗਾ।

ਬਠਿੰਡੇ ਨੂੰ ਜਾਂਦੇ ਅਸੀਂ ਸਾਡੀ ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਦੇ ਦਰਸ਼ਨ ਵੀ ਕੀਤੇ। ਚਾਹ ਦਾ ਕੱਪ ਸਾਂਝਾ ਕਰਦਿਆਂ ਗੱਲ ਚੱਲੀ, ਤਾਂ ਪ੍ਰੋਫੈਸਰ ਸਾਹਿਬ ਨੇ ਦੱਸਿਆ ਕਿ 2022 ਵਿੱਚ ਉਸ ਨੂੰ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਵਿਸ਼ਵ ਵਿਦਿਆਲਿਆ, ਵਰਧਾ, ਮਹਾਂਰਾਸ਼ਟਰ ਵਿਖੇ 'ਰਾਈਟਰ ਇਨ ਰੈਜੀਡੈਂਟ' ਵਜੋਂ ਇੱਕ ਵੱਕਾਰੀ ਪਦਵੀ ਉਤੇ ਨਿਯੁਕਤ ਕੀਤਾ ਗਿਆ ਸੀ ਤੇ ਇਹ ਸਨਮਾਨ ਪਹਿਲੀ ਵਾਰ ਕਿਸੇ ਪੰਜਾਬੀ ਲੇਖਕ ਨੂੰ ਹਾਸਿਲ ਹੋਇਆ। ਦਫ਼ਤਰੋਂ ਉੱਠ ਅਸੀਂ ਬਠਿੰਡੇ ਦੇ ਅੱਡੇ ਵੱਲ ਨੂੰ ਤੁਰ ਪਏ, ਤੁਸੀ ਸ਼ਾਇਦ ਗਲਤ ਸਮਝਿਆ 'ਹਵਾਈ ਅੱਡੇ' ਵੱਲ ਨਹੀਂ ਬਠਿੰਡਾ ਦੇ 'ਬੱਸ ਅੱਡੇ' ਵੱਲ, ਜਿੱਥੋਂ ਇਸ ਪ੍ਰੋਫੈਸਰ ਨੇ ਬੱਸ ਚੜ ਕੇ ਆਪਣੇ ਪਿੰਡ ਘੁਗਿਆਣੇ ਨੂੰ ਜਾਣਾ ਸੀ।

ਇਹ ਸੀ ਪ੍ਰੋਫੈਸਰ ਆਫ ਪ੍ਰੈਕਟਿਸ ' ਨਿੰਦਰ ਘੁਗਿਆਣਵੀ', ਨਾਲ ਮੇਰੀ ਇੱਕ ਮੁਲਾਕਾਤ । ਹੁਣ ਘੁੱਦਾ ਤੇ ਘੁਗਿਆਣਾ ਵੀ ਬਾਈ ਨੂੰ ਇਕੋ ਜਿਹੇ ਹੀ ਜਾਪਦੇ ਹਨ ਕਿਉਂਕਿ ਉਹ ਹਫਤੇ ਘੁੱਦੇ ਆਉਂਦਾ ਏ ਘੁਗਿਆਣੇ ਤੋਂ। ਰੱਬ ਕਰੇ ਕਿ ਇਹ ਸਫਰ ਬਣਿਆ ਰਹੇ ਇਸੇ ਤਰ੍ਹਾਂ।

# ਸਮਕਾਲੀ ਪੰਜਾਬੀ ਕਵਿਤਾ ਅਤੇ ਸਾਹਿਤਕ ਅਦਾਰੇ ਕਿਉਂ ਪਛੜੇ ?

ਡਾ. ਮੇਹਰ ਮਾਣਕ

ਪੰਜਾਬੀ ਸਾਹਿਤ, ਖਾਸ ਕਰਕੇ ਕਵਿਤਾ ਹਮੇਸ਼ਾ ਹੀ ਅੰਦੋਲਨਾਂ/ਲਹਿਰਾਂ ਤੋਂ ਪ੍ਰਭਾਵਤ ਰਿਹਾ ਹੈ ਪਰ ਇਸ ਨੂੰ ਖੁੱਲ੍ਹੀ ਮੰਡੀ ਦੇ ਨਾਂ ਹੇਠ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਆਰਥਿਕ ਨੀਤੀਆਂ ਵਿੱਚੋਂ ਉਤਪੰਨ ਹੋਈਆਂ ਪਦਾਰਥਕ ਹਾਲਤਾਂ ਨੇ ਵੀ ਆਪਣੇ ਤੌਰ 'ਤੇ ਬਹੁਤ ਪ੍ਰਭਾਵਤ ਕੀਤਾ। ਬਦਲੇ ਹੋਏ ਦੌਰ ਵਿੱਚ ਕਵਿਤਾ ਦੇ ਖੇਤਰ ਵਿੱਚ ਚਾਰ ਪੱਧਰ (ਵਿਸ਼ਾ, ਰੂਪ, ਕਵੀ ਅਤੇ ਕਿਤਾਬ) ਉੱਤੇ ਆਈਆਂ ਤਬਦੀਲੀਆਂ ਨੂੰ ਸਹਿਜੇ ਹੀ ਵੇਖਿਆ ਜਾਂ ਮਾਪਿਆ ਜਾ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਵੀ ਦੀ ਹੋਂਦ ਤੋਂ ਬਿਨਾਂ ਕੁਝ ਵੀ ਨਹੀਂ ਚਿਤਵਿਆ ਜਾ ਸਕਦਾ ਅਤੇ ਵਿਅਕਤੀ ਦਾ ਆਪਣਾ ਇੱਕ ਸਥਾਨ ਅਤੇ ਰੋਲ ਹੁੰਦਾ ਹੈ ਪਰ ਕਵੀ ਜਾਂ ਕਿਤਾਬ ਦੀ ਥਾਂ ਵਿਸ਼ਿਆਂ ਅਤੇ ਰੂਪਾਂ ਉੱਤੇ ਜ਼ਿਆਦਾ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੈ। ਵਿਸ਼ੇ ਪੱਖੋਂ ਭਾਵੇਂ ਦਲਿਤ, ਨਾਰੀਵਾਦੀ ਅਤੇ ਪਰਵਾਸ ਜਿਹੇ ਵਿਸ਼ੇ ਅਕਸਰ ਚਰਚਾ ਵਿੱਚ ਰਹੇ ਹਨ ਪਰ ਪ੍ਰਸਥਿਤੀਆਂ ਮੁਤਾਬਿਕ ਉਨ੍ਹਾਂ ਦੇ ਮਸਲੇ ਵੀ ਵਕਤ ਨਾਲ ਬਦਲ ਗਏ। ਸਮਾਜਿਕ ਅਤੇ ਮਾਨਸਿਕ ਤੌਰ 'ਤੇ ਲਤਾੜੇ ਹੇਠਲੇ ਵਰਗਾਂ ਲਈ ਹੁਣ ਰਾਜਸੀ ਚੇਤਨਾ ਦੀ ਥਾਂ ਸਮਾਜਕ ਸਨਮਾਨਯੋਗ ਬਰਾਬਰਤਾ ਦਾ ਮਸਲਾ ਜ਼ਿਆਦਾ ਉੱਭਰ ਰਿਹਾ ਹੈ, ਜਿਸਦੀ ਗੱਲ ਅਕਸਰ ਬਲਵੀਰ ਮਾਧੋਪੁਰੀ, ਗੁਰਮੀਤ ਸਿੰਘ ਕੱਲਰਮਾਜਰੀ, ਸਤਪਾਲ ਭੀਖੀ, ਸੰਤੋਖ ਸਿੰਘ ਸੁੱਖੀ, ਮਦਨ ਵੀਰਾ ਆਪਣੀਆਂ ਕਵਿਤਾਵਾਂ ਵਿੱਚ ਕਰਦੇ ਵੇਖੇ ਜਾ ਸਕਦੇ ਹਨ। ਔਰਤ ਦੀਆਂ ਪੀੜਾਂ ਦੀ ਬਾਤ ਪਾਉਂਦੀ ਨਾਰੀਵਾਦੀ ਕਵਿਤਾ ਵਿੱਚ ਨਾਰੀ ਦੀ ਹੋਂਦ ਬਚਾਉਣ ਦਾ ਮੁੱਦਾ ਪਾਲ ਕੌਰ, ਸੁਖਵਿੰਦਰ ਅੰਮ੍ਰਿਤ, ਸ਼ਸ਼ੀ ਸਮੁੰਦਰਾ, ਮਨਜੀਤ ਇੰਦਰਾ, ਸੋਮਾ ਸਬਲੋਕ, ਭੁਪਿੰਦਰ ਕੌਰ ਪ੍ਰੀਤ, ਹਰਪ੍ਰੀਤ ਕੌਰ ਸੰਧੂ, ਗੁਰਮਿੰਦਰ ਸਿੱਧੂ ਦੀਆਂ ਕਵਿਤਾਵਾਂ ਵਿੱਚ ਵੇਖਿਆ ਜਾ ਸਕਦਾ ਹੈ।

ਅਸਾਵੇਂ ਸਮਾਜਾਂ ਵਿੱਚ ਅੰਦਰੂਨੀ ਅਤੇ ਬਾਹਰੀ ਪਰਵਾਸ ਜਨਮਾਨਸ ਦੀ ਜ਼ਰੂਰਤ ਰਹੀ ਹੈ। ਪੰਜਾਬੀ ਹਮੇਸ਼ਾ ਉੱਦਮੀ ਰਹੇ ਹਨ, ਇਸ ਕਰਕੇ ਪੰਜਾਬ ਵਿੱਚ ਤਾਂ ਪ੍ਰਵਾਸ/ਹਿਜਰਤ ਹਮੇਸ਼ਾ ਹੀ ਉੱਭਰਵਾਂ ਮਸਲਾ ਰਿਹਾ ਹੈ। ਸਮਿਆਂ ਮੁਤਾਬਿਕ ਪ੍ਰਵਾਸੀ ਕਵਿਤਾ ਅੱਜ ਕੱਲ੍ਹ ਵਤਨੀਂ ਉਦਰੇਵੇਂ ਨੂੰ ਤਿਆਗ ਕੇ, ਸਮਕਾਲੀ ਸੰਕਟਾਂ ਨੂੰ ਸੰਬੋਧਨ ਹੁੰਦੀ ਵੇਖੀ ਜਾ ਸਕਦੀ ਹੈ। ਇਸ ਸੰਬੰਧ ਵਿੱਚ ਸਰਬਜੀਤ ਸੋਹੀ, ਹਰਜੀਤ ਦੌਧਰੀਆ, ਸੁਰਿੰਦਰ ਧੰਜਲ, ਅਜਮੇਰ ਰੋਡੇ, ਸਾਧੂ ਬਿਨਿੰਗ, ਸੁਰਜੀਤ ਕੌਰ, ਹਰਦਮ ਮਾਨ, ਰਵਿੰਦਰ ਰਵੀ, ਸੁਖਿੰਦਰ, ਨਵਤੇਜ ਭਾਰਤੀ, ਗੁਰਦੇਵ ਚੌਹਾਨ, ਇਕਬਾਲ ਰਾਮੂਵਾਲੀਆ, ਗੁਰਚਰਨ ਰਾਮਪੁਰੀ, ਸੁਖਵਿੰਦਰ ਰਾਮਪੁਰੀ ਆਦਿ ਵੱਲੋਂ ਰਚੀ ਕਵਿਤਾ ਵੇਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਹੀ ਸਮਿਆਂ ਵਿੱਚ ਦੇਹ ਦੇ ਜਸ਼ਨ ਦੀ ਕਵਿਤਾ ਦਾ ਰੁਝਾਨ ਵੀ ਵੇਖਣ ਨੂੰ ਮਿਲਦਾ ਹੈ, ਜਿਸਦੀ ਨੁਮਾਇੰਦਗੀ ਸਵਰਨਜੀਤ ਸਵੀ ਕਰਦਾ ਹੈ। ਸੰਸਾਰੀਕਰਨ ਦੇ ਇਸ ਦੌਰ ਵਿੱਚ ਇਨ੍ਹਾਂ ਹੀ ਸਮਿਆਂ ਵਿੱਚ ਗੁਰੂ ਨਾਨਕ ਦੇ ਫ਼ਲਸਫ਼ੇ ਦੇ ਪਿਛੋਕੜ ਵਿੱਚੋਂ ਜਸਵੰਤ ਜ਼ਫਰ ਨਿੱਜਵਾਦ ਦੀ ਵਧਦੀ ਲਾਲਸਾ ਦਾ ਜ਼ਿਕਰ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਰਾਹੀਂ ਕਰਦਾ ਹੈ। ਮੰਡੀਕਰਨ ਦੇ ਅੰਨ੍ਹੇ ਮੁਕਾਬਲੇ ਦੇ ਇਸ ਦੌਰ ਵਿੱਚ ਪੰਜਾਬ ਤੋਂ ਹਿਜਰਤ ਕਰਕੇ ਜਪਾਨ ਪਹੁੰਚੇ ਪਰਮਿੰਦਰ ਸੋਢੀ ਬੁੱਧ ਤੋਂ ਪ੍ਰਭਾਵਿਤ ਅਤੇ ਕੁਦਰਤ ਨਾਲ ਸੰਵਾਦ ਰਚਾਉਂਦੀ ਕਵਿਤਾ ਦਾ ਇੱਕ ਵੱਖਰਾ ਰੁਝਾਨ ਲੈ ਕੇ ਆਉਂਦਾ ਹੈ। ਪੰਜਾਬ ਦੇ ਪਿਛੋਕੜ, ਪੰਜਾਬ ਦੇ ਉਜਾੜੇ ਅਤੇ ਵੰਡਵਾਰੇ ਦਾ ਉਦਰੇਵੇਂ, ਪੰਜਾਬੀਅਤ ਦੀ ਖੁਰ ਅਤੇ ਉੱਭਰ ਰਹੀ ਪਛਾਣ ਅਤੇ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਸੱਤਾਧਾਰੀ ਅਤੇ ਪੂੰਜੀਵਾਦੀ ਤਾਕਤਾਂ ਵੱਲੋਂ ਕੀਤੀ ਜਾ ਰਹੀ ਲੁੱਟ ਦੇ ਮੁੱਦੇ ਵੀ ਈਸ਼ਵਰ ਦਿਆਲ ਗੌੜ ਦੀ 'ਸੁਰਮੇਦਾਨੀ', ਹਰਵਿੰਦਰ ਸਿੰਘ ਦੀ ਕਿਤਾਬ 'ਪੰਜ ਨਦੀਆਂ ਦਾ ਗੀਤ' ਅਤੇ ਡਾ. ਮੇਹਰ ਮਾਣਕ ਦੇ ਆਏ ਦੋ ਕਾਵਿ ਸੰਗ੍ਰਹਿ 'ਡੂੰਘੇ ਦਰਦ ਦਰਿਆਵਾਂ ਦੇ' (2022) ਅਤੇ 'ਸ਼ੂਕਦੇ ਆਬ ਤੇ ਖ਼ਾਬ' (2024) ਵਿੱਚੋਂ ਵੇਖੇ ਜਾ ਸਕਦੇ ਹਨ ਅਤੇ ਖੇਤੀ ਸੰਕਟ ਵਿੱਚੋਂ ਨਿਕਲੇ ਆਤਮਘਾਤੀ ਰੁਝਾਨ ਅਤੇ ਫ਼ਿਰ ਪੈਦਾ ਹੋਏ ਇਤਿਹਾਸਕ ਅੰਦੋਲਨ ਨੇ ਵੀ ਕਵਿਤਾ ਨੂੰ ਵੱਡੇ ਪੱਧਰ ਉੱਤੇ ਪ੍ਰਭਾਵਤ ਕੀਤਾ, ਜਿਸ ਸਦਕਾ ਬਹੁਤ ਸਾਰੇ ਕਵੀਆਂ ਨੇ ਕਵਿਤਾਵਾਂ ਦੀ ਸਿਰਜਣਾ ਕੀਤੀ, ਜਿਨ੍ਹਾਂ ਵਿੱਚ ਸੁਖਿੰਦਰ, ਸੁਰਜੀਤ ਜੱਜ, ਡਾ. ਮੇਹਰ ਮਾਣਕ, ਅਮਰਜੀਤ ਟਾਂਡਾ, ਸਲੀਮ ਪਾਸ਼ਾ, ਬਲਵੀਰ ਕੌਰ ਰਾਏਕੋਟੀ, ਲਖਵਿੰਦਰ ਜੌਹਲ, ਗੁਰਮਿੰਦਰ ਸਿੱਧੂ, ਕਿਹਰ ਸ਼ਰੀਫ਼, ਰਤਨ ਸਿੰਘ ਢਿੱਲੋਂ, ਜਗਤਾਰ ਸਾਲਮ, ਪਿਆਰਾ ਸਿੰਘ ਕੁੱਦੋਵਾਲ, ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਅਰਵਿੰਦਰ ਕੌਰ ਕਾਕੜਾ, ਸੁਰਿੰਦਰ ਗੀਤ, ਨਿਰਮਲਾ ਗਰਗ, ਨਿਰੰਜਣ ਬੋਹਾ, ਅਮਰੀਕ ਪਲਾਹੀ ਆਦਿ ਸ਼ਾਮਲ ਹਨ। ਸੁਖਿੰਦਰ ਨੇ ਇਸ ਸੰਬੰਧੀ ਇੱਕ ਵਿਸ਼ੇਸ਼ ਕਾਵਿ ਸੰਗ੍ਰਹਿ 'ਅੰਦੋਲਨ ਮੇਲਾ ਨਹੀਂ ਹੁੰਦਾ' (2022) ਕੱਢਿਆ ਤਾਂ ਕਿ 52 ਕਿਰਤਾਂ ਨੂੰ ਸਮੱਗਰ ਰੂਪ ਵਿੱਚ ਸਾਂਭਿਆ ਜਾ ਸਕੇ।

ਸਮਾਂ ਬਦਲਣ ਨਾਲ ਸੱਤਾ ਦਾ ਵੀ ਚਰਿੱਤਰ ਬਦਲ ਗਿਆ ਹੈ। ਹੁਣ ਸਮਾਜ ਕਲਿਆਣ ਕਾਰਜਾਂ ਦੀ ਥਾਂ ਸੱਤਾ ਆਪਣੇ ਬਦਲਵੇਂ ਜੰਗਜੂ ਚਰਿੱਤਰ ਵਿੱਚ ਉੱਭਰਵੇਂ ਰੂਪ ਵਿੱਚ ਆ ਚੁੱਕੀ ਹੈ। ਇਸੇ ਸੰਦਰਭ ਵਿੱਚ ਸੁਖਿੰਦਰ ਨੇ ਆਪਣੀ ਨਵੀਂ ਕਾਵਿ ਪੁਸਤਕ 'ਜੰਗਬਾਜ਼ਾਂ ਦੇ ਖਿਲਾਫ਼' (2024) ਸਮਾਜ ਦੇ ਸਨਮੁਖ ਕੀਤੀ। ਮੰਡੀ ਅਤੇ ਸੱਤਾ ਦੇ ਬਾਜ਼ਾਰੀਕਰਨ ਹੋਣ ਕਾਰਨ ਜੰਗ ਅਤੇ ਅਮਨ ਭਾਵੇਂ ਬਹੁਤ ਹੀ ਭਖਦੇ ਮੁੱਦੇ ਹਨ ਪਰ ਛਿੜ ਰਹੀਆਂ ਜੰਗਾਂ ਦੇ ਖਿਲਾਫ਼ ਸੁਖਿੰਦਰ ਅਤੇ ਡਾ. ਮੇਹਰ ਮਾਣਕ ਤੋਂ ਇਲਾਵਾ ਸ਼ਾਇਦ ਕੁਝ ਕੁ ਕਵੀ ਹੀ ਬੋਲੇ ਹੋਣਗੇ ਕਿਉਂਕਿ ਸਾਡੀ ਅਜੋਕੀ ਕਵਿਤਾ ਦਾ ਦਾਇਰਾ ਬੌਣਾ ਅਤੇ ਸਵੈ ਕੇਂਦਰਿਤ ਨਿੱਜਵਾਦੀ ਹੁੰਦਾ ਜਾ ਰਿਹਾ ਹੈ। ਭਾਵੇਂ ਪੰਜਾਬੀ ਕਵਿਤਾ ਦੇ ਵਿਸ਼ਾਲ ਹਿੱਸੇ ਸਮਾਜਿਕ ਸਥਾਪਤੀਆਂ ਦੇ ਵੱਖ ਰੂਪਾਂ ਦੇ ਖਿਲਾਫ਼ ਬੋਲਦੇ ਵੇਖੇ ਜਾ ਸਕਦੇ ਹਨ ਪਰ ਰਾਜਸੀ ਸਥਾਪਤੀ ਦੇ ਖ਼ਿਲਾਫ਼ ਸਮਾਜਕ ਮੁੱਦਿਆਂ ਦੀ ਜਿਸ ਪੱਧਰ ਉੱਤੇ ਸਾਹਿਤਕ ਕਿਰਤਾਂ ਵਿੱਚ ਗੱਲ ਹੋਣੀ ਚਾਹੀਦੀ ਹੈ, ਉਹ ਨਹੀਂ ਹੋ ਰਹੀ। ਕਵਿਤਾ ਵਿੱਚ ਬੜੇ ਨਵੇਂ ਨਵੇਕਲੇ ਤਜਰਬੇ ਵੇਖਣ ਨੂੰ ਮਿਲ ਰਹੇ ਹਨ ਪਰ ਇਸਦੇ ਦਾਇਰੇ ਸੁੰਗੜ ਰਹੇ ਹਨ। ਬਹੁਤੀ ਅਜੋਕੀ ਪੰਜਾਬੀ ਕਵਿਤਾ ਬੜੀ ਹੀ ਅੱਖੜ ਅਤੇ ਨੀਰਸ ਸੁਭਾਅ ਵਾਲੀ ਹੈ। ਇਸ ਵਿੱਚੋਂ ਕਾਵਿ ਭਾਸ਼ਾ, ਕਾਵਿ ਮੁਹਾਵਰਾ, ਕਾਵਿਕ ਬਿੰਬ, ਕਾਵਿਕ ਰਵਾਨਗੀ ਗੁੰਮ ਹੋ ਰਹੇ ਹਨ। ਬਹੁਤੀ ਸਿਰਜੀ ਜਾ ਰਹੀ ਕਵਿਤਾ ਦੇ ਸ਼ਬਦ ਅਤੇ ਸ਼ਾਬਦਿਕ ਵਾਕ ਬਣਤਰ ਹੀ ਵਾਰਤਕ ਹੈ। ਕਈ ਅਖ਼ੌਤੀ ਵੱਡੇ ਕਵੀ ਆਲੋਚਨਾ ਵਿੱਚ ਵਰਤੀ ਜਾ ਰਹੀ ਸ਼ਬਦਾਵਲੀ ਨੂੰ ਅੰਨ੍ਹੇਵਾਹ ਵਰਤ ਕੇ ਵੱਡੇ ਹੋਣ ਦਾ ਭਰਮ ਪਾਲੀ ਬੈਠੇ ਹਨ। ਸਰਕਾਰੇ ਦਰਬਾਰੇ ਪਹੁੰਚ ਕਾਰਨ ਆਲੋਚਨਾ ਦੇ ਮਾਹਿਰ ਇਸ ਨੂੰ ਕਵਿਤਾ ਦੇ ਉੱਚ ਪੜਾਅ ਦਾ ਲਕਬ ਦੇ ਕੇ ਖਹਿੜਾ ਛੁੜਾਉਣ ਵਿੱਚ ਹੀ ਭਲਾਈ ਸਮਝਦੇ ਹਨ। ਅਜਿਹੀ ਕਵਿਤਾ ਪੜ੍ਹਦੇ ਸਮੇਂ ਰੂਹ ਨੂੰ ਹਲਕਾ ਕਰਨ ਦੀ ਥਾਂ ਹੱਦੋਂ ਬੋਝਲ ਲਗਦੀ ਹੈ। ਕਵੀ, ਪਾਠਕ ਅਤੇ ਕਵਿਤਾ ਤੋਂ ਕਿਤੇ ਦੂਰ ਜਾ ਚੁੱਕਾ ਹੈ। ਕੱਚ ਘਰੜੀਆਂ ਕਿਤਾਬਾਂ ਛਪ ਕੇ ਧੜਾਧੜ ਰਿਲੀਜ਼ ਹੋ ਰਹੀਆਂ ਹਨ। ਆਲੋਚਕ ਕਿਤਾਬ ਦੀ ਆਲੋਚਨਾ ਕਰਕੇ ਦੁਸ਼ਮਣੀ ਖੱਟਣ ਦੀ ਥਾਂ ਸਿਫ਼ਤਾਂ ਕਰਕੇ ਯਾਰੀਆਂ ਨਿਭਾਅ ਜਾਂਦਾ ਹੈ।

ਸਾਹਿਤਕ ਗੋਸ਼ਟੀਆਂ ਸਿਰਜੇ ਜਾ ਰਹੇ ਸਾਹਿਤ ਨੂੰ ਨਿਰਖ ਪਰਖ ਕੇ ਉਸ ਨੂੰ ਹੋਰ ਨਿਖਾਰਨ, ਸ਼ਿੰਗਾਰਨ ਅਤੇ ਸਮੇਂ ਦਾ ਹਾਣੀ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ ਪਰ ਪੰਜਾਬੀ ਸਾਹਿਤਕ ਜਗਤ ਵਿੱਚ ਅਜਿਹਾ ਮੁੱਲਵਾਨ ਕਾਰਜ ਮਨਫ਼ੀ ਹੋ ਚੁੱਕਾ ਹੈ। ਗੋਸ਼ਟੀਆਂ ਵਿੱਚ ਇਕੱਠ ਕਰਨ ਲਈ ਕਵੀ ਦਰਬਾਰ ਦੀ ਸ਼ਮੂਲੀਅਤ ਜ਼ਰੀਏ ਦੇ ਤੌਰ 'ਤੇ ਕੰਮ ਕਰਦੀ ਹੈ ਜਿਸ ਵਿੱਚ ਗੋਸ਼ਟੀ ਘੱਟ ਹੁੰਦੀ ਹੈ ਅਤੇ ਅਕਸਰ ਕਿਤਾਬਾਂ ਜ਼ਿਆਦਾ ਰਿਲੀਜ਼ ਹੁੰਦੀਆਂ ਹਨ। ਜ਼ਿਆਦਾਤਰ ਵੇਖਣ ਵਿੱਚ ਆਇਆ ਹੈ ਕਿ ਗੋਸ਼ਟੀਆਂ ਵਿੱਚ ਸ਼ਾਮਲ ਸਰੋਤਿਆਂ ਵਿੱਚ ਕੋਈ ਕੋਈ ਕਿਤਾਬ ਦਾ ਗੰਭੀਰ ਪਾਠਕ ਹੁੰਦਾ ਹੈ, ਜਿਸ ਨੇ ਚਰਚਾ ਅਧੀਨ ਕਿਤਾਬ ਪੜ੍ਹੀ ਹੋਵੇ। ਸਾਹਿਤ ਸਭਾਵਾਂ/ਸੰਸਥਾਵਾਂ ਦੇ ਪੱਧਰ 'ਤੇ ਉਹੀ ਪ੍ਰਧਾਨਗੀਆਂ, ਉਹੀ ਮੰਡਲ, ਉਹੀ ਭਾਸ਼ਣ ਅਤੇ ਓਹੀ ਰਾਸ਼ਣ ਚਲਦਾ ਵੇਖਿਆ ਜਾ ਸਕਦਾ ਹੈ। ਜੇਕਰ ਸਾਹਿਤ ਸਭਾਵਾਂ ਦੀ ਗੱਲ ਕਰੀਏ ਤਾਂ ਇੱਕੋ ਸ਼ਹਿਰ ਵਿੱਚ ਕਈ ਕਈ ਸਾਹਿਤ ਸਭਾਵਾਂ ਬਣੀਆਂ ਹੋਈਆਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿੱਚ ਸਰੋਤੇ ਜ਼ਿਆਦਾ ਅਤੇ ਪਾਠਕ ਨਾਂਮਾਤਰ ਹੁੰਦੇ ਹਨ। ਇਨ੍ਹਾਂ ਸਭਾਵਾਂ ਦੇ ਧੜਾਧੜ ਲੜੀਵਾਰ ਪ੍ਰੋਗਰਾਮ ਚੱਲਦੇ ਸਹਿਜੇ ਹੀ ਵੇਖੇ ਜਾ ਸਕਦੇ ਹਨ। ਸਮਾਜ ਨੂੰ ਸੇਧ ਦੇਣ ਵਾਲੇ ਸਾਹਿਤ ਦੇ ਖੇਤਰ ਵਿੱਚ ਸਭ ਕੁਝ ਰਸਮੀ ਅਤੇ ਦਿਖਾਵੇ ਮਾਤਰ ਹੋ ਕੇ ਰਹਿ ਗਿਆ ਹੈ।

ਇੱਥੇ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਬਹੁਤੇ ਸਾਹਿਤਕ ਨੇਤਾ ਪਾਠਕਾਂ ਤੋਂ ਤਾਂ ਕੀ, ਉਹ ਖੁਦ ਹੀ ਕਿਰਤ ਕਰਨ ਤੋਂ ਕੋਹਾਂ ਦੂਰ ਜਾ ਚੁੱਕੇ ਹਨ ਜਦੋਂ ਕਿ ਕਿਰਤ ਹੀ ਸਿਰਜਣਾ ਦਾ ਅਧਾਰ ਹੁੰਦੀ ਹੈ। ਅਕਸਰ ਇਹ ਵੇਖਿਆ ਗਿਆ ਹੈ ਕਿ ਇਨ੍ਹਾਂ ਨੇਤਾਵਾਂ ਨੂੰ ਸਾਹਿਤਕ ਅਦਾਰਿਆਂ (ਸਭਾਵਾਂ ਅਤੇ ਅਕਾਦਮੀਆਂ) ਦੀਆਂ ਚੋਣਾਂ ਵੇਲੇ ਇਹ ਵੀ ਨਹੀਂ ਪਤਾ ਹੁੰਦਾ ਕਿ ਉਸ ਵਕਤ ਪੇਂਡੂ ਕਾਮਾ ਤਪਦੀਆਂ ਦੁਪਹਿਰਾਂ ਵਿੱਚ ਫ਼ਸਲ ਬਚਾ ਕੇ ਘਰ ਪਹੁੰਚਦਾ ਕਰਨ ਦੇ ਅਹਾਰ ਵਿੱਚ ਹੁੰਦਾ ਹੈ। ਕਣਕ ਦੀਆਂ ਵਾਢੀਆਂ ਪੂਰੇ ਜ਼ੋਰਾਂ ਉੱਤੇ ਹੁੰਦੀਆਂ ਹਨ, ਦਿਹਾੜੀਆ/ਮਜ਼ਦੂਰ ਕਿਧਰੇ ਭਾਲਿਆ ਨਹੀਂ ਮਿਲਦਾ। ਅਜਿਹੇ ਅੱਤ ਰੁਝੇਵੇਂ ਭਰੇ ਸਮੇਂ ਵਿੱਚ ਸਾਡੇ ਸਾਹਿਤਕ ਲੀਡਰ ਇਸ ਸਭ ਕੁਝ ਤੋਂ ਅਣਜਾਣ ਵੋਟਰਾਂ ਨੂੰ ਦਿਨ ਰਾਤ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਅਦਾਰਿਆਂ ਦੀਆਂ ਚੋਣਾਂ ਵਾਲੇ ਦਿਨ ਰਾਜਸੀ ਪਾਰਟੀਆਂ ਦੀ ਤਰਜ਼ 'ਤੇ ਰਿਝਾਉਣ ਅਤੇ ਬੂਥਾਂ ਵੱਲ ਢੋਣ ਵਿੱਚ ਲੱਗੇ ਹੁੰਦੇ ਹਨ। ਇਨ੍ਹਾਂ ਨੇਤਾਵਾਂ ਵੱਲੋਂ ਹਰ ਹਰਵਾ-ਜਰਬਾ ਵਰਤ ਕੇ ਚੋਣ ਜਿੱਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਰਿਸ਼ਤੇ ਨਾਤੇ, ਯਾਰੀਆਂ, ਪਾਰਟੀਆਂ ਦੇ ਕਾਰਡ ਹੋਲਡਰ ਭਗਤ, ਅਖੌਤੀ ਇਨਕਲਾਬੀ ਸਫ਼ਬੰਦੀਆਂ, ਜਾਤ, ਧਰਮ, ਇਲਾਕਾ, ਨਿੱਜੀ ਪਹੁੰਚ ਅਤੇ ਹੋਰ ਸੇਵਾ ਸੰਭਾਲ ਦੇ ਤੌਰ ਤਰੀਕੇ ਵਰਤ ਕੇ ਬੌਣੀਆਂ ਜਿਹੀਆਂ ਕੁਰਸੀਆਂ ਨੂੰ ਹਥਿਆਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਹੋਰ ਤਾਂ ਹੋਰ, ਕਈ ਮਹਾਨ ਸ਼ਖਸ ਤਾਂ ਕਈ ਅਹੁਦਿਆਂ ਉੱਤੇ ਕੀਤੇ ਲੰਮੇ ਕਬਜ਼ੇ ਨੂੰ ਆਪਣੀ ਕਾਬਲੀਅਤ ਦੱਸਦੇ ਨਹੀਂ ਥੱਕਦੇ। ਕਈ ਵਾਰ ਤਾਂ ਇਵੇਂ ਲਗਦਾ ਹੈ ਕਿ ਇਹ ਲੋਕ ਸਮਾਜਕ ਜ਼ਿੰਮੇਵਾਰੀਆਂ ਤੋਂ ਬਿਲਕੁਲ(**ਬਾਕੀ ਸਫ਼ਾ 30 'ਤੇ**)

# ਤਨਖ਼ਾਹ ਦੀ: ਧਾਰਮਿਕ ਮਰਿਯਾਦਾ ਬਨਾਮ ਪੰਥਕ ਸ਼ਕਤੀ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਿੱਖ ਧਰਮ ਵਿੱਚ 'ਤਨਖ਼ਾਹ' ਸ਼ਬਦ ਧਾਰਮਿਕ ਮਰਯਾਦਾ ਨੂੰ ਸਥਾਪਤ ਕਰਨ ਲਈ ਵਰਤਿਆ ਜਾਂਦਾ ਹੈ। ਜਦੋਂ ਕੋਈ ਸਿੱਖ ਇਸ ਮਰਯਾਦਾ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਮੌਕਾ ਪ੍ਰਦਾਨ ਕੀਤਾ ਜਾਂਦਾ ਹੈ ਕਿ ਉਹ ਕੀਤੀ ਗਈ ਉਲੰਘਣਾ ਦਾ ਪਸਚਾਤਾਪ ਕਰੇ ਤੇ ਪੰਥ 'ਚ ਸ਼ਾਮਿਲ ਹੋ ਕੇ ਆਪਣੇ ਦੈਵੀ ਤੇ ਦੁਨਿਆਵੀ ਜੀਵਨ ਦਾ ਕਾਰ-ਵਿਹਾਰ ਗੁਰਮਤਿ ਮਰਯਾਦਾ ਅਨੁਸਾਰ ਨਿਰੰਤਰ ਜਾਰੀ ਰੱਖੇ।

ਆਮ ਤੌਰ 'ਤੇ 'ਤਨਖਾਹ' ਸ਼ਬਦ ਮਿਹਤਨਕਸ਼ ਲੋਕਾਂ ਦੀ ਮਿਹਨਤ ਦੇ ਇਵਜ਼ਾਨੇ ਵਜੋਂ ਪ੍ਰਾਪਤ ਹੋਣ ਵਾਲੀ ਮਾਇਆ ਦੇ ਰੂਪ 'ਚ ਦੇਖਿਆ ਤੇ ਵਰਤਿਆ ਜਾਂਦਾ ਹੈ ਤਾਂ ਕਿ ਉਹ ਆਪਣੀਆਂ ਤੇ ਪਰਿਵਾਰਕ ਲੋੜਾਂ ਦੀ ਪੂਰਤੀ ਕਰ ਸਕਣ। ਫ਼ਾਰਸੀ ਭਾਸ਼ਾ ਵਿਚੋਂ ਆਇਆ ਇਹ ਸ਼ਬਦ ਜ਼ਮੀਨ ਦੇਣ ਦੇ ਇਵਜ਼ਾਨੇ ਵਜੋਂ ਲਈ ਜਾਣ ਵਾਲੀ ਸਾਲਾਨਾ ਜਾਂ ਛਿਮਾਹੀ ਰਕਮ, ਵੇਤਨ, ਤਲਬ ਆਦਿ ਦੇ ਰੂਪ 'ਚ ਦੇਖਿਆ ਜਾਂਦਾ ਹੈ। ਮੌਜੂਦਾ ਸਮੇ ਵਿੱਚ ਇਹ ਕਰਮਚਾਰੀਆਂ ਨੂੰ ਮਿਲਣ ਵਾਲੀ ਹਫ਼ਤਾਵਾਰ ਜਾਂ ਮਹੀਨਾਵਾਰ ਤਨਖਾਹ ਲਈ ਰੂੜ੍ਹ ਹੋ ਗਿਆ ਹੈ। ਸਿੱਖ ਧਰਮ ਵਿੱਚ ਇਸ ਸ਼ਬਦ ਨੂੰ ਵਿਸ਼ੇਸ਼ ਰੂਪ ਵਿੱਚ ਧਰਮ-ਦੰਡ ਵਜੋਂ ਵਰਤਿਆ ਜਾਂਦਾ ਹੈ। ਜਿਹੜਾ ਸਿੱਖ ਰਹਿਤ ਦੀ ਉਲੰਘਣਾ ਕਰਦਾ ਹੈ, ਉਸ ਨੂੰ ਮਰਯਾਦਾ ਅਨੁਸਾਰ ਤਨਖ਼ਾਹ ਲਗਾਉਣ ਦਾ ਵਿਧਾਨ ਪ੍ਰਚੱਲਿਤ ਹੈ।

ਸਿੱਖ ਰਹਿਤ ਮਰਯਾਦਾ ਸਿੱਖ ਦੇ ਜੀਵਨ, ਸਰੂਪ ਤੇ ਚਰਿੱਤਰ ਨੂੰ ਰੂਪਮਾਨ ਕਰਦੀ ਹੋਈ ਉਸ ਨੂੰ ਵਿਰਾਸਤ 'ਤੇ ਮਾਣ ਕਰਨ ਦੀ ਪ੍ਰੇਰਨਾ ਪ੍ਰਦਾਨ ਕਰਦੀ ਹੈ। ਇਹ ਸ਼ਖ਼ਸੀ ਤੇ ਪੰਥਕ ਜੀਵਨ 'ਚ ਸਮਤੋਲ ਤੇ ਇਕਸੁਰਤਾ ਪ੍ਰਦਾਨ ਕਰ ਕੇ ਦੁਨਿਆਵੀ ਕਾਰ-ਵਿਹਾਰ ਕਰਨ 'ਤੇ ਜ਼ੋਰ ਦਿੰਦੀ ਹੈ। ਗੁਰਮਤਿ ਰਹਿਤ ਮਰਯਾਦਾ 'ਤੇ ਟਿਕਿਆ ਹੋਇਆ ਸਿੱਖ ਦਾ ਜੀਵਨ ਸਰਬੱਤ ਦੇ ਭਲੇ ਨਾਲ ਜੁੜਿਆ ਹੁੰਦਾ ਹੈ, ਜਦਕਿ ਸਵਾਰਥ ਉਸ ਨੂੰ ਨਿੱਜ ਤੱਕ ਸੀਮਤ ਕਰ ਦਿੰਦਾ ਹੈ। ਨਿੱਜ ਨਾਲ ਜੁੜਿਆ ਹੋਇਆ ਮਨੁੱਖ ਨੀਰਸ, ਇਕੱਲਤਾ ਤੇ ਰੁੱਖੇਪਨ ਦਾ ਸ਼ਿਕਾਰ ਹੋ ਸਕਦਾ ਹੈ ਜਿਹੜਾ ਕਿ ਸਮਾਜ 'ਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਕਰਨ ਦਾ ਕਾਰਜ ਕਰਦਾ ਹੈ। ਸਿੱਖ ਨੂੰ ਅਜਿਹੀ ਸਥਿਤੀ 'ਚੋਂ ਬਾਹਰ ਕੱਢਣ ਲਈ ਗੁਰੂ ਸਾਹਿਬਾਨ ਨੇ ਇੱਕ ਮਾਰਗ ਪ੍ਰਦਾਨ ਕੀਤਾ ਹੈ ਕਿ ਉਹ ਧਾਰਮਿਕ ਸਜ਼ਾ ਪ੍ਰਵਾਨ ਕਰ ਕੇ ਪੰਥ 'ਚ ਦੁਬਾਰਾ ਸ਼ਾਮਿਲ ਹੋ ਸਕੇ ਤੇ ਉਸ ਦੇ ਜੀਵਨ 'ਚ ਹਮੇਸ਼ਾਂ ਖੇੜਾ ਤੇ ਅਨੰਦ ਬਣਿਆ ਰਹੇ। ਉਹ ਸਮਾਜ ਲਈ ਸਮੱਸਿਆਵਾਂ ਪੈਦਾ ਕਰਨ ਦੀ ਥਾਂ ਸਮਾਜ 'ਚੋਂ ਸਮੱਸਿਆਵਾਂ ਦੂਰ ਕਰਨ 'ਚ ਸਹਾਈ ਹੋਵੇ।

ਸਿੱਖ ਰਹਿਤ ਮਰਯਾਦਾ ਦਾ ਜਿਹੜਾ ਰੂਪ ਮੌਜੂਦਾ ਸਮੇਂ 'ਚ ਦਿਖਾਈ ਦਿੰਦਾ ਹੈ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 'ਚ ਖ਼ਾਲਸਾ ਪੰਥ ਦੀ ਸਿਰਜਣਾ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਜਦੋਂ ਵਿਸਾਖੀ ਮੌਕੇ ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਇਕ ਸੂਤਰ 'ਚ ਪਰੋ ਕੇ ਅਜਿਹੀ ਸ਼ਕਤੀ ਇਕੱਤਰ ਕਰ ਦਿੱਤੀ ਸੀ, ਜਿਹੜੀ ਕਿ ਭਾਈਚਾਰਕ ਸਾਂਝ ਪੈਦਾ ਕਰਨ ਦੇ ਨਾਲ-ਨਾਲ ਮਨੁੱਖੀ ਭਾਈਚਾਰੇ ਨੂੰ ਬਚਾਉਣ ਤੇ ਅੱਗੇ ਵਧਾਉਣ ਲਈ ਯਤਨਸ਼ੀਲ ਹੋ ਗਈ ਸੀ। ਕਵੀ ਸੈਨਾਪਤਿ ਖ਼ਾਲਸੇ ਦੇ ਗੁਣਾਂ ਤੇ ਜੀਵਨ ਉਦੇਸ਼ ਦਾ ਵਰਨਣ ਕਰਦੇ ਹੋਏ ਦੱਸਦਾ ਹੈ - ਬਿਬੇਕੰ ਬਿਚਾਰ, ਤਨਖਾਹ ਦਾਰ, ਬਸੁਧਾ ਸੁਧਾਰ, ਕਰਿ ਜਗਤ ਸਾਰ। ਇਸ ਦਾ ਭਾਵ ਹੈ ਕਿ ਖ਼ਾਲਸੇ ਨੇ ਦੀਰਘ ਵਿਚਾਰ ਕਰਕੇ ਦੋਖੀਆਂ ਦੀ ਸੁਧਾਈ ਕਰਨੀ ਹੈ, ਜਗਤ ਦਾ ਸੁਧਾਰ ਕਰਨਾ ਹੈ ਤੇ ਮਨੁੱਖਤਾ ਦਾ ਭਲਾ ਕਰਨਾ ਹੈ। ਇੱਥੇ ਸੁਧਾਈ ਨੂੰ ਭਲਾਈ ਦੇ ਉਦੇਸ਼ ਦੀ ਪੂਰਤੀ ਕਰਨ ਲਈ ਵਰਤਣ ਦੀ ਪ੍ਰੇਰਨਾ ਹੈ ਜਿਸ ਦਾ ਪੱਧਰ ਮਸਲੇ ਦੀ ਦੀਰਘ ਵਿਚਾਰ ਉਪਰੰਤ ਹੀ ਤੈਅ ਕੀਤਾ ਜਾ ਸਕਦਾ ਹੈ। ਜਥੇਬੰਦਕ ਢਾਂਚੇ ਨੂੰ ਇਕਜੁੱਟ ਰੱਖਣ ਲਈ ਤਨਖ਼ਾਹ ਨੂੰ ਇੱਕ ਕਾਰਗਾਰ ਸਾਧਨ ਦੇ ਰੂਪ 'ਚ ਦੇਖਿਆ ਗਿਆ ਹੈ। ਇਸੇ ਤਰ੍ਹਾਂ ਗੁਰੂ ਜੀ ਦੇ ਇੱਕ ਦਰਬਾਰੀ ਕਵੀ ਭਾਈ ਨੰਦ ਲਾਲ ਨੇ ਤਨਖ਼ਾਹਨਾਮਾ ਸਿਰਲੇਖ ਅਧੀਨ ਰਚਨਾ ਕਰ ਕੇ ਇਸ ਦਾ ਵਿਸ਼ੇਸ਼ ਵਰਨਣ ਕੀਤਾ ਹੈ। ਇਸ ਰਚਨਾ ਤੋਂ ਪਤਾ ਲੱਗਦਾ ਹੈ ਕਿ ਛੋਟੀਆਂ ਜਾਂ ਅਣਜਾਣੇ 'ਚ ਹੋਈਆਂ ਗਲਤੀਆਂ ਲਈ ਤਾੜਨਾ ਕੀਤੀ ਜਾਂਦੀ ਰਹੀ ਹੈ ਅਤੇ ਗੁਰਮਤਿ ਸਿਧਾਂਤ ਦੀ ਉਲੰਘਣਾ ਕਰਨ ਵਾਲਿਆਂ ਨੂੰ ਤਨਖ਼ਾਹੀਆ ਕਿਹਾ ਜਾਂਦਾ ਹੈ।

ਇਹ ਸ਼ਬਦ ਪੰਥ 'ਚ ਸਦਾਚਾਰਕ ਨਿਘਾਰ ਆਉਣ ਤੋਂ ਰੋਕਣ ਲਈ ਵਰਤਿਆ ਜਾਂਦਾ ਹੈ। ਅਜਿਹੇ ਢੰਗ-ਤਰੀਕੇ ਨਾਲ ਹੀ ਸਿੱਖਾਂ ਦੇ ਮਨ 'ਚ ਧਾਰਮਿਕ ਭਾਵਨਾ ਪੈਦਾ ਕਰ ਕੇ ਉਨ੍ਹਾਂ ਨੂੰ ਇਕੱਠੇ ਰੱਖਿਆ ਜਾ ਸਕਦਾ ਸੀ। ਗੁਰੂ ਤੋਂ ਇਲਾਵਾ ਬਾਕੀ ਸਮੂਹ ਮਨੁੱਖਾਂ ਨੂੰ ਭੁੱਲਣਹਾਰ ਮੰਨਦੇ ਹੋਏ ਉਨ੍ਹਾਂ ਨੂੰ ਪੰਥ ਤੋਂ ਦੂਰ ਰੱਖਣ ਦੀ ਥਾਂ ਪੰਥ 'ਚ ਸ਼ਾਮਿਲ ਕਰ ਕੇ ਪੰਥਕ ਸ਼ਕਤੀ ਨੂੰ ਖ਼ੋਰਾ ਲੱਗਣ ਤੋਂ ਬਚਾਇਆ ਜਾ ਸਕਦਾ ਹੈ। ਭੁੱਲ ਕਰਨ ਵਾਲੇ ਨੂੰ ਪੰਥ 'ਚ ਸ਼ਾਮਿਲ ਕਿਵੇਂ ਕਰਨਾ ਹੈ ਇਸ ਲਈ ਗੁਰੂ ਸਾਹਿਬਾਨ ਦੇ ਜੀਵਨ 'ਚੋਂ ਘਟਨਾਵਾਂ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਇਸ ਸੰਬੰਧੀ ਇਕ ਮਿਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚੋਂ ਅਕਸਰ ਦੱਸੀ ਜਾਂਦੀ ਹੈ ਕਿ ਦੱਖਣ ਵੱਲ ਜਾਂਦੇ ਹੋਏ ਉਨ੍ਹਾਂ ਨੇ ਰਾਜਸਥਾਨ 'ਚ ਪੈਂਦੇ ਨਰਾਇਣਾ ਨਗਰ ਵਿਖੇ ਉੱਥੋਂ ਦੇ ਇਕ ਸੰਤ ਦਾਦੂ ਦਯਾਲ ਦੀ ਕਬਰ 'ਤੇ ਤੀਰ ਨਾਲ ਨਮਸਕਾਰ ਕਰ ਦਿੱਤੀ ਸੀ। ਗੁਰੂ ਜੀ ਨਾਲ ਗਏ ਸਿੱਖਾਂ ਨੇ ਇਸ ਨੂੰ ਧਾਰਮਿਕ ਮਰਯਾਦਾ ਦੀ ਉਲੰਘਣਾ ਸਮਝਦੇ ਹੋਏ ਗੁਰੂ ਜੀ ਨੂੰ ਤਨਖ਼ਾਹ ਲਗਾਈ ਸੀ।

ਇਸ ਘਟਨਾ ਨੂੰ ਗੁਰੂ ਜੀ ਦਾ ਇੱਕ ਅਜਿਹਾ ਕੌਤਕ ਮੰਨਿਆ ਜਾਂਦਾ ਹੈ ਜਿਸ 'ਚ ਧਰਮ ਪ੍ਰਤੀ ਦ੍ਰਿੜ੍ਹਤਾ ਤੇ ਗੁਰੂ ਸਾਹਿਬਾਨ ਦੇ ਸਿਧਾਂਤ ਦੀ ਉਲੰਘਣਾ ਕਰਨ ਵਾਲਿਆਂ ਨੂੰ ਪੰਥ 'ਚ ਵਾਪਸੀ ਦਾ ਰਾਹ ਦਿਖਾਇਆ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਦੀ ਦੈਵੀ ਤੇ ਦੁਨਿਆਵੀ ਅਗਵਾਈ ਕਰਨ ਲਈ ਗੁਰੂ-ਗ੍ਰੰਥ ਤੇ ਗੁਰੂ-ਪੰਥ ਦੀ ਹੋਂਦ ਸਾਹਮਣੇ ਆਉਂਦੀ ਹੈ। ਸਿੱਖ ਨੇ ਅਧਿਆਤਮਿਕ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਗ੍ਰਹਿਣ ਕਰਨੀ ਹੈ ਤੇ ਗੁਰਮਤਿ ਅਨੁਸਾਰ ਕਾਰ-ਵਿਹਾਰ ਕਰਦੇ ਸਮੇਂ ਜਿਹੜੀਆਂ ਔਕੜਾਂ ਦੁਨਿਆਵੀ ਜੀਵਨ 'ਚ ਸਾਹਮਣੇ ਆਉਂਦੀਆਂ ਹਨ, ਉਨ੍ਹਾਂ ਸੰਬੰਧੀ ਵਿਚਾਰ ਤੇ ਫ਼ੈਸਲੇ ਗੁਰੂ ਪੰਥ ਵੱਲੋਂ ਕੀਤੇ ਜਾਂਦੇ ਹਨ। ਇਸ ਦਾ ਇੱਕ ਰੂਪ ਕਥਾਵਾਚਕਾਂ ਰਾਹੀਂ ਸਾਹਮਣੇ ਆਉਂਦਾ ਹੈ ਜਿਹੜੇ ਕਿ ਗੁਰਬਾਣੀ ਦੀ ਕਥਾ ਕਰਦੇ ਹੋਏ ਪੇਸ਼ ਆਈਆਂ ਔਕੜਾਂ ਬਾਰੇ ਸੰਗਤ ਨੂੰ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਰਹਿੰਦੇ ਹਨ। ਇਸ ਦਾ ਦੂਜਾ ਰੂਪ ਸਿੱਖ ਸਰੋਤਾਂ ਰਾਹੀਂ ਸਾਹਮਣੇ ਆਉਂਦਾ ਹੈ ਜਿਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਵਾਲੇ ਗੁਰਮਤਿ ਮਰਯਾਦਾ ਤੇ ਜੀਵਨ ਜਾਚ ਬਾਰੇ ਸੰਗਤ ਨੂੰ ਜਾਗਰੂਕ ਕਰਦੇ ਹਨ। ਇਸ ਦਾ ਤੀਜਾ ਰੂਪ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਰਾਹੀਂ ਸਾਹਮਣੇ ਆਉਂਦਾ ਹੈ, ਜਿਹੜੇ ਕਿ ਕਿਸੇ ਵਿਸ਼ੇਸ਼ ਮੌਕੇ ਸੰਗਤ ਦੇ ਨਾਂਅ ਸੰਦੇਸ਼ ਜਾਰੀ ਕਰਦੇ ਹੋਏ ਗੁਰਮਤਿ ਮਰਯਾਦਾ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਪੈਦਾ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪੰਥ 'ਚ ਅਨੇਕਾਂ ਵਾਰ ਵਿਵਾਦ ਪੈਦਾ ਹੋਏ, ਪਰ ਅਖੀਰ ਗੁਰਮਤਿ ਭਾਵਨਾ ਹੀ ਸਭਨਾਂ ਨੂੰ ਇਕੱਤਰ ਕਰਨ ਵਾਲਾ ਸੂਤਰ ਸਾਬਤ ਹੋਈ ਹੈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਕੇਂਦਰੀ ਸਥਾਨ ਹਨ ਜਿਹੜੇ ਕਿ ਸਿੱਖਾਂ ਦੀ ਸਮੇਂ-ਸਮੇਂ 'ਤੇ ਖਿੰਡ ਜਾਣ ਵਾਲੀ ਸ਼ਕਤੀ ਨੂੰ ਇਕੱਤਰ ਕਰਨ ਦਾ ਮਹੱਤਵਪੂਰਨ ਸਰੋਤ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਦਾ ਕੇਂਦਰ ਹਨ, ਜਿੱਥੇ ਹੋਣ ਵਾਲੇ ਸਰਬੱਤ ਖ਼ਾਲਸਾ ਸਮਾਗਮਾਂ ਨੇ ਪੰਜਾਬ ਦੇ ਲੋਕਾਂ ਨੂੰ ਸੁਰੱਖਿਅਤ ਤੇ ਸਵੈਮਾਣ ਭਰਪੂਰ ਜੀਵਨ ਜਾਚ ਪ੍ਰਦਾਨ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਅਠਾਰ੍ਹਵੀਂ ਸਦੀ ਵਿੱਚ ਸਿੱਖ ਸੰਘਰਸ਼ ਕਰਦੇ ਰਹੇ ਤੇ ਉਨ੍ਹਾਂ 'ਚੋਂ ਬਹੁਤੇ ਅਜਿਹੇ ਸਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਖੰਡੇ ਦੀ ਪਾਹੁਲ ਧਾਰਨ ਕੀਤੀ ਸੀ। ਇਸ ਲਈ ਧਾਰਮਿਕ ਮਰਯਾਦਾ ਦੀ ਉਲੰਘਣਾ ਵਾਲੇ ਵਿਸ਼ੇ ਇਸ ਦੌਰ 'ਚ ਬਹੁਤੇ ਦਿਖਾਈ ਨਹੀਂ ਦਿੰਦੇ। ਅਠਾਰ੍ਹਵੀਂ ਸਦੀ ਦੇ ਅਖੀਰ 'ਚ ਸਿੱਖ ਰਾਜ-ਭਾਗ ਦੀ ਸਥਾਪਤੀ ਵੱਲ ਕੇਂਦਿਰਜ਼ ਸਨ ਤੇ 19ਵੀਂ ਸਦੀ 'ਚ ਜਦੋਂ ਸਥਾਪਤੀ ਦਾ ਹਿੱਸਾ ਬਣੇ ਤਾਂ ਬਹੁਤ ਸਾਰੇ ਪ੍ਰਸ਼ਨਾਂ ਦੇ ਉੱਤਰ ਲੱਭਣੇ ਸ਼ੁਰੂ ਕੀਤੇ ਗਏ। ਇਸ ਦਾ ਇਕ ਵੱਡਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਅੰਗਰੇਜ਼ੀ ਰਾਜ ਵਿੱਚ ਜੀਵਨ ਜਾਚ ਦੇ ਵਿਭਿੰਨ ਵਿਸ਼ਿਆਂ ਸੰਬੰਧੀ ਵਿਸ਼ਲੇਸ਼ਣ ਦੀ ਗਤੀ ਤੇਜ਼ ਹੋ ਗਈ ਸੀ ਤੇ ਸਿੱਖ ਵੀ ਉਸੇ ਪ੍ਰਭਾਵ ਅਧੀਨ ਆਪਣੇ ਜੀਵਨ 'ਚ ਧਾਰਨ ਕੀਤੇ ਜਾਣ ਵਾਲੇ ਧਰਮ ਦੇ ਵਿਭਿੰਨ ਪਹਿਲੂਆਂ ਸੰਬੰਧੀ ਪ੍ਰਸ਼ਨ ਕਰਨ ਲੱਗੇ ਸਨ। ਸੂਝਵਾਨ ਸਿੱਖ ਉਨ੍ਹਾਂ ਦਾ ਜਵਾਬ ਦੇਣ ਲੱਗੇ ਸਨ ਤੇ ਪ੍ਰਿੰਟ ਮੀਡੀਆ ਦੇ ਸਾਹਮਣੇ ਆਉਣ ਨਾਲ ਇਹ ਗਤੀ ਹੋਰ ਵਧੇਰੇ ਤੇਜ਼ ਹੋ ਗਈ ਸੀ। ਭਾਵੇਂ ਕਿ ਧਰਮ ਸੰਬੰਧੀ ਪ੍ਰਸ਼ਨਾਂ ਨੇ ਚਿਰਾਂ ਤੋਂ ਸਥਾਪਤ ਰੂੜ੍ਹੀਵਾਦੀ ਭਾਵਨਾਵਾਂ ਨੂੰ ਸੱਟ ਮਾਰੀ, ਪਰ ਫਿਰ ਵੀ ਸਾਹਮਣੇ ਆਉਣ ਵਾਲੇ ਪ੍ਰਸ਼ਨਾਂ ਨੇ ਗੁਰਮਤਿ ਨੂੰ ਨਿਖਾਰ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ।

1895 'ਚ ਖ਼ਾਲਸਾ ਅਖ਼ਬਾਰ ਰਾਹੀਂ ਤਨਖ਼ਾਹ ਲਗਾਉਣ ਸੰਬੰਧੀ ਇੱਕ ਪ੍ਰਸ਼ਨ ਪੁੱਛਿਆ ਗਿਆ ਸੀ ਕਿ ਕੀ ਤਨਖ਼ਾਹੀਏ ਸਿੰਘ ਨੂੰ ਕੋਈ ਖ਼ਾਸ ਦਿਨ ਨੂੰ ਜੋੜ ਮੇਲ ਕਰ ਕੇ ਬਖ਼ਸ਼ਣਯੋਗ ਹੈ ਤੇ ਕਿਸੇ ਗੁਰਦੁਆਰੇ 'ਚ ਬਖ਼ਸ਼ਣਾ ਚਾਹੀਦਾ ਹੈ। ਇਸ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਕਿਹਾ ਗਿਆ ਕਿ ਖ਼ਾਸ ਦਿਨ ਦੀ ਕੋਈ ਜ਼ਰੂਰਤ ਨਹੀਂ ਹੈ, ਜਦ ਚਾਹੇ ਤਦ ਬਖਸ਼ਿਆ ਜਾ ਸਕਦਾ ਹੈ ਅਤੇ ਜੇ ਕੋਈ ਗੁਰਦੁਆਰਾ ਨੇੜੇ ਹੋਵੇ ਤਾਂ ਬਹੁਤ ਵਧੀਆ ਹੈ, ਨਹੀਂ ਤਾਂ ਜਿੱਥੇ ਪੰਜ ਸਿੰਘ ਰਹਿਤ ਬਿਬੇਕ ਵਾਲੇ ਹੋਣ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਉੱਥੇ ਵੀ ਬਖਸ਼ਿਆ ਜਾ ਸਕਦਾ ਹੈ।

ਵੀਹਵੀਂ ਸਦੀ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਉਪਰੰਤ ਸਿੱਖਾਂ 'ਚ ਧਾਰਮਿਕ ਮਰਯਾਦਾ ਸੰਬੰਧੀ ਇਕਸੁਰਤਾ ਤੇ ਇਕਸਾਰਤਾ ਲਿਆਉਣ ਲਈ ਸਿੱਖ ਰਹਿਤ ਮਰਯਾਦਾ ਤਿਆਰ ਕੀਤੀ ਗਈ, ਜਿਸ 'ਚ ਮਰਯਾਦਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਤਨਖ਼ਾਹ ਲਗਾਉਣ ਸੰਬੰਧੀ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਦੇ ਹੋਏ ਕਿਹਾ ਗਿਆ ਕਿ ਧਾਰਮਿਕ ਮਰਯਾਦਾ ਦੀ ਉਲੰਘਣਾ ਕਰਨ ਵਾਲਾ ਗੁਰ-ਸੰਗਤ ਪਾਸ ਹਾਜ਼ਰ ਹੋ ਕੇ ਆਪਣੀ ਭੁੱਲ ਮੰਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਚੁਣੇ ਪੰਜ ਪਿਆਰੇ ਪੇਸ਼ ਹੋਏ ਸੱਜਣ ਨੂੰ ਤਨਖ਼ਾਹ ਤਜਵੀਜ਼ ਕਰ ਦੇਣ। ਤਨਖ਼ਾਹ ਲਵਾਉਣ ਤੇ ਬਖ਼ਸ਼ਣ ਵਾਲਿਆਂ ਨੂੰ ਅੜੀ ਨਹੀਂ ਕਰਨੀ ਚਾਹੀਦੀ।

ਤਨਖਾਹ ਲਗਾਉਣ ਦਾ ਜਿਹੜਾ ਵਿਧੀ-ਵਿਧਾਨ ਸਿੱਖ ਮਰਯਾਦਾ 'ਚ ਸਾਹਮਣੇ ਆਉਂਦਾ ਹੈ, ਉਸ ਨੇ ਸਿੱਖਾਂ ਨੂੰ ਇੱਕ-ਸ਼ਕਤੀ 'ਚ ਪਰੋਣ ਦਾ ਕਾਰਜ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਵੰਸ਼ਜ ਬਾਬਾ ਕਰਤਾਰ ਸਿੰਘ ਬੇਦੀ ਨਨਕਾਣਾ ਸਾਹਿਬ ਸਾਕੇ ਦੇ ਦੋਸ਼ੀ ਮੰਨੇ ਗਏ, ਜਿਸ 'ਚ 150 ਤੋਂ ਵਧੇਰੇ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਜਿਉਂਦੇ ਸਾੜ ਦਿੱਤਾ ਗਿਆ ਸੀ, ਉਸ ਨੇ ਆਪਣੀ ਭੁੱਲ ਮੰਨੀ ਤੇ ਤਨਖ਼ਾਹ ਲਵਾ ਕੇ ਪੰਥ 'ਚ ਸ਼ਾਮਿਲ ਹੋਏ ਅਤੇ ਫਿਰ 20 ਸਾਲ ਤੋਂ ਵਧੇਰੇ ਸਮਾਂ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਦੇ ਜਥੇਦਾਰ ਰਹੇ। ਮਾਸਟਰ ਤਾਰਾ ਸਿੰਘ, ਸੰਤ ਫ਼ਤਹਿ ਸਿੰਘ ਆਦਿ ਅਨੇਕਾਂ ਅਕਾਲੀ ਤੇ ਗੈਰ-ਅਕਾਲੀ ਆਗੂ ਤਨਖ਼ਾਹ ਲਵਾ ਕੇ ਪੰਥ 'ਚ ਦੁਬਾਰਾ ਸ਼ਾਮਿਲ ਹੋਏ ਤੇ ਸਤਿਕਾਰ ਦਾ ਪਾਤਰ ਬਣੇ। ਮੌਜੂਦਾ ਸਮੇਂ 'ਚ ਇਹ ਪਹਿਲੀ ਵਾਰੀ ਦੇਖਣ ਨੂੰ ਮਿਲਿਆ ਹੈ ਕਿ ਅਕਾਲੀ ਸਰਕਾਰ ਸਮੇਂ ਵਜ਼ਾਰਤ 'ਚ ਰਹੇ ਸਮੂਹ ਅਕਾਲੀ ਆਗੂਆਂ ਨੇ ਸਮੂਹਿਕ ਤਨਖ਼ਾਹ ਲਵਾ ਕੇ ਪੰਥ 'ਚ ਵਾਪਸੀ ਕੀਤੀ ਹੈ।

ਸਿੱਖ ਧਰਮ 'ਚ ਤਨਖ਼ਾਹ ਲਗਾ ਕੇ ਪੰਥ 'ਚ ਸ਼ਾਮਿਲ ਕਰਨ ਦਾ ਇਹ ਇੱਕ ਅਜਿਹਾ ਵਿਧੀ-ਵਿਧਾਨ ਸਿਰਜਿਆ ਗਿਆ, ਜਿਹੜਾ ਕਿ ਮਰਯਾਦਾ ਦੀ ਉਲੰਘਣਾ ਕਰਨ ਵਾਲੇ ਸਿੱਖ ਨੂੰ ਪੰਥ ਨਾਲ ਦੁਬਾਰਾ ਜੋੜਨ ਦਾ ਕਾਰਜ ਕਰਦਾ ਹੈ। ਪੰਥ 'ਚ ਦੁਬਾਰਾ ਸ਼ਾਮਿਲ ਹੋਏ ਸਿੱਖ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਗੁਰੂ ਆਸ਼ੇ ਅਨੁਸਾਰ ਪੰਥਕ ਸ਼ਕਤੀ ਨੂੰ ਇਕੱਤਰ ਤੇ ਮਜ਼ਬੂਤ ਕਰਨ ਦਾ ਕਾਰਜ ਕਰਨ ਲਈ ਵਚਨਬੱਧ ਹੋਵੇਗਾ।



## ਗੁਰਗੱਦੀ ਦਿਵਸ 'ਤੇ ਵਿਸ਼ੇਸ਼

# ਸ੍ਰੀ ਗੁਰੂ ਅਮਰਦਾਸ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਰਤ ਦੇ ਮੱਧਕਾਲੀਨ ਇਤਿਹਾਸ ਵਿੱਚ ਰਾਜਨੀਤਿਕ ਸਥਿਤੀ ਡਾਵਾਂਡੋਲ ਸੀ। ਦੇਸ਼ ਛੋਟੇ ਛੋਟੇ ਆਜ਼ਾਦ ਰਾਜਾਂ ਵਿੱਚ ਵੰਡਿਆ ਹੋਇਆ ਸੀ। ਜਨ ਸਾਧਾਰਨ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਪੰਦਰਵੀਂ ਸਦੀ ਵਿੱਚ ਭਗਤੀ ਲਹਿਰ ਨਾਲ ਸਮਾਜ ਵਿੱਚ ਇੱਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ। ਭਗਤੀ ਲਹਿਰ ਦੇ ਸੁਧਾਰਕਾਂ ਨੇ ਮਨੁੱਖਤਾ ਦੇ ਦਿਲਾਂ ਵਿੱਚ ਆਤਮਿਕ ਅਧਿਆਤਮਕ ਜੋਤ ਜਗਾਈ। ਧਰਮ ਨਾਲ ਜੁੜੇ ਸੰਸਕਾਰਾਂ ਵਿੱਚ ਜਾਗ੍ਰਿਤੀ ਆਈ। ਇਸੇ ਲੜੀ ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ 1469 ਈ. ਵਿੱਚ ਹੋਇਆ। ਆਪ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਸਨ। ਆਪ ਜੀ ਦਾ ਸਥਾਪਤ ਗੁਰਮਤਿ ਇੱਕ ਵਿਲੱਖਣ ਮੱਤ ਸੀ। ਸਿੱਖ ਧਰਮ ਇੱਕ ਪਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਪਤ ਕੀਤਾ। ਉਸ ਤੋਂ ਬਾਅਦ 9 ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਿਕਤਾ ਦਾ ਰਾਹ ਦਰਸਾਇਆ। ਇਸ ਨਿਰੰਤਰ ਸਮਾਜ ਸੁਧਾਰ ਵਿੱਚ ਗੁਰੂ ਸਾਹਿਬਾਨ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਸਿੱਖ ਧਰਮ ਦਾ ਆਧਾਰ ਕਿ ਇੱਕ ਪਰਮਾਤਮਾ ਵਿੱਚ ਯਕੀਨ ਰੱਖਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖ ਮਾਰਗ ਦੀ ਰਹਿਨੁਮਾਈ ਦੀ ਜਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ 1708 ਈ. ਤੱਕ ਜਾਰੀ ਰਹੀ। ਉਪਰੰਤ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੋਈ। ਸੰਤ 1699 ਈ. ਦੀ ਵਿਸਾਖੀ 'ਤੇ ਪੰਜ ਪਿਆਰੇ ਸਾਜ ਕੇ ਫ਼ੌਜੀ ਖ਼ਾਲਸਾ ਕਾਇਮ ਕੀਤਾ। ਸਿੱਖਾਂ ਨੂੰ ਇੱਕ ਵੱਖਰੀ ਪਛਾਣ ਦਿੱਤੀ। ਇਸੇ ਗੁਰੂ ਪ੍ਰਥਾ ਵਿੱਚ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ ਅੰਮ੍ਰਿਤਸਰ ਪਿਤਾ ਬਾਬਾ ਤੇਜਭਾਨ ਜੀ ਭੱਲਾ ਖੱਤਰੀ ਅਤੇ ਮਾਤਾ ਬਖ਼ਤ ਕੌਰ ਦੇ ਗ੍ਰਹਿ ਵਿਖੇ 23 ਮਈ 1479 ਨੂੰ ਹੋਇਆ। ਪ੍ਰਵਾਰ ਖੇਤੀ ਅਤੇ ਦੁਕਾਨ ਵਪਾਰ ਕਰਦਾ ਸੀ। ਧਾਰਮਿਕ ਵਿਰਤੀ ਵਾਲੇ ਸਨ। ਧਾਰਮਿਕ ਤੌਰ 'ਤੇ ਵੈਸ਼ਨਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿੱਚ ਸਨਖਤ੍ਰਾ ਪਿੰਡ ਦੇ ਬਹਿਲ ਪ੍ਰਵਾਰ ਵਿੱਚ 1503 ਈ. ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਹੋਏ। ਧਾਰਮਿਕ ਰੁਚੀ ਵਿੱਚ ਆਪ 42 ਸਾਲ ਦੀ ਉਮਰ ਵਿੱਚ 1521 ਈ. ਨੂੰ ਹਰਿਦੁਆਰ ਤੀਰਥ ਇਸ਼ਨਾਨ 'ਤੇ ਗਏ। ਫ਼ਿਰ ਕਈ ਸਾਲ ਨੇਮ ਨਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਜੀ ਦਾ ਅੰਮ੍ਰਿਤ ਵੇਲੇ ਰੱਬੀ ਬਾਣੀ ਪੜ੍ਹਨ ਦਾ ਨੇਮ ਸੀ। ਰੱਬੀ ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ ਤਾਂ ਉਹਨਾਂ ਦੇ ਮਨ 'ਤੇ ਇਸ ਦਾ ਡੂੰਘਾ ਅਸਰ ਹੋਇਆ। ਇਸੇ ਪ੍ਰਭਾਵ ਹੇਠ ਗੁਰ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਖਡੂਰ ਸਾਹਿਬ ਲੈ ਆਈ। ਸੰਨ 1540 ਵਿੱਚ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਉਹਨਾਂ ਜਾਣ ਲਿਆ ਸੀ ਕਿ ਮੈਨੂੰ ਮੇਰਾ ਅਧਿਆਪਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਤਦ 62 ਸਾਲ ਦੀ ਉਮਰ ਵਿੱਚ ਉਹਨਾਂ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਧਾਰ ਲਿਆ।

ਆਪ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਵਿੱਚ ਪੱਕੇ ਤੌਰ 'ਤੇ ਰਹਿਣ ਲੱਗੇ। ਗੁਰੂ ਸਦਾ ਉਹਨਾਂ ਦੇ ਮਨ ਵਿੱਚ ਵਸਿਆ ਰਹਿੰਦਾ। ਉਹ ਦਿਨ ਰਾਤ ਗੁਰੂ ਜੀ ਦੀ ਸੇਵਾ ਵਿੱਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਦਰਿਆ ਤਿੰਨ ਕੋਹ 'ਤੇ ਹੈ। ਆਪ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਪਾਣੀ ਲਿਆਉਂਦੇ। ਲੰਗਰਾਂ ਦੀ ਸੇਵਾ ਵਿੱਚ ਲੱਕੜੀ ਲਿਆਉਣਾ, ਭਾਂਡੇ ਮਾਜਣਾਂ, ਪਾਣੀ ਢੋਣਾ। ਵਿਹਲੇ ਸਮੇਂ ਗੁਰੂ ਅੰਗਦ ਦੇਵ ਜੀ ਪਾਸੋਂ ਗੁਰਬਾਣੀ ਪੜ੍ਹਦੇ ਰਹਿਣਾ। ਗੁਰੂ ਅੰਗਦ ਦੇਵ ਜੀ ਕੋਲ ਗੁਰਬਾਣੀ ਦਾ ਸੰਗ੍ਰਹਿ ਸੀ। 74 ਸਾਲ ਦੀ ਉਮਰ ਵਿੱਚ ਆਪ ਜੀ ਬਾਣੀ ਦੇ ਰਚੇਤਾ ਬਣੇ।

ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਨਿਸ਼ਕਾਮ ਸੇਵਾ ਭਾਵਨਾ, ਹਲੀਮੀ, ਨਿਮਰਤਾ ਅਤੇ ਪ੍ਰਬੰਧਕੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦਕਿ ਆਪ ਜੀ ਦੀ ਉਮਰ 6 ਦਹਾਕੇ ਪਾਰ ਕਰ ਚੁੱਕੀ ਸੀ।

ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਬਣਾ ਲਿਆ। ਇਹ ਨਗਰ ਵੀ ਗੁਰੂ ਅੰਗਦ ਦੇਵ ਜੀ ਦੇ ਕਹਿਣ 'ਤੇ ਹੀ ਆਪ ਜੀ ਵੱਲੋਂ ਵਸਾਇਆ ਗਿਆ। ਗੁਰਗੱਦੀ 'ਤੇ ਬੈਠਦਿਆਂ ਹੀ ਭਾਵੇਂ ਆਪ ਜੀ ਨੂੰ ਘਰੇਲੂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਗੁਰਿਆਈ ਗੱਦੀ ਨੂੰ ਲੈ ਆਪ ਜੀ ਦੀ ਵਿਰੋਧਤਾ ਕੀਤੀ। ਉਹ ਇੱਕ ਦਿਨ ਗੋਇੰਦਵਾਲ ਸਾਹਿਬ ਆ ਕੇ ਜਬਰੀ ਗੁਰਗੱਦੀ 'ਤੇ ਬੈਠ ਗਿਆ। ਆਪ ਜੀ ਸ਼ਾਂਤ ਰਹੇ। ਆਪ ਜੀ ਬਾਸਰਕੇ ਆ ਗਏ ਪਰ ਸੰਗਤਾਂ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਫ਼ਿਰ ਗੁਰੂ ਸਾਹਿਬ ਜੀ ਨੂੰ ਸੰਗਤਾਂ ਨੇ ਗੋਇੰਦਵਾਲ ਸਾਹਿਬ ਮੋੜ ਲਿਆਂਦਾ। ਬਾਬਾ ਦਾਤੂ ਜੀ ਨੇ ਬਾਦਸ਼ਾਹ ਅਕਬਰ ਕੋਲ ਵੀ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕੀਤੀ ਪਰ ਸਫ਼ਲ ਨਾ ਹੋ ਸਕੇ।

ਆਪਣੇ 22 ਸਾਲ ਦੇ ਗੁਰੂ ਕਾਲ ਵਿੱਚ ਸਿੱਖ ਮੱਤ ਦੇ ਸੰਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ ਅਧਿਆਤਮਕ ਉਪਦੇਸ਼ ਵਿੱਚ, ਉਹਨਾਂ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲੈਣ ਲਈ ਕਿਹਾ। ਗੁਰੂ ਸਾਹਿਬਾਨ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸਥ ਨਾਲ ਜੋੜਦੇ ਹਨ। ਜਦਕਿ ਲੋਕ ਝੂਠੇ ਰੀਤੀ ਰਿਵਾਜਾਂ ਅਤੇ ਕ੍ਰਮਕਾਂਡਾਂ ਵਿੱਚ ਫ਼ਸੇ ਹੋਏ ਸਨ। ਗੁਰੂ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ ਵੰਡ, ਵਰਣ ਵੰਡ, ਜਾਤ ਪਾਤ ,ਉਚ ਨੀਚ ਦੀ ਵੰਡ ਖਤਮ ਕਰਦਿਆਂ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਹਨਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ ਪਾਤ ਦਾ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ। ਲੰਗਰਾਂ ਵਿੱਚ ਜਿਸ ਕਿਸੇ ਵੀ ਆਏ ਪ੍ਰਦੇਸੀ ਨਾਲ ਇੱਕੋ ਜਿਹਾ ਸਲੂਕ ਹੋਵੇ। ਲੰਗਰ ਦੇ ਉੱਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇੱਕੋ ਪੰਗਤ ਵਿੱਚ ਬਿਠਾ ਕੇ ਲੰਗਰ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਸਾਹਿਬ ਜੀ ਨੇ ਇੱਕੋ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਹਰ ਇੱਕ ਲਈ ਪੰਗਤ ਫ਼ਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸ਼ੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲਾਂ ਵਿੱਚ ਗੁਰੂ ਸਾਹਿਬ ਜੀ ਲਈ ਪਿਆਰ, ਸ਼ਰਧਾ ਅਤੇ ਸਤਿਕਾਰ ਵੇਖਿਆ। ਗੁਰੂ ਸਾਹਿਬ ਜੀ ਦੀ ਵਡਿਆਈ ਚੁਫ਼ੇਰੇ ਵਧਣ ਲੱਗੀ।

ਸੰਨ 1560 ਵਿੱਚ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ ਵਿੱਚ ਬੈਠ ਕੇ ਲੰਗਰ ਪ੍ਰਸ਼ਾਦ ਛਕਿਆ। ਸਿੱਖਾਂ ਦੇ ਪਿਆਰ ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਗੀਰ ਦੇਣੀ ਚਾਹੀ। ਗੁਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉੱਦਮ ਨਾਲ ਹੀ ਚਲਦਾ ਹੈ। ਜਗੀਰ ਦੇ ਬਦਲੇ ਵਿੱਚ ਗੁਰੂ ਸਾਹਿਬ ਜੀ ਨੇ ਗ਼ੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦੇ ਮਸੂਲ ਤੋਂ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੰਦ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ ਦੂਰ ਦੇ ਖੇਤਰਾਂ ਵਿੱਚ ਪ੍ਰਚਾਰਕ ਭੇਜੇ। ਉਹਨਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉਚ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਉਂਦੇ। ਗੁਰੂ ਸਾਹਿਬ ਜੀ ਤਕ ਚੜ੍ਹਾਵਾ ਪਹੁੰਚਾਉਂਦੇ। ਜੋ ਇੱਕ ਜਗ੍ਹਾ ਜਮਾਂ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿੱਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ। ਗੁਰੂ ਜੀ ਨੇ ਰਾਵੀ ਦਰਿਆ ਅਤੇ ਬਿਆਸ ਦਰਿਆ ਦੇ ਵਿਚਕਾਰਲੇ ਇਲਾਕੇ ਵਿੱਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵੱਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫ਼ੈਲਾਉਣ ਲਈ ਗੁਰੂ ਜੀ ਨੇ ਸਾਰੀ ਸਿੱਖ ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿੱਚ ਵੰਡਿਆ। ਇਸ ਤਰ੍ਹਾਂ 22 ਸਿਆਣੇ ਪ੍ਰਚਾਰਕ ਨੀਯਤ ਕੀਤੇ। ਪ੍ਰਚਾਰਕ ਨੇ ਬੋਲਣ ਵੇਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉੱਚੇ ਥਾਂ 'ਤੇ ਬੈਠਣਾ ਹੁੰਦਾ ਹੈ। ਇਸ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ, ਜਿਸ 'ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ। ਇਸ ਤਰ੍ਹਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇੱਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿੱਚ ਜੋ ਕਾਰਜ ਕੀਤੇ, ਉਹਨਾਂ ਵਿੱਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿੱਚ ਜਾਤਾਂ ਬਰਾਦਰੀ ਦੇ ਆਧਾਰ 'ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ 'ਤੇ ਜੋਰ ਦਿੱਤਾ।

ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਹਨਾਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ ਚੱਲਣ ਉੱਚਾ ਰੱਖਣ, ਨਾਮ ਜਪਣ ਤਦ ਹੀ ਸਤੀ ਅਖਵਾਉਣਗੀਆਂ। ਇਸਤ੍ਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਹਨਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤ੍ਰੀਆਂ ਨੂੰ ਮੂੰਹ ਢੱਕ ਦੇ ਪਰਦੇ ਜਾਂ ਘੁੰਡ ਵਿੱਚ ਰਹਿਣ ਦੇ ਰਿਵਾਜ ਨੂੰ ਖਤਮ ਕੀਤਾ। ਇਸ ਤਰ੍ਹਾਂ ਉਹਨਾਂ ਨੂੰ ਸਮਾਜ ਵਿੱਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤਰੀਆਂ ਨੂੰ ਸੇਵਾ ਪ੍ਰਬੰਧ ਵਿੱਚ ਲਾਇਆ। ਉਹਨਾਂ ਨੂੰ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਨਾਲ ਜੋੜਿਆ। ਉਹਨਾਂ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ ਮਰਨ ਦੀਆਂ ਫ਼ਾਲਤੂ ਰਹੁ ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿੱਚ ਰਹਿਣ ਦੀ ਮਰਯਾਦਾ ਚਲਾਈ। ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ ਦਾ ਉਪਦੇਸ਼ ਦਿੱਤਾ। ਪਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵ ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰ ਧਾਰਾ ਤੇ ਨਿਸ਼ਾਨੇ ਨਿਸ਼ਚਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ 'ਤੇ ਚਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂ ਸਾਹਿਬਾਨ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ ਗਿਆ, ਵਧਾਇਆ ਤੇ ਪ੍ਰਚਾਰਿਆ ਗਿਆ।

ਨਿਰਮਾਣ ਕਾਰਜਾਂ ਵਿੱਚ ਗੋਇੰਦਵਾਲ ਨਗਰ ਵਸਾਇਆ। ਗੋਇੰਦਵਾਲ ਸਾਹਿਬ ਪੱਤਣ ਦਾ ਇਲਾਕਾ ਸੀ। ਮੁਸਾਫ਼ਰਾਂ ਦੇ ਲੰਘਣ ਤੋਂ ਇਲਾਵਾ ਸੰਗਤ ਵੀ ਬਹੁਤ ਜੁੜਦੀ ਸੀ। ਲੰਗਰ ਵੀ ਵਰਤਦਾ ਸੀ ਪਰ ਪਾਣੀ ਦੀ ਬੜੀ ਕਮੀ ਸੀ। ਆਪ ਜੀ ਨੇ 1559 ਵਿੱਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਜਿਸ ਨਾਲ ਪਾਣੀ ਦੀ ਕਮੀ ਦੂਰ ਹੋਈ। ਇਹ ਅਸਥਾਨ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਿਆ। ਜਿਥੇ ਪਹਿਲਾਂ ਵਿਸਾਖੀ ਜੋੜ ਮੇਲਾ ਸੰਪੰਨ ਹੋਇਆ। ਗੋਇੰਦਵਾਲ ਸਾਹਿਬ ਜੀ ਦੇ ਹੋਰ ਨਿਰਮਾਣ ਕਾਰਜਾਂ ਵਿੱਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ ਅਤੇ ਮੋਹਨ ਜੀ ਦਾ ਚੋਬਾਰਾ ਸ਼ਾਮਿਲ ਹਨ। ਗੁਰੂ ਸਾਹਿਬ ਜੀ ਦੇ ਕਾਰਜ ਕਾਲ ਵਿੱਚ ਗੋਇੰਦਵਾਲ ਸਾਹਿਬ ਇੱਕ ਵੱਡਾ ਪ੍ਰਚਾਰ ਕੇਂਦਰ ਬਣਿਆ ਪਰ ਸਿੱਖਾਂ ਦੀ ਵੱਧਦੀ ਗਿਣਤੀ ਵੇਖ ਕੇ ਮਾਝੇ ਇਲਾਕੇ ਵਿੱਚ ਵੀ 1570 ਵਿੱਚ ਗੁਰੂ ਚੱਕ ਅੰਮ੍ਰਿਤਸਰ ਬਣਾਉਣਾ ਸ਼ੁਰੂ ਕੀਤਾ। ਆਪ ਜੀ ਨੇ ਪਵਿੱਤਰ ਸਰੋਵਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖ੍ਰੀਦੀ ਗਈ ਸੀ। ਇੱਥੇ ਇੱਕ ਨਗਰ ਵਸਾਉਣ ਦੀ ਯੋਜਨਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਵਿੱਚ ਬਣਾਏ ਗਏ ਸਰੋਵਰ ਤੇ ਨਗਰ ਉਸਾਰਿਆ। ਜੋ 28 ਦਸੰਬਰ 1588 ਨੂੰ ਨੀਂਹ ਰੱਖੀ ਗਈ।

ਆਪ ਨੇ ਸੰਗਤਾਂ ਨੂੰ ਗੁਰੂ ਸ਼ਬਦ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਹਿਲੇ ਗੁਰੂ ਸਾਹਿਬਾਨ ਵੱਲੋਂ ਇਕੱਤਰ ਗੁਰਬਾਣੀ ਵਿੱਚ ਹੋਰ ਵਾਧਾ ਕਰਦੇ ਹੋਏ ਆਪਣਾ ਵੀ ਯੋਗਦਾਨ ਪਾਇਆ। ਜਿਸ ਦੇ ਤਹਿਤ 907 ਸ਼ਬਦ 19 ਰਾਗਾਂ ਵਿੱਚ ਦਰਜ ਹਨ।

ਆਪ ਜੀ ਗੋਇੰਦਵਾਲ ਸਾਹਿਬ ਵਿਖੇ 1 ਸਤੰਬਰ 1574 ਨੂੰ 95 ਸਾਲ ਦੀ ਉਮਰ ਵਿੱਚ ਜੋਤੀ ਜੋਤ ਸਮਾ ਗਏ। ਚੌਥੇ ਗੁਰੂ ਰਾਮਦਾਸ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਅੰਤਿਕਾ : ਹੇ ਮੇਰੇ ਮਨ ਤੂੰ ਵਿਕਾਰਾਂ ਤੋਂ ਬਚਣ ਲਈ ਸਿਰਫ਼ ਪਰਮਾਤਮਾ ਦਾ ਨਾਮ ਜਪਿਆ ਕਰ। ਇਹ ਨਾਮ ਖ਼ਜ਼ਾਨਾ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ ਤਾਂ ਉਤਨਾ ਚਿਰ ਮਨੁੱਖ ਜੋ ਕੁਝ ਕਰਦਾ ਹੈ, ਸਭ ਕੁਝ ਵਿਕਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਇਹ ਸੰਸਾਰ ਤੀਰਥ ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿੱਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਇਸ ਸੱਚਾਈ ਨੂੰ ਸਮਝਦਾ ਹੈ।

ਜੋ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੋ ਕਾਮਵਾਸ਼ਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ ਤਾਂ ਭੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿੱਚ ਹਉਮੈ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ ਤਾਂ ਮਨ ਦੀ ਬ੍ਰਿਤੀ ਸੰਸਾਰ ਵੱਲੋਂ ਉਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ ਜੋ ਬਿਆਨ ਨਹੀਂ ਕੀਤਾ ਜਾ ਸਕਦੀ।

ਨਾਨਕ ਕਹਿੰਦਾ ਹੈ -ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ ਤੇ ਫ਼ਿਰ ਗੁਰੂ ਦੇ ਸ਼ਬਦ ਨਾਲ ਜੁੜ ਕੇ ਆਤਮਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। ਅੰਗ 588 ਵਡਹੰਸ ਮਹਲਾ 3, ਘਰ 1.






# ਵਾਤਾਵਰਣ ਦੀ ਸੰਭਾਲ ਲਈ ਯੋਗ ਉਪਰਾਲੇ ਜ਼ਰੂਰੀ



ਬਦਕਿਸਮਤੀ ਨਾਲ, ਮਨੁੱਖਾਂ ਨੇ ਧਰਤੀ ਦੀ ਬਹੁਤ ਚੰਗੀ ਦੇਖਭਾਲ ਨਹੀਂ ਕੀਤੀ ਹੈ। ਅਸੀਂ ਸਾਰਿਆਂ ਨੇ ਇਸ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਪਹੁੰਚਾਇਆ ਹੈ। ਆਪਣੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਰੱਖਿਆ ਅਤੇ ਗ੍ਰਹਿ ਨੂੰ ਸੁਰੱਖਿਅਤ ਰੱਖਣ ਲਈ, ਸਾਨੂੰ ਸਾਰਿਆਂ ਨੂੰ ਇੱਕ ਸਾਫ਼-ਸੁਥਰੀ ਜੀਵਨ ਸ਼ੈਲੀ ਵੱਲ ਸਰਗਰਮ ਕਦਮ ਚੁੱਕਣ ਦੀ ਲੋੜ ਹੈ, ਭਾਵੇਂ ਇਹ ਗੈਸ ਹੋਵੇ, ਭੋਜਨ ਹੋਵੇ, ਕੱਪੜੇ, ਕਾਰਾਂ, ਫਰਨੀਚਰ, ਪਾਣੀ, ਖਿਡੌਣੇ, ਇਲੈਕਟ੍ਰੋਨਿਕਸ ਜਾਂ ਹੋਰ ਸਮਾਨ, ਅਸੀਂ ਸਾਰੇ ਇਸ ਦੀ ਵਰਤੋਂ ਕਰ ਰਹੇ ਹਾਂ। ਤੁਹਾਨੂੰ ਇਹਨਾਂ ਚੀਜ਼ਾਂ ਦੀ ਵਰਤੋਂ ਬੰਦ ਕਰਨ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਆਪਣੀਆਂ ਆਦਤਾਂ ਨੂੰ ਬਦਲਣਾ ਪਵੇਗਾ ਅਤੇ ਉਹਨਾਂ ਦੀ ਵਰਤੋਂ ਉਦੋਂ ਹੀ ਕਰਨੀ ਚਾਹੀਦੀ ਹੈ ਜਦੋਂ ਬਿਲਕੁਲ ਜ਼ਰੂਰੀ ਹੋਵੇ। ਨਾਲ ਹੀ ਸਾਨੂੰ ਅਜਿਹੀਆਂ ਚੀਜ਼ਾਂ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਸਾਡੀ ਧਰਤੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

**ਮੁੜ ਵਰਤੋਯੋਗ ਬੈਗਾਂ ਦੀ ਵਰਤੋ ਕਰੋ**

ਪਲਾਸਟਿਕ ਦੇ ਕਰਿਆਨੇ ਦੇ ਥੈਲੇ ਵੀ ਇੱਕ ਵਾਰ ਵਰਤੋਂ ਤੋਂ ਬਾਅਦ ਸੁੱਟ ਦਿੱਤੇ ਜਾਂਦੇ ਹਨ, ਜਿਸ ਨਾਲ ਵਾਤਾਵਰਣ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਹੁੰਦਾ ਹੈ। ਭੋਜਨ ਦੀ ਖੋਜ ਕਰਨ ਵਾਲੇ ਜਾਨਵਰ ਪਲਾਸਟਿਕ ਨੂੰ ਭੋਜਨ ਸਮਝ ਕੇ ਖਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਨਾਲ ਹੀ, ਪਲਾਸਟਿਕ ਨੂੰ ਸੜਨ ਲਈ ਲੰਬਾ ਸਮਾਂ ਲੱਗਦਾ ਹੈ। ਜਦੋਂ ਵੀ ਤੁਸੀਂ ਖਰੀਦਦਾਰੀ ਕਰਨ ਜਾਂਦੇ ਹੋ, ਹਮੇਸ਼ਾ ਆਪਣੇ ਨਾਲ ਦੁਬਾਰਾ ਵਰਤੋਂ ਯੋਗ ਬੈਗ ਰੱਖੋ।

**ਸਿਰਫ਼ ਲੋੜ ਪੈਣ 'ਤੇ ਹੀ ਪ੍ਰਿੰਟਆਊਟ ਲਵੋ**

ਅਸੀਂ ਉਨ੍ਹਾਂ ਚੀਜ਼ਾਂ ਦੇ ਪ੍ਰਿੰਟਆਊਟ ਲੈਣਾ ਪਸੰਦ ਕਰਦੇ ਹਾਂ, ਜੋ ਕੁਝ ਸਮੇਂ ਲਈ ਲਾਭਦਾਇਕ ਹੁੰਦੀਆਂ ਹਨ ਅਤੇ ਫਿਰ ਬੇਕਾਰ ਹੋ ਜਾਂਦੀਆਂ ਹਨ। ਇਸ ਕਾਰਨ ਕਾਗਜ਼ਾਂ ਦੀ ਬਹੁਤ ਜ਼ਿਆਦਾ ਬਰਬਾਦੀ ਹੁੰਦੀ ਹੈ। ਕਾਗਜ਼ ਬਰਬਾਦ ਕਰਨ ਦੀ ਬਜਾਏ, ਜਦੋਂ ਬਿਲਕੁਲ ਜ਼ਰੂਰੀ ਹੋਵੇ ਤਾਂ ਹੀ ਪ੍ਰਿੰਟਆਊਟ ਲੈਣਾ ਬਿਹਤਰ ਹੈ।

**ਮੁੜ ਵਰਤੋਯੋਗ ਕੰਟੇਨਰਾਂ ਦੀ ਵਰਤੋਂ ਕਰੋ**

ਇੱਕ ਬੋਤਲ ਜਾਂ ਕੰਟੇਨਰ ਦੀ ਵਰਤੋਂ ਕਰੋ ਜਿਸਨੂੰ ਕਈ ਵਾਰ ਧੋਇਆ ਅਤੇ ਦੁਬਾਰਾ ਵਰਤਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਬਾਜ਼ਾਰ ਵਿੱਚ ਉਪਲਬਧ ਪਲਾਸਟਿਕ ਦੀਆਂ ਬੋਤਲਾਂ ਦੀ ਬਜਾਏ, ਆਪਣੀ ਖੁਦ ਦੀ ਬੋਤਲ ਲੈ ਕੇ ਜਾਓ ਅਤੇ ਵਾਰ-ਵਾਰ ਪਾਣੀ ਨਾਲ ਭਰੋ।



**ਬਿਜਲੀ ਬਚਾਓ**

ਆਮ ਤੌਰ 'ਤੇ ਵਰਤੇ ਜਾਂਦੇ ਬਲਬਾਂ ਨੂੰ ਊਰਜਾ-ਕੁਸ਼ਲ ਲਾਈਟ ਬਲਬਾਂ ਨਾਲ ਬਦਲੋ। ਇਹ ਲੰਬੇ ਸਮੇਂ ਤੱਕ ਚੱਲਦੇ ਹਨ। ਜਦੋਂ ਤੁਸੀਂ ਟੀਵੀ, ਲਾਈਟਾਂ ਜਾਂ ਹੋਰ ਇਲੈਕਟ੍ਰਾਨਿਕ ਚੀਜ਼ਾਂ ਦੀ ਵਰਤੋਂ ਨਹੀਂ ਕਰ ਰਹੇ ਹੋ, ਤਾਂ ਉਹਨਾਂ ਨੂੰ ਬੰਦ ਕਰ ਦਿਓ।

**ਪਾਣੀ ਬਚਾਓ**

ਅਸੀਂ ਬਹੁਤ ਸਾਰਾ ਪਾਣੀ ਵੀ ਬਰਬਾਦ ਕਰਦੇ ਹਾਂ। ਜਦੋਂ ਤੁਸੀਂ ਆਪਣੇ ਦੰਦ ਬੁਰਸ਼ ਕਰ ਰਹੇ ਹੋ, ਤਾਂ ਪਾਣੀ ਦੀ ਟੂਟੀ ਬੰਦ ਕਰ ਦਿਓ। ਜਦੋਂ ਤੱਕ ਤੁਸੀਂ ਨਹਾਉਣ ਲਈ ਤਿਆਰ ਨਹੀਂ ਹੋ ਜਾਂਦੇ, ਉਦੋਂ ਤੱਕ ਸ਼ਾਵਰ ਨਾ ਚਲਾਓ। ਬਰਤਨ ਧੋਣ ਵੇਲੇ ਪਾਣੀ ਦੀ ਬਰਬਾਦੀ ਨਾ ਕਰੋ।

**ਕਾਰ ਦੀ ਵਰਤੋਂ ਘੱਟ ਤੋਂ ਘੱਟ ਕਰੋ**

ਵਾਹਨ ਵਾਤਾਵਰਨ ਲਈ ਹਾਨੀਕਾਰਕ ਹਨ। ਜਨਤਕ ਆਵਾਜਾਈ, ਪੈਦਲ, ਜਾਂ ਸਾਈਕਲ ਚਲਾਉਣਾ ਬਿਹਤਰ ਵਿਕਲਪ ਹਨ ਜੋ ਵਾਤਾਵਰਣ ਦੇ ਨਾਲ-ਨਾਲ ਤੁਹਾਡੇ ਬਜਟ ਵਿੱਚ ਵੀ ਮਦਦ ਕਰਦੇ ਹਨ। ਇਸ ਤੋਂ ਇਲਾਵਾ ਤੁਹਾਨੂੰ ਵਰਕਆਊਟ ਵੀ ਮਿਲਦਾ ਹੈ। ਇਸ ਤੋਂ ਇਲਾਵਾ ਤੁਸੀਂ ਕਾਰ ਪੂਲ ਦੀ ਵਰਤੋਂ ਵੀ ਕਰ ਸਕਦੇ ਹੋ, ਇਸ ਨਾਲ ਪੈਟਰੋਲ ਦੀ ਬਚਤ ਹੋਵੇਗੀ ਅਤੇ ਪੈਸੇ ਵੀ ਘੱਟ ਹੋਣਗੇ।

**ਸ਼ਾਕਾਹਾਰੀ ਖਾਓ**

ਆਪਣੀ ਖੁਰਾਕ ਵਿੱਚੋਂ ਮੀਟ, ਮੱਛੀ ਜਾਂ ਡੇਅਰੀ ਉਤਪਾਦਾਂ ਨੂੰ ਹਟਾਓ। ਅਜਿਹਾ ਕਰਨ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਅਤੇ ਊਰਜਾ ਦੀ ਖਪਤ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਇਸ ਤੋਂ ਇਲਾਵਾ, ਤੁਸੀਂ ਦੁਬਾਰਾ ਵਰਤੋਂ ਯੋਗ ਮਾਸਕ ਦੀ ਵਰਤੋਂ ਕਰ ਸਕਦੇ ਹੋ। ਡਿਸਪੋਜ਼ੇਬਲ ਮਾਸਕ ਦੀ ਬਹੁਤ ਜ਼ਿਆਦਾ ਬਰਬਾਦੀ ਹੁੰਦੀ ਹੈ, ਕਿਉਂਕਿ ਇਨ੍ਹਾਂ ਨੂੰ ਇੱਕ ਵਾਰ ਪਹਿਨ ਕੇ ਸੁੱਟ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ ਇਸ ਦਾ ਅਸਰ ਜੰਗਲੀ ਜੀਵ ਜੰਤੂਆਂ 'ਤੇ ਵੀ ਪੈ ਰਿਹਾ ਹੈ।

# ਗੰਭੀਰ ਸਮੱਸਿਆ ਬਣਿਆ ਵਾਤਾਵਰਣ ਪ੍ਰਦੂਸ਼ਣ



ਅਮਰੀਕਾ ਦੀ ਮਸ਼ਹੂਰ ਭੂਗੋਲਕਾਰ ਮਿਸ ਸੇਮਪਲ ਅਨੁਸਾਰ 'ਮਨੁੱਖ ਆਪਣੇ ਵਾਤਾਵਰਣ ਦਾ ਮੂਲ ਹੈ'। ਵਾਤਾਵਰਣ ਦਾ ਅਰਥ ਹੈ ਸਾਡੇ ਆਲੇ ਦੁਆਲੇ ਮੌਜੂਦ ਜੀਵਿਤ ਅਤੇ ਨਿਰਜੀਵ ਤੱਤਾਂ ਦਾ ਢੱਕਣ, ਜੋ ਸਾਡੇ ਆਲੇ ਦੁਆਲੇ ਹਨ ਜਿਵੇਂ ਕਿ ਜਾਨਵਰ, ਪਾਣੀ, ਪੌਦੇ, ਜ਼ਮੀਨ ਅਤੇ ਹਵਾ, ਜੋ ਕੁਦਰਤ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਪੁਰਾਣੇ ਸਮਿਆਂ ਵਿੱਚ ਵਾਤਾਵਰਣ ਪ੍ਰਦੂਸ਼ਣ ਵਰਗੀ ਕੋਈ ਸਮੱਸਿਆ ਨਹੀਂ ਸੀ। ਪਰ ਅੱਜ ਵਿਕਾਸ ਦੇ ਨਾਂਅ 'ਤੇ ਵਿਗਿਆਨ ਅਤੇ ਤਕਨਾਲੋਜੀ ਦੀ ਵੱਧ ਰਹੀ ਵਰਤੋਂ ਦੇ ਸਿੱਟੇ ਵਜੋਂ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਜਿਸ ਕਾਰਨ ਨਾ ਸਿਰਫ਼ ਸਾਡਾ ਵਰਤਮਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ, ਸਗੋਂ ਸਾਡਾ ਭਵਿੱਖ ਵੀ ਸੰਕਟ ਵਿੱਚ ਹੈ।

ਅੱਜ ਦੁਨੀਆਂ ਦੇ ਸਾਰੇ ਦੇਸ਼ ਵਿਕਾਸ ਅਤੇ ਤਾਕਤਵਰ ਬਣਨ ਦੀ ਦੌੜ ਵਿੱਚ ਸ਼ਾਮਲ ਹੋ ਗਏ ਹਨ ਅਤੇ ਐਟਮ ਬੰਬ ਅਤੇ ਹਾਈਡ੍ਰੋਜਨ ਬੰਬ ਵਰਗੀਆਂ ਸ਼ਕਤੀਆਂ ਪੈਦਾ ਕਰ ਲਈਆਂ ਹਨ, ਜੋ ਕਿਸੇ ਇੱਕ ਦੇਸ਼ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆਂ ਨੂੰ ਤਬਾਹ ਕਰਨ ਦੀ ਤਾਕਤ ਰੱਖਦੀਆਂ ਹਨ। ਇੰਨਾ ਹੀ ਨਹੀਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤ ਦੀ ਸੰਪੱਤੀ ਨੂੰ ਨਸ਼ਟ ਕਰ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਅੱਜ ਕੁਦਰਤ ਦਾ ਅਨਮੋਲ ਖਜ਼ਾਨਾ ਅਲੋਪ ਹੋਣ ਦੇ ਕੰਢੇ ਹੈ। ਜੋ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰੇ ਦੀ ਨਿਸ਼ਾਨੀ ਹੈ।

ਵਿਕਾਸ ਦੀ ਦੌੜ ਵਿੱਚ ਵਾਤਾਵਰਣ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਦੇ ਲਈ ਮਨੁੱਖੀ ਸਮਾਜ ਨੂੰ ਵਾਤਾਵਰਣ ਦੀ ਰੱਖਿਆ ਅਤੇ ਸੰਵਾਰਨ ਦੀ ਲੋੜ ਹੈ। ਇਹ ਭਵਿੱਖ ਵਿੱਚ ਵਾਤਾਵਰਣ ਸੰਕਟ ਨੂੰ ਘਟਾ ਸਕਦਾ ਹੈ।

ਪਰ ਦੁੱਖ ਦੀ ਗੱਲ ਹੈ ਕਿ ਮਨੁੱਖ ਵਿਕਾਸ ਦੇ ਨਾਂ 'ਤੇ ਜੰਗਲਾਂ ਅਤੇ ਰੁੱਖਾਂ ਦੀ ਕਟਾਈ ਕਰ ਰਿਹਾ ਹੈ। ਜਿਸ ਕਾਰਨ ਹਵਾ ਪ੍ਰਦੂਸ਼ਣ, ਘੱਟ ਵਰਖਾ, ਉਪਜਾਊ ਜ਼ਮੀਨਾਂ ਦਾ ਬੰਜਰ ਹੋਣਾ ਵਰਗੀਆਂ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਆਧੁਨਿਕ ਟੈਕਨਾਲੋਜੀ ਦੀ ਮਦਦ ਨਾਲ ਮਨੁੱਖ ਨੇ ਮੋਟਰ ਵਾਹਨ ਤਾਂ ਬਣਾਏ ਹਨ ਪਰ ਇਸ ਦੇ ਨਾਲ ਹੀ ਆਵਾਜ਼ ਪ੍ਰਦੂਸ਼ਣ ਵੀ ਵਧ ਰਿਹਾ ਹੈ ਅਤੇ ਲੋਕ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਵਿਕਾਸ ਦੇ ਚੱਕਰ ਵਿੱਚ ਲੋਕ ਇਹ ਭੁੱਲਦੇ ਜਾ ਰਹੇ ਹਨ ਕਿ ਸਾਡਾ ਜੀਵਨ ਕੁਦਰਤ ਦੀ ਦੇਣ ਹੈ, ਜੇਕਰ ਧਰਤੀ 'ਤੇ ਜੀਵਨ ਹੈ ਤਾਂ ਵਾਤਾਵਰਨ ਦੀ ਮੌਜੂਦਗੀ ਕਾਰਨ ਹੀ ਹੈ।

ਵਾਤਾਵਰਣ ਪ੍ਰਦੂਸ਼ਣ ਅੱਜ ਏਨਾ ਵਿਨਾਸ਼ਕਾਰੀ ਰੂਪ ਲੈ ਚੁੱਕਾ ਹੈ ਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਨੂੰ ਜਲਦੀ ਖ਼ਤਮ ਨਾ ਕੀਤਾ ਗਿਆ ਤਾਂ ਸਮੁੱਚੀ ਮਨੁੱਖ ਜਾਤੀ ਦੀ ਹੋਂਦ ਖ਼ਤਰੇ ਵਿੱਚ ਪੈ ਸਕਦੀ ਹੈ। ਅੱਜ ਦੁਨੀਆ ਦੀਆਂ ਸਾਰੀਆਂ ਮਹਾਸ਼ਕਤੀਆਂ ਇਸ ਸਮੱਸਿਆ ਤੋਂ ਬਚਣ ਬਾਰੇ ਸੋਚ ਰਹੀਆਂ ਹਨ। ਮਨੁੱਖਤਾ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਵਾਤਾਵਰਣ ਪ੍ਰਦੂਸ਼ਣ ਦੀ ਸਮੱਸਿਆ ਨੂੰ ਸਮਝੀਏ ਅਤੇ ਇਸ ਨੂੰ ਘਟਾਉਣ ਲਈ ਯਤਨ ਕਰੀਏ, ਇਹ ਸਮੇਂ ਦੀ ਲੋੜ ਹੈ ਅਤੇ ਮਨੁੱਖਤਾ ਦੀ ਹੋਂਦ ਨੂੰ ਬਚਾਉਣ ਦਾ ਇੱਕੋ ਇੱਕ ਵਿਕਲਪ ਵੀ ਹੈ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਨਸੀਹਤ'



## ਜਗਦੀਸ਼ ਕੌਰ ਮਾਨ

ਪਿਛਲੇ ਦੋ ਦਿਨਾਂ ਤੋਂ ਉਹ ਪਤੀ ਨੂੰ ਆਪਣੀਆਂ ਦਲੀਲਾਂ ਨਾਲ ਕਾਇਲ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਪਰ ਉਹ ਉਸ ਗੱਲ 'ਤੇ ਨਹੀਂ ਆ ਰਿਹਾ ਸੀ। ਆਪਣੀ ਦਲੀਲ ਨੂੰ ਸਹੀ ਸਿੱਧ ਕਰਨ ਲਈ ਦੀਪੋ ਨੇ ਦੁਨੀਆਂ ਭਰ ਦੀਆਂ ਉਦਾਹਰਣਾਂ ਦੇ ਦਿੱਤੀਆਂ ਸਨ। ਪਤੀ ਵਿਚਾਰਾ ਦੁਚਿੱਤੀ ਵਿਚ ਸੀ ਕਿ ਉਹ ਕੀ ਕਰੇ ਤੇ ਕੀ ਨਾ ਕਰੇ। ਉਸਦੇ ਅੰਦਰਲਾ ਆਤਮਾ ਰਾਮ ਹਾਂ ਪੱਖੀ ਹੁੰਗਾਰਾ ਭਰਨ ਲਈ ਤਿਆਰ ਨਹੀਂ ਸੀ ਹੋ ਰਿਹਾ। ਦੂਜੇ ਪਾਸੇ ਤੀਵੀਂ ਦਾ ਤ੍ਰੀਆ ਹਠ ਨਾਂਹ ਕਹਿਣ ਵਿੱਚ ਵਿਘਨ ਪਾ ਰਿਹਾ ਸੀ। ਪਤੀ ਦਾ ਮੂਡ ਤਾੜਦੀ ਹੋਈ ਉਹ ਬੋਲੀ,'ਹੁਣ ਫਿਰ ਕੀ ਸਲਾਹ ਏ ?' ਉਸਦੇ ਕੰਨ 'ਹਾਂ' ਸੁਣਨ ਲਈ ਕਾਹਲੇ ਪੈ ਰਹੇ ਸਨ। ਥੋੜ੍ਹਾ ਚਿਰ ਹੋਰ ਸੋਚ ਕੇ ਉਹ ਬੋਲਿਆ,'ਮੈਂ ਕਹਿੰਨਾਂ ਤੂੰ ਜਾਣ ਦੇ, ਕਿਸੇ ਦੇ ਮਗਰ ਲੱਗਣ ਨੂੰ, ਜੇ ਐਂ ਮੁੰਡੇ ਹੋਣ ਲੱਗਣ ਤਾਂ ਕੁੜੀਆਂ ਵਿਚਾਰੀਆਂ ਨੂੰ ਤਾਂ ਪੂਰੇ ਦੇਸ਼ ਵਿੱਚ ਕੋਈ ਜੰਮਣ ਈਂ ਨਾ ਦੇਵੇ, ਪਹਿਲਾਂ ਵੀ ਤੂੰ ਇਹੋ ਜਿਹਾ ਬਥੇਰਾ ਕੁਸ਼ ਕਰ ਕੇ ਦੇਖਿਆ ਹੋਇਐ।'

'ਉਦੋਂ ਗੱਲ ਹੋਰ ਸੀ, ਮਸਾਂ ਮਸਾਂ ਤਾਂ ਕੋਈ ਤਸੱਲੀ ਵਾਲਾ ਮੌਕਾ ਹੱਥ ਲੱਗਿਐ, ਉਹ ਜਿਹੜੀ ਪੂਰੀਆਂ ਪੰਜਾਹ ਤੀਵੀਆਂ ਗਿਣਾ ਕੇ ਗਈ ਐ ਉਹ ਕਿਤੇ ਕਮਲੀ ਐ, ਉਹ ਕਹਿੰਦੀ ਸੀ ਦਵਾਈ ਸ਼ਰਤੀਆ ਏ ਤੇ ਸਾਰੀਆਂ ਉਥੋਂ ਦਵਾਈ ਲੈ ਕੇ ਈ ਪੁੱਤਾਂ ਦੀਆਂ ਮਾਵਾਂ ਬਣੀਆਂ ਨੇ।'

'ਮੈਨੂੰ ਸਮਝ ਨੀਂ ਆਉਦੀ ਤੈਨੂੰ ਕਿਉ ਵਾਰ-ਵਾਰ ਪੁੱਤ ਦੀ ਘਾਟ ਮਹਿਸੂਸ ਹੋ ਰਹੀ ਐ, ਮੈਨੂੰ ਤਾਂ ਬਈ ਮੇਰੀਆਂ ਧੀਆਂ ਪੁੱਤਾਂ ਨਾਲੋਂ ਵੱਧ ਪਿਆਰੀਆਂ ਨੇ, ਤੂੰ ਪਤਾ ਨਹੀਂ ਕਿਉ ਹਰ ਵਕਤ ਮੁੰਡਾ-ਮੁੰਡਾ ਕਰਦੀ ਰਹਿੰਨੀ ਏਂ ?'

'ਲੈ ਮੈਂ ਕਿਤੇ 'ਕੱਲੀ ਇਉ ਸੋਚਦੀ ਆਂ, ਹਰ ਤੀਵੀਂ ਵਿੱਚ ਪੁੱਤ ਦੀ ਮਾਂ ਬਣਨ ਦੀ ਨਾ ਰੋਕੀ ਜਾ ਸਕਣ ਵਾਲੀ ਖ਼ਾਹਿਸ਼ ਹੁੰਦੀ ਐ, ਐਵੇਂ ਤਾਂ ਨ੍ਹੀਂ ਕਹਾਵਤ ਬਣੀ ਅਖੇ ਨੌਂ ਮਹੀਨੇ ਤਕ ਹਰ ਗਰਭਵਤੀ ਔਰਤ ਪੁੱਤ ਦੀ ਮਾਂ ਹੁੰਦੀ ਐ, ਦੂਜੀ ਗੱਲ ਚਹੁੰ ਦਿਨਾਂ ਨੂੰ ਬਿਗਾਨੇ ਪੁੱਤ ਜ਼ਮੀਨ ਜਾਇਦਾਦ ਪਿੱਛੇ ਡਹਿ-ਡਹਿ ਮਰਨਗੇ ਫੇਰ ਚੰਗੇ ਰਹੋਂਗੇ ?'

'ਬੱਲੇ ਬੱਲੇ! ਅੰਤ ਕੀ ਐ, ਹੇਠੋਂ ਉਤੋਂ ਚਾਰ ਸਿਆੜ ਨੇ, ਏਥੇ ਕਿਹੜਾ ਬਹੁਤ ਮੁਰੱਬੇ ਰੁਲਦੇ ਫਿਰਦੇ ਨੇ ਬਈ ਵੰਡ ਵੰਡਾਈ ਮੌਕੇ ਰੌਲਾ ਪੈ ਜੂਗਾ, ਇਹ ਵੀ ਨੀਂ ਵਸਾਹ ਬੱਚੀਆਂ ਦੀ ਪੜ੍ਹਾਈ ਤੇ ਇਨ੍ਹਾਂ ਦੇ ਵਿਆਹ ਸ਼ਾਦੀਆਂ ਮੌਕੇ ਆਹ ਜਿਹੜੇ ਚਾਰ ਕੁ ਸਿਆੜ ਨੇ ਇਹ ਵੀ ਬਿਲੇ ਲੱਗ ਜਾਣ।'

'ਭਾਵੇਂ ਇੱਕ ਸਿਆੜ ਈ ਕਿਉ ਨਾ ਹੋਵੇ, ਜੱਟਾਂ ਦੀ ਜ਼ਿੱਦ ਦਾ ਤਾਂ ਤੁਹਾਨੂੰ ਪਤਾ ਏ ਨਾ, ਕਿਵੇਂ ਖੇਤ ਦੀ ਮਾੜੀ ਜਿਹੀ ਵੱਟ ਪਿੱਛੇ ਡਾਂਗੋ ਡਾਂਗੀ ਹੋ ਜਾਂਦੇ ਨੇ, ਆਪਾਂ ਕਾਹਨੂੰ ਬਿਗਾਨੇ ਪੁੱਤਾਂ ਦੇ ਸਿਰ ਪੜਵਾਉਣੇ ਨੇ, ਨਾਲੇ ਘਰ ਬਾਰ ਸਾਂਭਣ ਵਾਸਤੇ ਆਪਾਂ ਨੂੰ ਵੀ ਤਾਂ ਕੋਈ ਵਾਰਸ ਚਾਹੀਦੈ, ਤੁਸੀਂ ਮੇਰੇ ਆਖੇ ਲੱਗ ਜਾਵੋ, ਚੰਗੇ ਰਹੋਂਗੇ, ਉਹ ਦੱਸ ਕੇ ਗਈ ਐ ਕਿ ਸੰਤ ਹਰ ਬੁੱਧਵਾਰ ਨੂੰ ਦਵਾਈ ਦਿੰਦੇ ਨੇ, ਪੈਸੇ ਵੀ ਉਹ ਸੂਤ ਸਿਰ ਈ ਲੈਂਦੇ ਨੇ ਤਾਂ ਕਿ ਗ਼ਰੀਬ ਤੋਂ ਗ਼ਰੀਬ ਬੰਦਾ ਵੀ ਦਵਾਈ ਤੋਂ ਵਾਂਝਾ ਨਾ ਰਹਿ ਜਾਵੇ।

ਦੀਪੋ ਦੇ ਤਾਏ ਦੀ ਧੀ ਜੈਬੋ ਉਸ ਨੂੰ ਅਚਾਨਕ ਹੀ ਮਿਲਣ ਆ ਗਈ ਸੀ। ਦੋਵੇਂ ਚਚੇਰੀਆਂ ਭੈਣਾਂ ਜਦੋਂ ਦੀਆਂ ਵਿਆਹੀਆਂ ਸਨ ਕਦੇ ਇੱਕ ਦੂਜੀ ਦੇ ਸਹੁਰੇ ਪਿੰਡ ਗਈਆਂ ਹੀ ਨਹੀਂ ਸਨ ਹੁਣ ਵੀ ਉਨ੍ਹਾਂ ਦੇ ਲਾਗਲੇ ਪਿੰਡ ਨਵੀਂ ਵਿਆਹੀ ਨਣਦ ਨੂੰ ਜੈਬੋ ਸਿੰਧਾਰਾ ਦੇਣ ਆਈ ਸੀ। ਉਸ ਦਾ ਨੇੜੇ ਆ ਕੇ ਮਿਲੇ ਬਗੈਰ ਮੁੜਨ ਨੂੰ ਜੀਅ ਨਾ ਕੀਤਾ। ਉਸਨੇ ਸੋਚਿਆ, ਮਿਲ ਹੀ ਜਾਵਾਂ, ਹੁਣ ਤਾਂ ਸਬੱਬ ਨਾਲ ਆਈ ਹੋਈ ਆਂ, ਨਹੀਂ ਤਾਂ ਘਰਾਂ ਦੀਆਂ ਕਬੀਲਦਾਰੀਆਂ 'ਚੋਂ ਕਿੱਥੇ ਨਿਕਲ ਹੁੰਦੈ। ਦੋਵੇਂ ਭੈਣਾਂ ਬੜੇ ਚਿਰਾਂ ਬਾਅਦ ਮਿਲੀਆਂ ਸਨ।

ਸਹੇਲੀਆਂ ਵਰਗੀਆਂ ਦੋਵੇਂ ਚਚੇਰੀਆਂ ਭੈਣਾਂ ਦਾ ਚਾਅ ਨਹੀਂ ਸੀ ਚੁੱਕਿਆ ਜਾਂਦਾ। ਚਾਹ ਪਾਣੀ ਪੀ ਕੇ ਉਹ ਆਪਣੇ ਉਹ ਦਿਨ ਯਾਦ ਕਰਨ ਲੱਗ ਪਈਆਂ ਜਦੋਂ ਉਹ ਕੁਆਰੀਆਂ ਹੁੰਦੀਆਂ ਇਕੱਠੀਆਂ ਚਾਦਰਾਂ ਸਿਰਹਾਣੇ ਕੱਢਦੀਆਂ, ਪੱਖੀਆਂ ਤੇ ਨਾਲੇ ਬੁਣਦੀਆਂ, ਚਰਖੇ ਕੱਤਦੀਆਂ, ਦਰੀਆਂ ਬੁਣਦੀਆਂ, ਇਕੱਠੀਆਂ ਤੀਆਂ ਦੇਖਣ ਜਾਂਦੀਆਂ, ਗਿੱਧੇ ਦੇ ਪਿੜ ਵਿੱਚ ਨੱਚਦੀਆਂ ਟੱਪਦੀਆਂ ਦੂਹਰੀਆਂ ਹੋ-ਹੋ ਜਾਂਦੀਆਂ, ਪਿੱਪਲੀਂ ਪਾਈਆਂ ਪੀਂਘਾਂ ਝੂਟਦੀਆਂ। ਕਿੰਨੇ ਖ਼ੁਸ਼ੀ ਭਰੇ ਦਿਨ ਸਨ ਉਹ। ਹੁਣ ਤਾਂ ਕਬੀਲਦਾਰੀ ਦੇ ਜੰਜਾਲਾਂ ਨੇ ਸਭ ਕੁਝ ਭੁਲਾ ਦਿੱਤਾ ਸੀ। ਅੱਜ ਅਤੀਤ ਦੀਆਂ ਯਾਦਾਂ ਤਾਜ਼ਾ ਕਰਦੀਆਂ ਉਹ ਮੁੜ ਕੇ ਬਚਪਨ ਤੇ ਜਵਾਨੀ ਦੇ ਦਿਨਾਂ ਵਿੱਚ ਪਰਤ ਆਈਆਂ ਮਹਿਸੂਸ ਕਰ ਰਹੀਆਂ ਸਨ।

'ਅੱਛਾ! ਇਉ ਦੱਸ, ਤੇਰੇ ਬੱਚੇ ਕਿੰਨੇ ਨੇ ?' ਦੀਪੋ ਨੇ ਜੈਬੋ ਨੂੰ ਪੁੱਛਿਆ।

'ਭੈਣੇ! ਕਿਰਪਾ ਏ ਗੁਰੂ ਦੀ, ਚਾਰ ਕਾਕੇ ਨੇ, ਫੇਰ ਮੈਂ ਬੱਚਿਆਂ ਵਾਲਾ ਪੱਕਾ ਪ੍ਰਬੰਧ (ਅਪਰੇਸ਼ਨ) ਕਰਵਾ ਲਿਆ ਸੀ।'

ਦੀਪੋ ਦੇ ਦਿਲ ਵਿੱਚ ਕਸਕ ਜਿਹੀ ਉੱਠੀ,'ਕਿਸਮਤ ਐ ਆਪੋ ਆਪਣੀ, ਕਿਹੜਾ ਕਿਸੇ ਦੇ ਵੱਸ ਦੀ ਗੱਲ ਐ'। ਅੰਦਰੋਂ ਨਿਕਲਦਾ ਹਾਉਕਾ ਉਹ ਬੜੀ ਸਿਆਣਪ ਨਾਲ ਅੰਦਰੇ ਹੀ ਜੀਰ ਗਈ ਸੀ।

'ਅੱਛਾ! ਭੈਣੇ ਇਉ ਦੱਸ ਬਈ ਤੇਰੇ ਬੱਚੇ ਕਿੰਨੇ ਨੇ ?' ਜੈਬੋ ਨੇ ਦੀਪੋ ਨੂੰ ਕੁਝ ਸੋਚਦਿਆਂ ਦੇਖ ਕੇ ਪੁੱਛਿਆ।

'ਮੇਰੇ ਘਰ ਤਾਂ ਭੈਣੇ! ਰੱਬ ਨੇ ਧੀਆਂ ਦਾ ਛਾਣਾ ਦੇ ਤਾ, ਤਿੰਨ ਕੁੜੀਆਂ ਨੇ।' ਇਸ ਵਾਰ ਉਹ ਅੰਦਰੋਂ ਨਿਕਲਦੇ ਹਾਉਕੇ ਨੂੰ ਰੋਕਣ ਵਿੱਚ ਸਫਲ ਨਾ ਹੋ ਸਕੀ।

'ਕੀ ਗੱਲ ਕੋਈ ਦਵਾਈ ਨਹੀਂ ਸੀ ਲਈ ?' ਜੈਬੋ ਨੇ ਫ਼ਿਕਰਮੰਦ ਹੁੰਦਿਆਂ ਪੁੱਛਿਆ।

'ਪਹਿਲੀ ਧੀ ਦੇ ਜਨਮ ਨੂੰ ਤਾਂ ਅਸੀਂ ਗੌਲਿਆ ਹੀ ਨਹੀਂ ਸੀ ਬਈ ਚੱਲ ਕੋਈ ਨਾ ਪਹਿਲਾ ਬੱਚਾ ਐ, ਸਾਨੂੰ ਤਾਂ ਇਹ ਪੁੱਤਾਂ ਵਰਗੀ ਐ, ਦੂਜੀ ਵਾਰ ਦਵਾਈ ਲਈ ਸੀ, ਤੀਜੀ ਵਾਰ ਵੀ ਬਥੇਰੇ ਪਾਪੜ ਵੇਲੇ ਪਰ ਰੱਬ ਡਾਢੇ ਨੇ ਇਕ ਨੀਂ ਸੁਣੀਂ।'

'ਬੱਸ ਇਹੀ ਘਾਟਾ ਐ ਰਿਸ਼ਤੇਦਾਰੀਆਂ ਵਿੱਚ ਨਾ ਆਉਣ ਜਾਣ ਦਾ, ਦਵਾਈ ਲੈ ਲਈ ਹੋਣੀ ਆਂ ਕਿਸੇ ਕੱਚੇ ਪਿੱਲੇ ਹਕੀਮ ਤੋਂ, ਫੇਰ ਮੁੰਡਾ ਕਿੱਥੇ ਹੋਣਾ ਸੀ, ਸਾਡੇ ਪਿੰਡ ਵਾਲੇ ਸੰਤ ਮੁੰਡਾ ਹੋਣ ਦੀ ਸ਼ਰਤੀਆ ਦਵਾਈ ਦਿੰਦੇ ਨੇ, ਮੈਂ ਪੰਜਾਹ ਤੀਵੀਂਆਂ ਦੇ ਨਾਂ ਗਿਣਾ ਸਕਦੀ ਆਂ ਜਿਨ੍ਹਾਂ 'ਤੇ ਸੰਤਾਂ ਦੀ ਮਿਹਰ ਹੋਈਐ ਅੱਜ ਉਹ ਸਾਰੀਆਂ ਕਈ-ਕਈ ਧੀਆਂ ਤੋਂ ਬਾਅਦ ਪੁੱਤਾਂ ਦੀਆਂ ਮਾਵਾਂ ਬਣੀਆਂ ਹੋਈਆਂ ਨੇ, ਚਲ ਕੋਈ ਨਾ, ਇਨ੍ਹਾਂ ਵਿਚਾਰੀਆਂ ਜਵਾਕੜੀਆਂ ਨੇ ਆਵਦੇ ਕਰਮ ਖਾਣੇ ਆਂ, ਫੇਰ ਵੀ ਤੂੰ ਸਿਆਣੀ ਏਂ, ਖਾਨਦਾਨਾਂ ਦੇ ਨਾਂ ਤਾਂ ਪੁੱਤਾਂ ਨਾਲ ਹੀ ਚੱਲਦੇ ਨੇ, ਮੈਂ ਤਾਂ ਕਹਿੰਨੀ ਆਂ ਤੁਸੀਂ ਇਕ ਚਾਂਸ ਹੋਰ ਲੈ ਕੇ ਦੇਖੋ ਸੰਤਾਂ ਤੋਂ ਦਵਾਈ ਲੈ ਕੇ, ਭਾਵੇਂ ਜੀਜੇ ਨੂੰ 'ਕੱਲੇ ਨੂੰ ਈਂ ਭੇਜ ਦੇਈਂ, ਦਵਾਈ ਲੈ ਕੇ ਦੇਣ ਦਾ ਜ਼ਿੰਮਾ ਮੇਰਾ ਰਿਹਾ, ਭੁੱਲੀਂ ਨਾ, ਬੁੱਧਵਾਰ ਨੂੰ ਭੇਜ ਦੇਈਂ ਚੇਤੇ ਨਾਲ, ਦੇਖ ਲਵੀਂ ਰੱਬ ਤੇਰੇ 'ਤੇ ਜ਼ਰੂਰ ਮਿਹਰ ਕਰੇਗਾ।

'ਚੰਗਾ! ਦੇਖ ਲਾਂਗੀ ਪੁੱਛ ਕੇ ਜੇ ਮੰਨਿਆ ਤਾਂ, ਹੈ ਤਾਂ ਇਹ ਬੰਦਾ ਜ਼ਿੱਦੀ ਜਿਹਾ ਈ।'

'ਲੈ ਹੈ ਕਮਲੀ! ਮੰਨੇਂਗਾ ਕਿਉ ਨਹੀਂ, ਪੁੱਤਾਂ ਦੀ ਖ਼ਾਹਿਸ਼ ਤਾਂ ਮਰਦਾਂ ਨੂੰ ਵੀ ਓਨੀ ਹੀ ਹੁੰਦੀ ਐ ਜਿੰਨੀ ਆਪਾਂ ਤੀਵੀਂਆਂ ਨੂੰ, ਤੂੰ ਗੱਲ ਕਰ ਬਈ ਆਪਾਂ ਆਵਦਾ ਗੁੱਭ ਗੁਭਾਟ ਰੋ ਕੇ ਜਾਂ ਗੱਲਾਂ ਕਰ ਕੇ ਕੱਢ ਲੈਨੀਆਂ ਉਹ ਵਿਚਾਰੇ ਅੰਦਰੋ ਅੰਦਰੀ ਤਪਦੇ ਖਪਦੇ ਰਹਿੰਦੇ ਨੇ। ਦੂਜੇ ਦਿਨ ਸਵੇਰੇ ਸਾਝਰੇ ਹੀ ਜੈਬੋ ਤਾਂ ਆਪਣੇ ਪਿੰਡ ਨੂੰ ਚਲੀ ਗਈ ਪਰ ਜਾਂਦੀ ਹੋਈ ਉਨ੍ਹਾਂ ਦੇ ਮਨ ਦੇ ਟਿਕੇ ਪਾਣੀਆਂ 'ਚ ਰੋੜਾ ਮਾਰ ਗਈ। ਉਸੇ ਦਿਨ ਤੋਂ ਦੀਪੋ ਬਲਕਾਰ ਦੇ ਪਿੱਛੇ ਪਈ ਹੋਈ ਸੀ ਕਿ ਆਪਾਂ ਜੈਬੋ ਦੇ ਸਹੁਰਿਆਂ ਤੋਂ ਦਵਾਈ ਲੈ ਕੇ ਇਕ ਚਾਂਸ ਹੋਰ ਦੇਖ ਲਈਏ। ਮਿੰਨਤਾਂ ਤਰਲੇ ਕਰ ਕੇ ਤੇ ਔਰਤਾਂ ਦਾ ਸਭ ਤੋਂ ਵੱਡਾ ਹਥਿਆਰ ਅੱਥਰੂ ਵਹਾ ਕੇ ਉਹ ਬਲਕਾਰ ਨੂੰ ਮਨਾਉਣ 'ਚ ਸਫਲ ਹੋ ਗਈ ਸੀ। ਜਦੋਂ ਪਤੀ ਨੇ ਦਵਾਈ ਲਿਆਉਣ ਵਾਸਤੇ ਹਾਂ ਕਰ ਦਿੱਤੀ ਤਾਂ ਉਸਦੀ ਖ਼ੁਸ਼ੀ ਦਾ ਕੋਈ ਟਿਕਾਣਾ ਹੀ ਨਹੀਂ ਸੀ ਰਿਹਾ। ਉਸ ਦੀ ਕਲਪਨਾ ਉਸ ਨੂੰ ਪੰਘੂੜੇ ਵਿਚ ਪਿਆ ਸੋਹਣਾ ਜਿਹਾ ਕਾਕਾ ਵਿਖਾਉਣ ਲੱਗ ਪਈ ਜਿਸ ਨੂੰ ਵਾਰੀ-ਵਾਰੀ ਸਾਰਾ ਟੱਬਰ ਖਿਡਾ ਰਿਹਾ ਸੀ। ਉਸ ਦੇ ਲਾਡ ਲਡਾ ਰਿਹਾ ਸੀ। ਉਸ ਨੂੰ ਤਾਂ ਜਿਵੇਂ ਸਾਰੇ ਸੰਸਾਰ ਦੀ ਦੌਲਤ ਮਿਲ ਗਈ ਹੋਵੇ । ਫਿਰ ਉਸਨੂੰ ਪਤਾ ਵੀ ਨਾ ਲੱਗਾ ਮਿੱਠੇ-ਮਿੱਠੇ ਸੁਪਨੇ ਵੇਖਦੀ ਕਦੋਂ ਉਹ ਸੁਨਹਿਰੀ ਸੁਪਨਮਈ ਸੰਸਾਰ ਵਿੱਚ ਚਲੀ ਗਈ। ਅੱਧੀ ਕੁ ਰਾਤ ਨੂੰ ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਜ਼ੋਰ-ਜ਼ੋਰ ਨਾਲ ਦਰਵਾਜ਼ਾ ਖੜਕਾ ਰਿਹਾ ਹੋਵੇ। ਉਹ ਸੁੱਤ ਨੀਂਦਰੀ ਜਿਹੀ ਅੱਭੜਵਾਹੇ ਉੱਠ ਕੇ ਬੈਠ ਗਈ। ਬੂਹਾ ਫਿਰ ਖੜਕਿਆ। ਉਸਨੇ ਪੈਰੀਂ ਚੱਪਲ ਪਾਈ ਤੇ ਅੰਦਰੋਂ ਹੀ ਪੁੱਛਿਆ,'ਕੌਣ ਐਂ ਭਾਈ ?'

'ਚਾਚੀ! ਮੈਂ ਆਂ ਨਰਿੰਦਰ, ਬੂਹਾ ਖੋਲ੍ਹ।'

'ਵੇ ਨਰਿੰਦਰਾ! ਐਸ ਵੇਲੇ ? ਸੁੱਖ ਤਾਂ ਹੈ ?' ਉਸਨੇ ਹੈਰਾਨ ਹੋ ਕੇ ਪੁੱਛਿਆ।

'ਸੁੱਖ ਕਿੱਥੇ ਚਾਚੀ! ਬਾਪੂ ਬਾਹਲਾ ਢਿੱਲੈ, ਮੈਂ ਤਾਂ ਚਾਚੇ ਨੂੰ ਲੈਣ ਆਇਆਂ।' ਨਰਿੰਦਰ ਨੇ ਆਪਣੇ ਆਉਣ ਦਾ ਮਕਸਦ ਦੱਸਿਆ।

'ਤੇਰਾ ਚਾਚਾ ਸੁੱਤਾ ਪਿਐ, ਠਹਿਰ ਮੈਂ ਜਗਾਉਦੀ ਆਂ।'

ਬੋਲ ਬੁਲਾਰਾ ਸੁਣ ਕੇ ਬਲਕਾਰ ਸਿੰਘ ਦੀ ਵੀ ਅੱਖ ਖੁੱਲ੍ਹ ਗਈ ਸੀ। ਉਸਨੇ ਪੈਰੀਂ ਜੁੱਤੀ ਪਾਉਦਿਆਂ ਪੁੱਛਿਆ, 'ਕੀ ਗੱਲ ਨਿੰਦਰਾ! ਬਾਈ ਬਾਹਲਾ ਢਿੱਲੈ ?'

'ਹਾਂ ਚਾਚਾ! ਤਾਹੀਓਂ ਤੈਨੂੰ ਲੈਣ ਆਇਐਂ, ਦੋਹਾਂ ਵੱਡੇ ਭਰਾਵਾਂ ਨੂੰ ਤਾਂ ਮੈਂ ਕੱਲ੍ਹ ਪਰਸੋਂ ਦਾ ਫ਼ੋਨ ਕਰੀ ਜਾਨੈਂ ਅਜੇ ਤੱਕ ਕੋਈ ਬਹੁੜਿਆ ਹੀ ਨਹੀਂ, ਮੈਂ ਸੋਚਿਆ ਚਲੋ ਚਾਚੇ ਨੂੰ ਲੈ ਕੇ ਆਉਨੇਂ ਆਂ, ਸਿਆਣਾ ਬੰਦਾ ਏ।'

'ਚੱਲ ਸੇਰਾ! ਜੇ ਇਹੋ ਜਿਹੇ ਵੇਲੇ ਆਂਢੀ ਗੁਆਂਢੀ ਕੰਮ ਨਾ ਆਇਆ ਤਾਂ ਫਿਰ ਕਦੋਂ ਆਵੇਗਾ! ਚੱਲ ਤੁਰ।ਗੱਲਾਂ ਕਰਦੇ ਉਹ ਗੁਰਦਿਆਲ ਦੇ ਘਰ ਪਹੁੰਚ ਗਏ। ਗੁਰਦਿਆਲ ਦੇ ਤਿੰਨ ਮੁੰਡਿਆਂ ਵਿੱਚੋਂ ਦੋ ਵੱਡੇ ਮੁੰਡੇ ਦਿੱਲੀ ਨੌਕਰੀ ਕਰਦੇ ਸਨ ਤੇ ਪਰਿਵਾਰਾਂ ਸਮੇਤ ਉੱਥੇ ਹੀ ਰਹਿੰਦੇ ਸਨ। ਛੋਟਾ ਨਰਿੰਦਰ ਘਰੇ ਖੇਤੀ ਪੱਤੀ ਦਾ ਕੰਮ ਸੰਭਾਲਦਾ ਸੀ। ਗੁਰਦਿਆਲ ਦੇ ਘਰ ਵਾਲੀ ਗੁਲਾਬ ਕੁਰ ਕਦੋਂ ਦੀ ਇਸ ਸੰਸਾਰ ਤੋਂ ਜਾ ਚੁੱਕੀ ਸੀ। ਬਜ਼ੁਰਗ ਦੀ ਰੋਟੀ ਛੋਟੇ ਮੁੰਡੇ ਨਰਿੰਦਰ ਨਾਲ ਸੀ।

ਬਲਕਾਰ ਸਿੰਘ ਨੇ ਦੇਖਿਆ ਗੁਰਦਿਆਲ ਆਖਰੀ ਸਵਾਸਾਂ 'ਤੇ ਸੀ। ਬਸ ਮਾੜੀ ਮੋਟੀ ਹੀ ਸੁਰਤ ਸੀ। ਉਸ ਨੇ ਹੋਰ ਗਹੁ ਨਾਲ ਦੇਖਿਆ ਮਰੀਜ਼ ਦੇ ਗਲ ਤੇੜ ਦੇ ਕੱਪੜੇ ਮੈਲ ਨਾਲ ਚਿੱਕੜ ਬਣੇ ਹੋਏ ਸਨ। ਹੇਠਾਂ ਵਿਛਾਏ ਬਿਸਤਰੇ ਦਾ ਵੀ ਇਹੋ ਹਾਲ ਸੀ। ਉਸਦੀ ਮੰਦੀ ਹਾਲਤ ਵੱਲ ਵੇਖ ਕੇ ਬਲਕਾਰ ਸਿੰਘ ਨੂੰ ਸੱਚ ਨਹੀਂ ਸੀ ਰਿਹਾ ਕਿ ਇਹ ਉਹੀ ਗੁਰਦਿਆਲ ਹੈ ਜਿਹੜਾ ਪੈਰ 'ਤੇ ਮਿੱਟੀ ਨਹੀਂ ਸੀ ਪੈਣ ਦਿੰਦਾ। ਖ਼ੈਰ ਇਹ ਵੇਲਾ ਇਹੋ ਜਿਹੀਆਂ ਨਿਰਖਾਂ ਕਰਨ ਦਾ ਨਹੀਂ ਸੀ।

ਹਾਲਾਤ ਨੂੰ ਭਾਂਪਦਿਆਂ ਉਸਨੇ ਨਰਿੰਦਰ ਨੂੰ ਕਿਹਾ,'ਕਾਕਾ! ਪਾਣੀ ਪਾ ਆਵਦੇ ਬਾਪੂ ਜੀ ਦੇ ਮੂੰਹ ਵਿੱਚ।'

ਨਰਿੰਦਰ ਅੰਦਰੋਂ ਪਾਣੀ ਦਾ ਗਿਲਾਸ ਤੇ ਚਮਚ ਚੁੱਕ ਲਿਆਇਆ। ਉਹ ਗਿਲਾਸ ਤੇ ਚਮਚਾ ਮਾਰ ਕੇ ਖੜਕਾਉਣ ਲੱਗ ਪਿਆ। ਇਹ ਸੰਸਾਰ ਤਿਆਗ ਰਹੇ ਬਾਪ ਨੂੰ ਇਸ਼ਾਰਾ ਮਾਤਰ ਸੀ ਕਿ ਉਹ ਮੂੰਹ ਖੋਲ੍ਹ ਕੇ ਪਾਣੀ ਦਾ ਘੁੱਟ ਮੂੰਹ 'ਚ ਪਵਾ ਲਵੇ।

'ਕਾਕਾ! ਇਉ ਨਾ ਕਰ, ਤੂੰ ਮੂੰਹੋਂ ਬੋਲ ਕੇ ਕਹਿ, 'ਬਾਪੂ ਜੀ! ਪਾਣੀ ਪੀ ਲਵੋ।' ਬਲਕਾਰ ਸਿੰਘ ਨੂੰ ਮੁੰਡੇ ਦੀ ਇਹ ਹਰਕਤ ਚੰਗੀ ਨਾ ਲੱਗੀ ਤਾਂ ਹਾਰ ਕੇ ਉਸ ਨੂੰ ਕਹਿਣਾ ਹੀ ਪਿਆ।

'ਚਾਚਾ! ਮੈਨੂੰ ਤਾਂ ਕਈ ਵਰ੍ਹੇ ਹੋ ਗਏ ਇਹ ਨੂੰ ਬੁਲਾਉਣੋਂ ਹਟੇ ਨੂੰ, ਮੈਂ ਤਾਂ ਉਦੋਂ ਦਾ ਜਵਾਕਾਂ ਵਿੱਚ ਦੀ ਗੱਲ ਕਰਕੇ ਇਉ ਈ ਇਸ਼ਾਰਿਆਂ ਨਾਲ ਕੰਮ ਸਾਰਦਾ ਰਿਹੈਂ, ਹੁਣ ਮੈਂ ਇਹਨੂੰ ਕੀ ਬੁਲਾਵਾਂ ?' ਮੁੰਡੇ ਨੇ ਪੂਰੀ ਢੀਠਤਾਈ ਨਾਲ ਉੱਤਰ ਦਿੱਤਾ। ਜਵਾਬ ਸੁਣ ਕੇ ਬਲਕਾਰ ਸਿੰਘ ਹੈਰਾਨੀ ਨਾਲ ਸੁੰਨ ਜਿਹਾ ਹੋ ਗਿਆ ਸੀ।

ਉਨ੍ਹਾਂ ਦੇ ਵੇਂਹਦਿਆਂ-ਵੇਂਹਦਿਆਂ ਗੁਰਦਿਆਲ ਸਿੰਘ ਦੇ ਪ੍ਰਾਣ ਪੰਖੇਰੂ ਉੱਡ ਗਏ ਸਨ। ਨਰਿੰਦਰ ਦਾ ਵੱਡਾ ਮੁੰਡਾ ਆਪਣੇ ਦਾਦਾ ਜੀ ਦੇ ਅਕਾਲ ਚਲਾਣੇ ਦੀ ਅਨਾਊਂਸਮੈਂਟ ਗੁਰਦੁਆਰਾ ਸਾਹਿਬ ਜਾ ਕੇ ਗਿਆਨੀ ਜੀ ਤੋਂ ਸਪੀਕਰ ਰਾਹੀਂ ਕਰਵਾ ਆਇਆ ਸੀ। ਪਲਾਂ ਵਿੱਚ ਹੀ ਉਨ੍ਹਾਂ ਦਾ ਘਰ ਪਿੰਡ ਦੇ ਬੰਦੇ ਬੁੜੀਆਂ ਨਾਲ ਭਰ ਗਿਆ। ਸ਼ਰੀਕੇ ਨੇ ਸੱਥਰ 'ਤੇ ਬਹਿ ਕੇ ਉਨ੍ਹਾਂ ਦੀ ਰਾਤ ਕਟਾਈ।

ਦਿੱਲੀ ਵਾਲੇ ਦੋਹਾਂ ਮੁੰਡਿਆਂ ਨੂੰ ਫੋਨਾਂ ਰਾਹੀਂ ਪਿਉ ਦੀ ਮੌਤ ਦੀ ਖ਼ਬਰ ਦਿੱਤੀ ਗਈ। ਮੋੜਵੇਂ ਜਵਾਬ ਰਾਹੀਂ ਦੋਹਾਂ ਨੇ ਸਸਕਾਰ 'ਤੇ ਨਾ ਪਹੁੰਚ ਸਕਣ ਦੀ ਆਪੋ ਆਪਣੀ ਮਜਬੂਰੀ ਦੱਸ ਦਿੱਤੀ। ਉਦੋਂ ਹੀ ਸ਼ਰੀਕੇ ਦੇ ਬੰਦਿਆਂ ਵਿੱਚ ਮੁੰਡਿਆਂ ਦੇ ਮਾੜੇ ਵਿਹਾਰ ਦੀ ਘੁਸਰ ਮੁਸਰ ਹੋਣ ਲੱਗ ਪਈ ਸੀ। ਹਰ ਕੋਈ ਉਨ੍ਹਾਂ ਦੀ ਇਸ ਸ਼ਰਮਨਾਕ ਤੇ ਗ਼ੈਰ ਜ਼ਿੰਮੇਵਾਰ ਹਰਕਤ 'ਤੇ ਹੈਰਾਨ ਹੋ ਰਿਹਾ ਸੀ । ਲੋਕ ਦੱਬੀ ਜ਼ੁਬਾਨ ਵਿੱਚ ਗੱਲਾਂ ਕਰ ਰਹੇ ਸਨ,'ਪਿਉ ਵਿਚਾਰੇ ਨੇ ਕਿਹੜਾ ਨਿੱਤ-ਨਿੱਤ ਮਰਨਾ ਸੀ, ਚੰਦਰੇ ਆ ਕੇ ਇਹਦਾ ਜਾਂਦੀ ਵਾਰ ਦਾ ਮੂੰਹ ਤਾਂ ਦੇਖ ਲੈਂਦੇ।' ਹਰ ਪਾਸੇ ਇਹੀ ਚਰਚਾ ਹੋ ਰਹੀ ਸੀ। ਗੁਰਦਿਆਲ ਸਿੰਘ ਦੀ ਬਲ਼ਦੀ ਚਿਤਾ ਦੇ ਸਾਹਮਣੇ ਖੜ੍ਹ ਕੇ ਬਲਕਾਰ ਸਿੰਘ ਨੇ ਪ੍ਰਣ ਕੀਤਾ ਕਿ ਘਰ ਵਾਲੀ ਜਿੰਨਾ ਮਰਜ਼ੀ ਕਹੀ ਜਾਵੇ ਉਹ ਜੈਬੋ ਦੇ ਸਹੁਰਿਆਂ ਤੋਂ 'ਮੁੰਡਾ ਹੋਣ ਦੀ ਦਵਾਈ ਲੈਣ ਨਹੀਂ ਜਾਵੇਗਾ। ਮੈਨੂੰ ਨੀਂ ਲੋੜ ਮੁੰਡੇ ਦੀ, ਮੇਰੀਆਂ ਤਾਂ ਧੀਆਂ ਈਂ ਪੁੱਤਾਂ ਵਰਗੀਆਂ ਨੇ, ਯੁੱਗ-ਯੁੱਗ ਜਿਊਂਦੀਆਂ ਰਹਿਣ ਮੇਰੀਆਂ ਲਾਡੋ ਰਾਣੀਆਂ।'

## ਮਿੰਨੀ ਕਹਾਣੀਆਂ

### ਦੀਵੇ ਥੱਲੇ ਹਨ੍ਹੇਰਾ

**ਰਜਵਿੰਦਰ ਪਾਲ ਸ਼ਰਮਾ**

ਨੌਜਵਾਨਾਂ ਦੇ ਵਿਦੇਸ਼ ਜਾਣ ਵੱਲ ਵਧ ਰਹੇ ਰੁਝਾਨ ਪ੍ਰਤੀ ਜਾਗਰੂਕ ਕਰਨ ਲਈ ਸਕੂਲ ਵਿੱਚ ਇੱਕ ਪ੍ਰੋਗਰਾਮ ਸੀ। ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਮਨੋਜ ਕੁਮਾਰ ਨੇ ਕਿਹਾ, "ਨੌਜਵਾਨਾਂ ਲਈ ਆਪਣੇ ਹੀ ਦੇਸ਼ ਵਿੱਚ ਅੱਗੇ ਵਧਣ ਅਤੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਥਾਹ ਸ਼ਕਤੀਆਂ ਤੇ ਹਜ਼ਾਰਾਂ ਮੌਕੇ ਹਨ। ਉਹ ਆਪਣੇ ਦੇਸ਼ ਵਿੱਚ ਰਹਿ ਕੇ ਆਪਣੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਕੇ ਆਪਣਾ, ਆਪਣੇ ਮਾਤਾ ਪਿਤਾ, ਆਪਣੇ ਸਕੂਲ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਸਕਦੇ ਹਨ।" ਭਾਸ਼ਣ ਦੀ ਸਮਾਪਤੀ ਤਾੜੀਆਂ ਦੀ ਗੂੰਜ ਨਾਲ ਹੋਈ। ਭਾਸ਼ਣ ਸੁਣ ਕੇ ਬੱਚਿਆਂ ਦੇ ਨਾਲ ਨਾਲ ਅਧਿਆਪਕ ਵੀ ਆਪਣੇ ਆਪ ਨੂੰ ਊਰਜਾ ਨਾਲ ਭਰੇ ਮਹਿਸੂਸ ਕਰ ਰਹੇ ਸਨ। ਭਾਸ਼ਣ ਖ਼ਤਮ ਕਰਕੇ ਚਾਹ ਪਾਣੀ ਪੀਣ ਤੋਂ ਬਾਅਦ ਕਾਰ ਵਿੱਚ ਬੈਠਦਿਆਂ ਸਿੱਖਿਆ ਅਫਸਰ ਬੋਲੇ, "ਡਰਾਈਵਰ ਜਲਦੀ ਚੱਲੋ, ਅੱਜ ਮੇਰੇ ਬੇਟੇ ਦੀ ਕੈਨੇਡਾ ਦੀ ਫਲਾਈਟ ਹੈ, ਕਿਤੇ ਨਿਕਲ ਹੀ ਨਾ ਜਾਵੇ।" ਗੱਡੀ ਦਾ ਗੇਅਰ ਪਾਉਂਦਿਆਂ ਡਰਾਈਵਰ ਬੁੱਲ੍ਹਾਂ ਵਿੱਚ ਮੁਸਕੁਰਾਉਂਦਿਆਂ ਸੋਚ ਰਿਹਾ ਸੀ ਕਿ ਦੀਵੇ ਥੱਲੇ ਹਨੇਰਾ ਮੁਹਾਵਰਾ ਸੁਣਿਆ ਹੀ ਸੀ, ਅੱਜ ਦੇਖ ਵੀ ਲਿਆ।

****

### ਲੁਕਿਆ ਦਰਦ

**ਜੈਸਮੀਨ ਕੌਰ ਸੰਧੂ**

ਅੱਜ ਰਮਨ ਨੂੰ ਅਮਰੀਕਾ ਆਈ ਨੂੰ ਪੰਦਰਾਂ ਸਾਲ ਹੋ ਗਏ ਸੀ। ਉਹ ਸਵੇਰ ਤੋਂ ਹੀ ਉਦਾਸ ਸੀ ਤੇ ਅੱਜ ਕੰਮ 'ਤੇ ਵੀ ਨਹੀਂ ਗਈ ਸੀ। ਬੱਚਿਆਂ ਨੂੰ ਸਕੂਲ ਛੱਡ ਕੇ ਉਹ ਘਰ ਆ ਗਈ ਤੇ ਸੋਫੇ 'ਤੇ ਬੈਠ ਕੇ ਹੁਬਕੀਂ-ਹੁਬਕੀਂ ਰੋਣ ਲੱਗ ਪਈ। ਉਸ ਨੂੰ ਆਪਣੀ ਮਾਂ ਚੇਤੇ ਆ ਰਹੀ ਸੀ, ਜਿਸ ਦਾ ਆਖ਼ਰੀ ਵਾਰੀ ਉਹ ਮੂੰਹ ਵੀ ਨਹੀਂ ਸੀ ਦੇਖ ਸਕੀ। ਰਮਨ ਪੰਦਰਾਂ ਸਾਲ ਪਿੱਛੇ ਚਲੀ ਗਈ ਜਦ ਉਹ ਵਿਆਹ ਕਰਵਾ ਕੇ ਚਾਈਂ-ਚਾਈਂ ਅਮਰੀਕਾ ਆਈ ਸੀ। ਉਸ ਨੂੰ ਸ਼ੁਰੂ ਵਿੱਚ ਵਿਦੇਸ਼ ਬੜਾ ਹੀ ਸੋਹਣਾ ਲੱਗਿਆ, ਪਰ ਜਿਉਂ-ਜਿਉਂ ਸਮਾਂ ਲੰਘਿਆ ਉਹ ਆਪਣੀ ਜ਼ਿੰਦਗੀ ਵਿੱਚ ਬਹੁਤ ਮਸਰੂਫ਼ ਹੋ ਗਈ ਤੇ ਬਿਲਕੁਲ ਗੁਆਚ ਹੀ ਗਈ। ਘਰ ਅਤੇ ਬੱਚਿਆਂ ਦੀ ਜ਼ਿੰਮੇਵਾਰੀ ਨੇ ਰਮਨ ਨੂੰ ਆਪਣਾ ਆਪ ਭੁਲਾ ਦਿੱਤਾ ਸੀ। ਉਹ 15 ਸਾਲਾਂ 'ਚ ਮਸਾਂ ਪੰਜ ਵਾਰ ਆਪਣੇ ਦੇਸ਼ ਆਈ ਹੋਵੇਗੀ। ਉਸ ਨੂੰ ਪਿੰਡ ਬਿਤਾਇਆ ਸਮਾਂ ਬਹੁਤ ਯਾਦ ਆਉਂਦਾ ਤੇ ਕਈ ਵਾਰ ਉਹ ਅੱਖਾਂ ਭਰ ਆਉਂਦੀ। ਹੁਣ ਉਸ ਕੋਲ ਸਮਾਂ ਹੈ ਕਿ ਉਹ ਇੰਡੀਆ ਆ ਸਕੇ ਪਰ ਹੁਣ ਬੱਚੇ ਵੱਡੇ ਹੋ ਗਏ ਹਨ ਤੇ ਉਹ ਆਉਣਾ ਨਹੀਂ ਚਾਹੁੰਦੇ। ਰਮਨ ਨੇ ਬਹੁਤ ਕੋਸ਼ਿਸ਼ ਕੀਤੀ ਕਿ ਬੱਚਿਆਂ ਨੂੰ ਇੰਡੀਆ ਦਾ ਮੋਹ ਰਹੇ, ਪਰ ਉਹ ਬਿਲਕੁਲ ਵਿਦੇਸ਼ੀ ਬਣ ਚੁੱਕੇ ਹਨ। ਉਸ ਨੂੰ ਹੁਣ ਅਹਿਸਾਸ ਹੁੰਦਾ ਹੈ ਆਪਣਿਆਂ ਤੋਂ ਦੂਰ ਰਹਿਣ ਦਾ, ਆਪਣੀ ਧਰਤੀ ਛੱਡਣ ਦਾ। ਉਹ ਹੁਣ ਜਦ ਸੋਚਦੀ ਹੈ ਕਿ ਉਸ ਨੇ ਅਮਰੀਕਾ ਆ ਕੇ ਕੀ ਖੱਟਿਆ ਤਾਂ ਉਸ ਨੂੰ ਸਿਰਫ਼ ਵਿਛੋੜਾ ਤੇ ਬੱਚਿਆਂ ਦਾ ਵਿਦੇਸ਼ੀ ਬਣਨਾ ਹੀ ਲੱਭ ਸਕਿਆ। ਅਚਾਨਕ ਵੱਜੀ ਦਰਵਾਜ਼ੇ ਦੀ ਘੰਟੀ ਨੇ ਉਸ ਦੀਆਂ ਸੋਚਾਂ ਦੀ ਲੜੀ ਤੋੜ ਦਿੱਤੀ। ਦਰਵਾਜ਼ੇ 'ਤੇ ਉਸ ਦੀ ਸਹੇਲੀ ਖੜ੍ਹੀ ਸੀ ਜੋ ਰਮਨ ਦੀ ਮੁਸਕਾਨ ਪਿੱਛੇ ਲੁਕਿਆ ਦਰਦ ਨਾ ਵੇਖ ਸਕੀ।

# ਮੇਰੀ ਕਲਮ

## ਫ਼ਸਲਾਂ ਨੇ ਰੰਗ ਵਟਾ ਲਏ

ਹਰਪ੍ਰੀਤ ਪੱਤੋ

ਪਵੇ ਗਰਮੀ ਤਪਸ਼ ਵਧੀ ਜਾਵੇ,
ਲਏ ਫ਼ਸਲਾਂ ਰੰਗ ਵਟਾ ਬਾਬਾ।
ਬੂਰ ਪਿਆ ਅੰਬਾਂ ਨੂੰ ਵਿੱਚ ਬਾਗਾਂ,
ਗਈਆਂ ਕੋਇਲਾਂ, ਆ ਬਾਬਾ।
ਸਰ੍ਹੋਂ ਪੱਕੀ, ਕਣਕੀਂ ਪਊ ਦਾਤੀ,
ਗ਼ਰੀਬਾਂ ਲੈਣੇ, ਦਾਣੇ ਕਮਾ ਬਾਬਾ।
ਪੈਸੇ ਹੋਣੇ ਹਰੇਕ ਦੀ ਜੇਬ ਅੰਦਰ,
ਲੈਣਗੇ, ਮਰਜ਼ੀ ਦਾ ਖਾ ਬਾਬਾ।
ਸਭ ਹਿਸਾਬ ਬਰਾਬਰ ਹੋ ਜਾਣਾ,
ਨਵਾਂ ਲੈਣਾ ਕੰਮ ਚਲਾ ਬਾਬਾ।
ਮੀਂਹ ਕਣੀ ਤੋਂ ਰੱਬਾ ਕਰੀ ਕ੍ਰਿਪਾ,
ਦੇਵਾਂ ਦਰ ਤੇ ਦੇਗ਼ ਚੜ੍ਹਾ ਬਾਬਾ।
ਕਰਮਾਂ ਵਾਲੀਆਂ ਹੋਣ ਫ਼ਸਲਾਂ,
ਕਾਰੋਬਾਰ ਦੇਣ ਵਧਾ ਬਾਬਾ।
ਚਿੜੀ, ਜਨੌਰ ਕੁਲ ਦਾ ਕਰੀਂ ਭਲਾ,
'ਪੱਤੋ' ਲਈਏ ਖ਼ੈਰ ਮਨਾ ਬਾਬਾ।

## ਰੁਕੀਂ ਜ਼ਰਾ ਸੂਰਜਾ

ਗੁਰਮੀਤ ਸਿੰਘ ਚੀਮਾ

ਰੁਕੀਂ ਜ਼ਰਾ ਸੂਰਜਾ
ਰੁਕੀਂ ਜ਼ਰਾ ਸੂਰਜਾ
ਉੱਚਾ ਨਾ ਹੋਈਂ
ਅਜੇ ਹਨੇਰੇ ਦੀ ਲੋੜ ਹੈ
ਅਜੇ ਅਸੀਂ
ਚੋਰੀ ਦਾ ਮਾਲ ਵੰਡਣਾ
ਰੁਕੀਂ ਜ਼ਰਾ।
ਅਜੇ ਅਸੀਂ
ਪਾਪਾਂ ਦੀ ਪੰਡ ਲਈ
ਟੋਆ ਪੁੱਟਣਾ
ਦਿੱਤੇ ਹੋਏ ਸਰਾਪਾਂ ਨੂੰ
ਪਰ੍ਹੇ ਸੁੱਟਣਾ
ਰੁਕੀਂ ਜ਼ਰਾ!
ਜੇ ਕਿਤੇ ਪ੍ਰਭਾਤ ਹੋ ਗਈ
ਚਾਨਣ ਦੀ ਬਰਸਾਤ ਹੋ ਗਈ
ਤਾਂ
ਤਨਾਂ ਉੱਤੇ ਲੱਗੇ ਦਾਗ਼
ਦਿਸਣਗੇ
ਮਨਾਂ ਦੇ ਬੁਝੇ ਹੋਏ ਚਿਰਾਗ਼
ਦਿਸਣਗੇ
ਅਜੇ ਉੱਚਾ ਨਾ ਹੋਈਂ
ਰੁਕੀਂ ਜ਼ਰਾ!
ਤਿੜਕੇ ਰਿਸ਼ਤਿਆਂ ਦੇ ਟੁਕੜਿਆਂ ਨੂੰ
ਚੁੰਞਣ ਲਈ
ਵਕਤ ਚਾਹੀਦਾ
ਰਾਤੋ ਰਾਤ ਬਦਲੀਆਂ ਵਫ਼ਾਦਾਰੀਆਂ
ਨੂੰ
ਪੱਕਣ ਲਈ ਵਕਤ ਚਾਹੀਦਾ
ਰੁਕੀਂ ਜ਼ਰਾ
ਚੜ੍ਹੀਂ ਨਾ ਮਿੱਤਰਾ
ਰੁਕੀਂ ਜ਼ਰਾ!

## ਗ਼ਜ਼ਲ

ਜਗਜੀਤ ਗੁਰਮ

ਮੈਨੂੰ ਲੱਗਦਾ ਸੱਜਣ ਅੱਜ-ਕੱਲ੍ਹ ਮੇਰੇ ਨੇ
ਤੈਨੂੰ ਲੱਗਦਾ ਸੱਜਣ ਅੱਜ-ਕੱਲ੍ਹ ਤੇਰੇ ਨੇ।
ਕੀ ਦੱਸਾਂ ਉਹ ਅਦਾਕਾਰ ਹੀ ਵੱਡੇ ਨੇ
ਜਿੰਨੇ ਲੋਕੀਂ ਆਪਣੇ ਚਾਰ ਚੁਫ਼ੇਰੇ ਨੇ।
ਨਾ ਮੇਰੇ ਉਹ ਨਾ ਹੀ ਵਿੱਚੋਂ ਤੇਰੇ ਸੀ
ਜਿਨ੍ਹਾਂ ਪਿੱਛੇ ਅੱਥਰੂ ਮਣਮਣ ਕੇਰੇ ਨੇ।
ਕਿੰਨੇ ਸੱਜਣ ਸੱਜਣਾਂ ਪਿੱਛੇ ਸਾਧ ਬਣੇ
ਮੈਨੂੰ ਲੱਗਦਾ ਤਾਂ ਹੀ ਥਾਂ-ਥਾਂ ਡੇਰੇ ਨੇ।
ਕਿਉਂ ਕਿਸੇ ਨੂੰ ਕੋਈ ਛੱਡ ਕੇ ਤੁਰ ਜਾਂਦਾ
ਕਿੱਡੇ-ਕਿੱਡੇ ਲੋਕਾਂ ਦੇ ਹੁਣ ਜੇਰੇ ਨੇ।
ਜੇ ਵਿਛੜਨ ਫਿਰ ਹੰਝੂ ਬਹੁਤ ਵਹਾਉਂਦੇ ਨੇ
ਲੜਦੇ ਰਹਿੰਦੇ ਹੋ ਜਾਂਦੇ ਜੇ ਫ਼ੇਰੇ ਨੇ।
ਨਾ ਮੁੜਦਾ ਕੋਈ, ਕੋਈ ਨਾ ਉਡੀਕੇ ਹੁਣ
ਤਾਂ ਕਾਵਾਂ ਬਿਨ ਖ਼ਾਲੀ ਦੇਖ ਬਨੇਰੇ ਨੇ।

## ਸਲੀਕਾ

ਨਾਇਬ ਬੁੱਕਣਵਾਲ

ਲਾਲਚ, ਝੂਠ, ਫਰੇਬ ਦੀ ਆਦਤ ਹੈ ਮਾੜੀ,
ਇਹ ਜਾਗਦੇ ਜ਼ਮੀਰਾਂ ਨੂੰ ਮਾਰਦੀਆਂ ਜੀ।
ਨਾ ਗੱਲ ਸੁਣਨੀ, ਹਰ ਵੇਲੇ ਘਾਤ ਲਾਉਣਾ
ਇਹ ਨਿਸ਼ਾਨੀਆਂ ਨੇ, ਨਿਘਾਰ ਦੀਆਂ ਜੀ।
ਬਿਨਾ ਸੋਚੇ ਸਮਝੇ, ਐਵੇਂ ਹੀ ਬੋਲਦੇ ਰਹਿਣਾ ,
ਇਹ ਗੱਲਾਂ ਚੰਗੀ ਸੋਚ ਨੂੰ, ਮਾਰਦੀਆਂ ਜੀ।
ਨਾ ਆਪ ਤੋਂ ਵੱਡਿਆਂ ਦੀ, ਇੱਜ਼ਤ ਕਰਨਾ,
ਘਾਟਾਂ ਹੁੰਦੀਆਂ ਚੰਗੇ ਸੰਸਕਾਰ ਦੀਆਂ ਜੀ।
ਤਹਿਜ਼ੀਬ, ਸਲੀਕਾ ਚੰਗੀ ਆਦਤ ਸੋਚ ਸੁੱਚੀ,
ਅਣਮੁੱਲੀਆਂ ਨਿਆਮਤਾਂ, ਸੰਸਾਰ ਦੀਆਂ ਜੀ।
ਹਰ ਜਗ੍ਹਾ 'ਤੇ ਹੋ ਜੇ, ਚੌਧਰੀ ਦੀ ਚੌਧਰ ਭਾਰੀ,
ਨਾ ਇਹ ਸਮਾਜ ਦਾ ਕੁਝ ਸੰਵਾਰਦੀਆਂ ਜੀ।
ਕਹਾਣੀਆਂ ਕਿੱਸੇ ਚਾਹੇ ਇਤਿਹਾਸ ਪੜ੍ਹ ਲਓ,
ਜੜ੍ਹਾਂ ਪੁੱਟੀਆਂ ਨੇ, ਸਦਾ ਹੰਕਾਰ ਦੀਆਂ ਜੀ।
'ਬੁੱਕਣਵਾਲ' ਨਾ ਡਰੀਂ, ਸਲੀਬਾਂ ਦੇ ਡਰ ਕੋਲੋਂ,
ਤੇਰੇ ਉੱਤੇ ਮਿਹਰਾਂ ਨੇ, ਸਦਾ ਕਰਤਾਰ ਦੀਆਂ ਜੀ।

## ਅੱਜ ਦੀ ਦੁਨੀਆ

ਅਮਾਨਤ ਉਦਾਸੀ

ਅੱਜ ਦੀ ਦੁਨੀਆਂ ਵੱਖਰੀ ਏ, ਅੱਜ ਦੇ ਲੋਕ ਵੱਖਰੇ ਨੇ।
ਧਰਮ ਦੇ ਨਾਂ 'ਤੇ ਪਾਉਂਦੇ ਵੰਡੀਆਂ, ਇਨ੍ਹਾਂ ਦੇ ਸ਼ੌਕ ਵੱਖਰੇ ਨੇ।
ਨਫ਼ਰਤਾਂ ਦੇ ਜਾਲ ਬੁਣ ਤੋੜਦੇ ਭਾਈਚਾਰੇ ਨੂੰ,
ਸੋਚਦੀ ਹਾਂ ਆ ਗਈ ਕਿੱਥੇ?
ਇਹ ਤਾਂ ਪ੍ਰਲੋਕ ਵੱਖਰੇ ਨੇ।
ਅੱਜ ਦੀ ਦੁਨੀਆਂ ਵੱਖਰੀ ਏ......
ਕਿਸੇ ਨੂੰ ਨਸ਼ਾ ਹੈ ਪੈਸੇ ਦਾ, ਕੋਈ ਵੇਚੇ ਨਸ਼ਾ ਇੱਥੇ।
ਅੰਨਦਾਤੇ ਰੁਲਦੇ ਸੜਕਾਂ 'ਤੇ, ਇੱਥੇ ਕਾਨੂੰਨ ਵੱਖਰੇ ਨੇ।
ਅੱਜ ਦੀ ਦੁਨੀਆਂ ਵੱਖਰੀ ਏ......
ਨਾ ਲੜੋ ਵੀਰੋ ਧਰਮਾਂ, ਜਾਤਾਂ ਦੇ ਨਾਂ 'ਤੇ,
ਜੋ ਤੁਹਾਨੂੰ ਇਕੱਠੇ ਨਹੀਂ ਹੋਣ ਦਿੰਦੇ,
ਇਹ ਸਿਆਸੀ ਲੋਕ ਵੱਖਰੇ ਨੇ।
ਅੱਜ ਦੀ ਦੁਨੀਆ ਵੱਖਰੀ ਏ

## ਐਵੇਂ ਗੈਰਾਂ ਨਾਲ ਮਿੱਠਾ-ਮਿੱਠਾ ਬੋਲ ਹੋ ਗਿਆ

ਸੁਖਵਿੰਦਰ ਅੰਮ੍ਰਿਤ

ਐਵੇਂ ਗੈਰਾਂ ਨਾਲ ਮਿੱਠਾ-ਮਿੱਠਾ ਬੋਲ ਹੋ ਗਿਆ
ਸਾਥੋਂ ਜ਼ਿੰਦਗੀ ਵਿੱਚ ਆਪੇ ਜ਼ਹਿਰ ਘੋਲ ਹੋ ਗਿਆ
ਰਹੂ ਉਂਗਲਾਂ ਦੇ ਪੋਟਿਆਂ 'ਚੋਂ ਲਹੂ ਸਿੰਮਦਾ,
ਸਾਥੋਂ ਹੀਰਿਆਂ ਦੇ ਭੁਲੇਖੇ ਕੱਚ ਫੋਲ ਹੋ ਗਿਆ
ਸਾਨੂੰ ਬਾਲ ਕੇ ਬਨੇਰਿਆਂ ਤੇ ਦੀਵਿਆਂ ਦੇ ਵਾਂਗੂੰ,
ਸਾਡਾ ਚੰਨ ਆਪ ਬਦਲਾਂ ਦੇ ਕੋਲ ਹੋ ਗਿਆ
ਅਸੀਂ ਤਨਹਾਈਆਂ ਦੇ ਗਲ ਨਾਲ ਲੱਗ-ਲੱਗ ਰੋਏ,
ਇਕ ਫੁੱਲ ਸਾਡੇ ਪੈਰਾਂ ਤੋਂ ਮਧੋਲ ਹੋ ਗਿਆ
ਅਸੀਂ ਉਮਰਾਂ ਬੀਤਾਈਆਂ ਜਿਸਤੋਂ ਲੁੱਕ -ਲੁੱਕ ਕੇ,
ਰਾਤੀਂ ਸੁਪਨੇ ਚ ਆਇਆ, ਕੁੰਡਾ ਖੋਲ ਹੋ ਗਿਆ
ਜਿਨ੍ਹਾ ਸਜਣਾ ਨਾਲ ਨਾ ਸੀ ਸਾਡੀ ਸੁਰ ਮਿਲਦੀ,
ਗੀਤ ਜ਼ਿੰਦਗੀ ਦਾ ਓਹਨਾਂ ਸੰਗ ਬੋਲ ਹੋ ਗਿਆ

## ਬਾਪੂ ਦਾ ਕਰਜ਼

ਜਸਪਾਲ ਸਿੰਘ ਜੌਲੀ

ਬਾਪੂ ਸਾਡੇ ਲਈ, ਕੀ ਕੀ ਨਹੀਂ ਰਹਿੰਦਾ ਕਰਦਾ
ਪਾਈ ਪਾਈ ਜੋੜ, ਜੀਵਨ ਭਰ ਰਹਿੰਦਾ ਮਰਦਾ
ਹੱਥਾਂ ਵਿੱਚ ਪੈ ਜਾਂਦੇ ਅੱਟਣ, ਪੈਰੀਂ ਬਿਆਈਆਂ
ਪਰ ਕਦੇ ਵੀ ਕੋਈ, ਝੋਰਾ ਲਾਇਆ ਨਾ
ਬਾਪੂ ਤੇਰਾ ਜਾਣਾ, ਕਦੇ ਕਰਜ਼ ਚੁਕਾਇਆ ਨਾ
ਸਾਈਕਲ ਚੁੱਕ, ਨਿੱਤ ਕੰਮ ਕਾਰ 'ਤੇ ਜਾਣਾ
ਵਾਪਸੀ 'ਤੇ ਖਾਣ ਲਈ, ਜ਼ਰੂਰ ਕੁਝ ਲਿਆਣਾ
ਝੋਲਾ ਦੇਖ, ਗੋਡੇ ਗੋਡੇ ਚਾਅ ਚੜ੍ਹ ਜਾਣਾ
ਪਰ ਬਾਹਰੋਂ, ਕਦੇ ਖਾਲੀ ਆਇਆ ਨਾ
ਬਾਪੂ ਤੇਰਾ ਜਾਣਾ, ਕਦੇ ਕਰਜ਼ ਚੁਕਾਇਆ ਨਾ
ਸਬਰ ਸੰਤੋਖ, ਅੰਦਰ ਕੁੱਟ ਕੁੱਟ ਭਰਿਆ
ਕਿਸੇ ਨੂੰ ਰੱਜ ਦੇਖ, ਕਦੇ ਹਉਕਾ ਨਹੀਂ ਭਰਿਆ
ਰੁੱਖੀ ਮਿੱਸੀ ਖਾ ਕੇ, ਮੰਨੇ ਮਾਲਕ ਦਾ ਭਾਣਾ
ਪਰ ਕਦੇ, ਕਿਸੇ ਅੱਗੇ ਹੱਥ ਫੈਲਾਇਆ ਨਾ
ਬਾਪੂ ਤੇਰਾ ਜਾਣਾ, ਕਦੇ ਕਰਜ਼ ਚੁਕਾਇਆ ਨਾ
ਕਿੰਨਾ ਖੁਸ਼ਨਸੀਬ ਹਾਂ, ਐਸੀ ਰੱਬੀ ਰੂਹ ਦਾ ਜਾਇਆ
ਖੁਦ ਅੰਗੂਠਾ ਛਾਪ, ਸਾਨੂੰ ਪੜ੍ਹਨ ਸਕੂਲੇ ਪਾਇਆ
ਸਾਨੂੰ ਪੈਰਾਂ ਸਿਰ ਕਰਨ ਲਈ, ਕੀਤੀ ਘਾਲ ਕਮਾਈ
ਪਰ ਕਦੇ ਵੀ ਕੋਈ, ਅਹਿਸਾਨ ਜਤਾਇਆ ਨਾ
ਬਾਪੂ ਤੇਰਾ ਜਾਣਾ, ਕਦੇ ਕਰਜ਼ ਚੁਕਾਇਆ ਨਾ
ਜੱਗ 'ਤੇ ਨਜ਼ਰ ਨਾ ਆਏ, ਅੰਬਰੋਂ ਉੱਚਾ ਸਰਮਾਇਆ
ਜਿਸ ਨੇ ਹੈ ਸਾਨੂੰ, ਉੱਚੇ ਰੁਤਬਿਆਂ 'ਤੇ ਪਹੁੰਚਾਇਆ
ਜੌਲੀ ਕਹੇ, ਜੁਗ ਜੁਗ ਜੀਵੇ ਬਾਪੂ ਮੇਰਾ ਗੁਰਨਾਮ
ਤੇਰੀ ਥਾਂ ਲੈ ਸਕਦਾ, ਕੋਈ ਚਾਚਾ ਤਾਇਆ ਨਾ
ਬਾਪੂ ਤੇਰਾ ਜਾਣਾ, ਕਦੇ ਕਰਜ਼ ਚੁਕਾਇਆ ਨਾ।

## ਅੰਨ ਦਾਤਾ !

ਅੰਮ੍ਰਿਤਾ ਪ੍ਰੀਤਮ

ਅੰਨ ਦਾਤਾ!
ਮੇਰੀ ਜੀਭ 'ਤੇ - ਤੇਰਾ ਲੂਣ ਏ
ਤੇਰਾ ਨਾਂ - ਮੇਰੇ ਬਾਪ ਦਿਆਂ ਹੋਠਾਂ 'ਤੇ,
ਤੇ ਮੇਰੇ ਇਸ ਬੁੱਤ ਵਿੱਚ
ਮੇਰੇ ਬਾਪ ਦਾ ਖ਼ੂਨ ਏ!
ਮੈਂ ਕਿਵੇਂ ਬੋਲਾਂ !
ਮੇਰੇ ਬੋਲਣ ਤੋਂ ਪਹਿਲਾਂ
ਬੋਲ ਪੈਂਦਾ ਏ ਤੇਰਾ ਅੰਨ।
ਕੁਛ ਕੁ ਬੋਲ ਸਨ
ਪਰ ਅਸੀਂ ਅੰਨ ਦੇ ਕੀੜੇ
ਤੇ ਅੰਨ ਭਾਰ ਹੇਠਾਂ - ਉਹ ਦੱਬੇ ਗਏ ਹਨ ।

ਅੰਨ ਦਾਤਾ!
ਕਾਮੇ ਮਾਂ ਬਾਪ
ਦਿੱਤੇ ਕਾਮੇ ਨੇ ਜੰਮ
ਕਾਮੇ ਦਾ ਕੰਮ ਹੈ
ਸਿਰਫ਼ ਕੰਮ ।
ਬਾਕੀ ਵੀ ਤਾਂ ਕੰਮ
ਕਰਦੈ ਇਹੋ ਹੀ ਚੰਮ
ਉਹ ਵੀ ਇੱਕ ਕੰਮ
ਇਹ ਵੀ ਇੱਕ ਕੰਮ।

ਅੰਨ ਦਾਤਾ!
ਮੈਂ ਚੰਮ ਦੀ ਗੁੱਡੀ
ਖੇਡ ਲੈ, ਖਿਡਾ ਲੈ
ਲਹੂ ਦਾ ਪਿਆਲਾ
ਪੀ ਲੈ ਪਿਲਾ ਲੈ ।

ਤੇਰੇ ਸਾਹਵੇਂ ਖੜ੍ਹੀ ਹਾਂ ਅਹਿ
ਵਰਤਣ ਦੀ ਸ਼ੈ
ਜਿਵੇਂ ਚਾਹੇ ਵਰਤ ਲੈ
ਉੱਗੀ ਹਾਂ
ਪਿਸੀ ਹਾਂ
ਗੁਝੀ ਹਾਂ
ਵਿਲੀ ਹਾਂ
ਤੇ ਅੱਜ ਤੱਤੇ ਤਵੇ 'ਤੇ
ਜਿਵੇਂ ਚਾਹੇ ਪਰੱਤ ਲੈ ।
ਮੈਂ ਬੁਰਕੀ ਤੋਂ ਵੱਧ ਕੁਛ ਨਹੀਂ
ਜਿਵੇਂ ਚਾਹੇ ਨਿਗਲ ਲੈ,
ਤੇ ਤੂੰ ਲਾਵੇ ਤੋਂ ਵੱਧ ਕੁਛ ਨਹੀ
ਜਿੰਨਾ ਚਾਹੇ ਪਿਘਲ ਲੈ ।

ਲਾਵੇ 'ਚ ਲਪੇਟ ਲੈ
ਕਦਮਾਂ ਤੇ ਖੜ੍ਹੀ ਹਾਂ
ਬਾਹਵਾਂ 'ਚ ਸਮੇਟ ਲੈ।
ਚੁੰਮ ਲੈ
ਚੱਟ ਲੈ,
ਤੇ ਫੇਰ ਰਹਿੰਦ ਖੂੰਹਦ
ਉਸਦਾ ਵੀ ਕੁਝ ਵੱਟ ਲੈ।

ਅੰਨ ਦਾਤਾ!
ਮੇਰੀ ਜ਼ਬਾਨ
ਤੇ ਇਨਕਾਰ ?
ਇਹ ਕਿਵੇਂ ਹੋ ਸਕਦੈ ।
ਹਾਂ -ਪਿਆਰ.......?
ਇਹ ਤੇਰੇ ਮਤਲਬ ਦੀ ਸ਼ੈ ਨਹੀਂ ।

## ਸੈਲਫੀ

ਹਰਜੀਤ ਸਿੰਘ ਰਤਨ



ਸੈਲਫੀ ਲਵਾਂ ਨਾ ਲਾਵਾਂ ਕਿਧਰੇ
ਸੈਲਫਿਸ਼ ਨਾ ਹੋ ਜਾਵਾਂ ਕਿਧਰੇ
ਗੀਤ ਮੇਰੇ ਦੁਸ਼ਮਣ ਬਣ ਜਾਂਦੇ
ਜੇ ਕੁਝ ਵੀ ਮੈਂ ਗਾਵਾਂ ਕਿਧਰੇ
ਇਸ ਦੀ ਮੈਨੂੰ ਜਾਚ ਨਾ ਆਈ
ਲਾਵਾਂ ਕਿਤੇ, ਬੁਝਾਵਾਂ ਕਿਧਰੇ
ਮਾਰੂਥਲ ਨਾ ਗੋਤੇ ਪੈਂਦੇ
ਹੁੰਦੀਆਂ ਨਾਲ ਦੁਆਵਾਂ ਕਿਧਰੇ
ਧਰਤੀ ਬਣਦੀ ਜੰਨਤ ਵਰਗੀ
ਸਾਂਭੀਆਂ ਹੁੰਦੀਆਂ ਮਾਵਾਂ ਕਿਧਰੇ
ਉਸ ਬਿਨ ਮੈਂ ਸਾਂ ਅੱਧ-ਅਧੂਰਾ
ਜੇ ਨਾ ਹੁੰਦੀਆਂ ਲਾਵਾਂ ਕਿਧਰੇ
ਏਨੀ ਬਦ-ਦੁਆ ਨਾ ਲਗਦੀ
ਵੱਢਦੇ ਨਾ ਜੇ ਛਾਵਾਂ ਕਿਧਰੇ
ਜ਼ਿੰਦਗੀ ਧੁੱਪ ਤੇ ਛਾਂ ਦਾ ਨਾਂ ਹੈ
ਖ਼ੁਸ਼ੀਆਂ, ਹਉਕੇ-ਹਾਵਾਂ ਕਿਧਰੇ
ਮਨ ਵਿੱਚ ਸੋਚਾਂ ਸੋਚਦਾ ਰਹਿਣਾ
ਜੇ ਛੱਡ ਜਾਣ ਬਲਾਵਾਂ ਕਿਧਰੇ
ਆਉਣ ਦਾ ਲਾਰਾ ਲਾ ਕਿਸੇ ਨੂੰ
ਵਗ੍ਹੀਆਂ ਘੋਰ-ਘਟਾਵਾਂ ਕਿਧਰੇ
ਦੁਨੀਆਂ ਦੀ ਇਹ ਘੁੰਮਣ-ਘੇਰੀ
ਆਪ ਕਿਤੇ, ਪਰ੍ਹਛਾਵਾਂ ਕਿਧਰੇ
ਹਵਾ ਫਿਰੇ ਕਨਸੋਆਂ ਲੈਂਦੀ
ਜੇ ਮੈਂ ਆਵਾਂ-ਜਾਵਾਂ ਕਿਧਰੇ

# ਲਾਸ ਏਂਜਲਸ ਉਲੰਪਿਕਸ ’ਚ ਕ੍ਰਿਕਟ ਦੀ ਹੋਵੇਗੀ 128 ਸਾਲ ਬਾਅਦ ਵਾਪਸੀ

## ਇਸ ਤੋਂ ਪਹਿਲਾਂ 1900 ਦੀਆਂ ਉਲੰਪਿਕ ਖੇਡਾਂ ’ਚ ਹੋਏ ਸੀ ਕ੍ਰਿਕਟ ਮੁਕਾਬਲੇ




ਨਵੀਂ ਦਿੱਲੀ/ਏ.ਟੀ.ਨਿਊਜ਼: ਲਾਸ ਏਂਜਲਸ ਉਲੰਪਿਕ-2028 ਵਿੱਚ ਜਦੋਂ 128 ਸਾਲਾਂ ਬਾਅਦ ਕ੍ਰਿਕਟ ਦੀ ਵਾਪਸੀ ਹੋਵੇਗੀ ਤਾਂ ਪੁਰਸ਼ ਤੇ ਮਹਿਲਾ ਵਰਗ ’ਚ ਛੇ-ਛੇ ਟੀਮਾਂ ਸੋਨ ਤਗ਼ਮੇ ਲਈ ਦਾਅਵੇਦਾਰੀ ਪੇਸ਼ ਕਰਨਗੀਆਂ। ਪ੍ਰਬੰਧਕਾਂ ਨੇ ਪਿਛਲੇ ਦਿਨੀਂ ਇਸ ਦੀ ਪੁਸ਼ਟੀ ਕੀਤੀ।

ਇਸ ਤੋਂ ਪਹਿਲਾਂ 1900 ਵਿੱਚ ਹੋਈਆਂ ਪੈਰਿਸ ਉਲੰਪਿਕ ਖੇਡਾਂ ’ਚ ਕ੍ਰਿਕਟ ਸ਼ੁਮਾਰ ਸੀ। ਉਦੋਂ ਕ੍ਰਿਕਟ ’ਚ ਗ੍ਰੇਟ ਬ੍ਰਿਟੇਨ ਤੇ ਫਰਾਂਸ ਨੇ ਹੀ ਹਿੱਸਾ ਲਿਆ ਸੀ।

ਲਾਸ ਏਂਜਲਸ ਉਲੰਪਿਕ ’ਚ ਕ੍ਰਿਕਟ ਟੀ-20 ਫਾਰਮੈਟ ’ਚ ਖੇਡੀ ਜਾਵੇਗੀ, ਜਿਸ ਵਿੱਚ ਪੁਰਸ਼ ਤੇ ਮਹਿਲਾ ਵਰਗ ਵਿੱਚ ਛੇ-ਛੇ ਟੀਮਾਂ ਹਿੱਸਾ ਲੈਣਗੀਆਂ। ਹਰੇਕ ਟੀਮ 15 ਖਿਡਾਰੀ ਚੁਣ ਸਕਦੀ ਹੈ ਕਿਉਂਕਿ ਦੋਵਾਂ ਵਰਗਾਂ ’ਚ 90-90 ਖਿਡਾਰੀਆਂ ਦਾ ਕੋਟਾ ਅਲਾਟ ਕੀਤਾ ਗਿਆ ਹੈ।

ਕੌਮਾਂਤਰੀ ਕ੍ਰਿਕਟ ਕੌਂਸਲ (ਆਈ.ਸੀ.ਸੀ.) ’ਚ ਭਾਰਤ, ਅਫ਼ਗਾਨਿਸਤਾਨ, ਆਸਟਰੇਲੀਆ, ਬੰਗਲਾਦੇਸ਼, ਇੰਗਲੈਂਡ,, ਆਇਰਲੈਂਡ, ਨਿਊਜ਼ੀਲੈਂਡ, ਪਾਕਿਸਤਾਨ, ਦੱਖਣੀ ਅਫਰੀਕਾ, ਸ੍ਰੀਲੰਕਾ, ਵੈਸਟ ਇੰਡੀਜ਼ ਤੇ ਜ਼ਿੰਬਾਬਵੇ 12 ਪੂਰਨ ਮੈਂਬਰ ਵਜੋਂ ਸ਼ਾਮਲ ਹਨ, ਜਦਕਿ 94 ਐਸੋਸੀਏਟ ਮੈਂਬਰ ਹਨ। ਉਲੰਪਿਕ-2028 ਲਈ ਕ੍ਰਿਕਟ ’ਚ ਕੁਆਲੀਫਾਈ ਕਰਨ ਦੇ ਤਰੀਕੇ ਬਾਰੇ ਹਾਲੇ ਤੱਕ ਪੁਸ਼ਟੀ ਨਹੀਂ ਕੀਤੀ ਗਈ ਪਰ ਅਮਰੀਕਾ ਨੂੰ ਮੇਜ਼ਬਾਨ ਹੋਣ ਕਾਰਨ ਸਿੱਧੀ ਐਂਟਰੀ ਮਿਲਣੀ ਤੈਅ ਹੈ।

ਇਸੇ ਦੌਰਾਨ ਆਈ.ਓ.ਸੀ. ਦੇ ਕਾਰਜਕਾਰੀ ਬੋਰਡ ਵੱਲੋਂ ਪਿਛਲੇ ਦਿਨੀਂ ਉਲੰਪਿਕਸ-2028 ਲਈ ਮੁਕਾਬਲਿਆਂ ਦੇ ਪ੍ਰੋਗਰਾਮ ਤੇ ਖਿਡਾਰੀਆਂ ਦੇ ਕੋਟੇ ਨੂੰ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਖੇਡਾਂ ’ਚ ਪੈਰਿਸ ਉਲੰਪਿਕ-2024 ਦੇ ਮੁਕਾਬਲੇ 22 ਵੱਧ ਖੇਡ ਈਵੈਂਟ ਹੋਣਗੇ। ਆਈ.ਓ.ਸੀ. ਨੇ ਲਾਸ ਏਂਜਲਸ ਉਲੰਪਿਕ ਲਈ ਰਿਕਾਰਡ 351 ਤਗ਼ਮਾ ਮੁਕਾਬਲਿਆਂ ਨੂੰ ਮਨਜ਼ੂਰੀ ਦਿੱਤੀ ਪਰ ਖਿਡਾਰੀਆਂ ਦੀ ਗਿਣਤੀ 10,500 ਹੀ ਰਹੇਗੀ।

## ਭਾਰਤ ਨੇ 2031 ਏ.ਐੱਫ.ਸੀ. ਏਸ਼ੀਆਈ ਕੱਪ ਦੀ ਮੇਜ਼ਬਾਨੀ ਲਈ ਲਾਈ ਬੋਲੀ




ਨਵੀਂ ਦਿੱਲੀ/ਏ.ਟੀ.ਨਿਊਜ਼: ਅਖਿਲ ਭਾਰਤੀ ਫੁੱਟਬਾਲ ਸੰਘ (ਏ.ਆਈ.ਐੱਫ.ਐੱਫ.) ਨੇ ਕਿਹਾ ਕਿ ਭਾਰਤ ਨੇ ਮਹਾਦੀਪ ਦੇ ਚੋਟੀ ਪੱਧਰ ਦੇ ਫੁੱਟਬਾਲ ਟੂਰਨਾਮੈਂਟ ਏ.ਐੱਫ.ਸੀ. ਏਸ਼ੀਆਈ ਕੱਪ 2031 ਦੀ ਮੇਜ਼ਬਾਨੀ ਲਈ ਦਿਲਚਸਪੀ ਦਾ ਪ੍ਰਸਤਾਵ (ਐਕਪ੍ਰੈਸ਼ਨ ਆਫ ਇੰਟਰੈਸਟ) ਪੇਸ਼ ਕੀਤਾ ਹੈ।

7 ਦੇਸ਼ਾਂ ਦੀਆਂ ਫੁੱਟਬਾਲ ਸੰਸਥਾਵਾਂ ਨੇ ਐਕਸਪ੍ਰੈਸ਼ਨ ਆਫ ਇੰਟਰੈਸਟ ਪੇਸ਼ ਕੀਤਾ ਸੀ, ਜਿਨ੍ਹਾਂ ਵਿੱਚ ਏ.ਆਈ.ਐੱਫ.ਐੱਫ. ਵੀ ਸ਼ਾਮਲ ਹੈ। ਪ੍ਰਸਤਾਵ ਪੇਸ਼ ਕਰਨ ਲਈ ਆਖਰੀ ਮਿਤੀ 31 ਮਾਰਚ ਤੱਕ ਸੀ।

ਟੂਰਨਾਮੈਂਟ ਦੀ ਮੇਜ਼ਬਾਨੀ ਦਾ ਅਧਿਕਾਰ ਹਾਸਲ ਕਰਨ ਲਈ ਭਾਰਤ ਨੂੰ ਆਸਟ੍ਰੇਲੀਆ, ਦੱਖਣੀ ਕੋਰੀਆ ਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਰਗੀਆਂ ਮਜ਼ਬੂਤ ਫੁੱਟਬਾਲ ਸੰਸਥਾਵਾਂ ਨਾਲ ਸਖ਼ਤ ਮੁਕਾਬਲੇਬਾਜ਼ੀ ਦਾ ਸਾਹਮਣਾ ਕਰਨਾ ਪਵੇਗਾ।

## ਪੰਜ ਮੈਚਾਂ ਦੀ ਲੜੀ ਲਈ ਆਸਟ੍ਰੇਲੀਆ ਦੌਰੇ ’ਤੇ ਜਾਵੇਗੀ ਭਾਰਤੀ ਮਹਿਲਾ ਹਾਕੀ ਟੀਮ



ਨਵੀ ਦਿੱਲੀ/ਏ.ਟੀ.ਨਿਊਜ਼: ਭਾਰਤੀ ਮਹਿਲਾ ਹਾਕੀ ਟੀਮ 26 ਅਪ੍ਰੈਲ ਤੋਂ 4 ਮਈ ਤੱਕ ਪੰਜ ਮੈਚਾਂ ਦੀ ਲੜੀ ਲਈ ਆਸਟ੍ਰੇਲੀਆ ਦੌਰੇ ’ਤੇ ਜਾਵੇਗੀ। ਹਾਕੀ ਇੰਡੀਆ ਨੇ ਕਿਹਾ ਕਿ ਭਾਰਤ ਲੜੀ ਦੀ ਸ਼ੁਰੂਆਤ ਆਸਟ੍ਰੇਲੀਆ-ਏ ਖ਼ਿਲਾਫ਼ 26 ਤੇ 27 ਅਪਰੈਲ ਨੂੰ ਹੋਣ ਵਾਲੇ ਦੋ ਮੈਚਾਂ ਨਾਲ ਕਰੇਗਾ। ਇਸ ਮਗਰੋਂ ਭਾਰਤੀ ਟੀਮ ਆਸਟ੍ਰੇਲੀਆ ਸੀਨੀਅਰ ਟੀਮ ਖ਼ਿਲਾਫ਼ ਤਿੰਨ ਮੈਚਾਂ ਦੀ ਲੜੀ ਖੇਡੇਗੀ। ਇਸ ਲੜੀ ਵਿੱਚ ਮੈਚ 1, 3 ਅਤੇ 4 ਮਈ ਨੂੰ ਖੇਡੇ ਜਾਣਗੇ, ਜੋ ਪਰਥ ਹਾਕੀ ਸਟੇਡੀਅਮ ’ਚ ਹੋਣਗੇ। ਇਹ ਦੌਰਾ ਜੂਨ ਵਿੱਚ ਹੋਣ ਵਾਲੀ ਐੱਫ.ਆਈ.ਐੱਚ. ਪ੍ਰੋ ਲੀਗ 2024-25 ਦੇ ਯੂਰਪੀ ਗੇੜ ਦੀ ਤਿਆਰੀ ਲਈ ਕਾਫੀ ਅਹਿਮ ਹੈ। ਭਾਰਤੀ ਮਹਿਲਾ ਹਾਕੀ ਟੀਮ ਦੇ ਮੁੱਖ ਕੋਚ ਹਰਿੰਦਰ ਸਿੰਘ ਨੇ ਆਸਟ੍ਰੇਲੀਆ ਦੌਰੇ ਦੇ ਸਬੰਧ ’ਚ ਆਖਿਆ, “ਇਹ ਦੌਰਾ ਐੱਫ.ਆਈ.ਐੱਚ. ਪ੍ਰੋ. ਲੀਗ 2024-25 ਦੇ ਯੂਰਪੀ ਗੇੜ ਲਈ ਸਾਡੀਆਂ ਤਿਆਰੀਆਂ ਦੇ ਮੱਦੇਨਜ਼ਰ ਬਹੁਤ ਅਹਿਮ ਹੈ। ਆਸਟ੍ਰੇਲੀਆ ਵਰਗੀ ਮਜ਼ਬੂਤ ਟੀਮ ਖ਼ਿਲਾਫ਼ ਖੇਡਣ ਨਾਲ ਸਾਡੀਆਂ ਖਿਡਾਰਨਾਂ ਨੂੰ ਆਪਣੀ ਖੇਡ ਦਾ ਮੁਲਾਂਕਣ ਕਰਨ ਦਾ ਚੰਗਾ ਮੌਕਾ ਮਿਲੇਗਾ।”

## ਸ੍ਰੀਲੰਕਾ ’ਚ ਤਿਕੋਣੀ ਮਹਿਲਾ ਕ੍ਰਿਕਟ ਲੜੀ 27 ਅਪ੍ਰੈਲ ਤੋਂ

### ਭਾਰਤੀ ਟੀਮ ਦੀ ਅਗਵਾਈ ਕਰੇਗੀ ਹਰਮਨਪ੍ਰੀਤ ਕੌਰ



ਨਵੀਂ ਦਿੱਲੀ/ਏ.ਟੀ.ਨਿਊਜ਼: ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ ਇਸ ਮਹੀਨੇ ਦੇ ਅੰਤ ਵਿੱਚ ਸ੍ਰੀਲੰਕਾ ’ਚ ਸ਼ੁਰੂ ਹੋਣ ਵਾਲੀ ਇੱਕ ਰੋਜ਼ਾ ਤਿਕੋਣੀ ਲੜੀ ਵਿੱਚ ਭਾਰਤੀ ਮਹਿਲਾ ਟੀਮ ਦੀ ਅਗਵਾਈ ਕਰੇਗੀ। ਜਨਵਰੀ ਵਿੱਚ ਆਇਰਲੈਂਡ ਖ਼ਿਲਾਫ਼ ਘਰੇਲੂ ਲੜੀ ਲਈ ਉਸ ਨੂੰ ਆਰਾਮ ਦਿੱਤਾ ਗਿਆ ਸੀ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੀ ਮਹਿਲਾ ਚੋਣ ਕਮੇਟੀ ਨੇ 27 ਅਪ੍ਰੈਲ ਤੋਂ 11 ਮਈ ਤੱਕ ਹੋਣ ਵਾਲੇ ਟੂਰਨਾਮੈਂਟ ਲਈ 15 ਮੈਂਬਰੀ ਟੀਮ ਦੀ ਚੋਣ ਕੀਤੀ ਹੈ, ਜਿਸ ਵਿੱਚ ਸਮ੍ਰਿਤੀ ਮੰਧਾਨਾ ਨੂੰ ਉਪ-ਕਪਤਾਨ ਨਿਯੁਕਤ ਕੀਤਾ ਗਿਆ ਹੈ। ਭਾਰਤ ਅਤੇ ਸ੍ਰੀਲੰਕਾ ਤੋਂ ਇਲਾਵਾ ਇਸ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੀ ਤੀਜੀ ਟੀਮ ਦੱਖਣੀ ਅਫਰੀਕਾ ਦੀ ਹੈ। ਡਬਲ ਰਾਊਂਡ ਰੌਬਿਨ ਆਧਾਰ ’ਤੇ ਖੇਡੇ ਜਾਣ ਵਾਲੇ ਇਸ ਟੂਰਨਾਮੈਂਟ ਵਿੱਚ ਭਾਰਤ ਆਪਣਾ ਪਹਿਲਾ ਮੈਚ 27 ਅਪ੍ਰੈਲ ਨੂੰ ਸ੍ਰੀਲੰਕਾ ਖ਼ਿਲਾਫ਼ ਖੇਡੇਗਾ। ਹਰ ਟੀਮ ਚਾਰ-ਚਾਰ ਮੈਚ ਖੇਡੇਗੀ ਅਤੇ ਸਿਖਰਲੀਆਂ ਦੋ ਟੀਮਾਂ 11 ਮਈ ਨੂੰ ਖੇਡੇ ਜਾਣ ਵਾਲੇ ਫਾਈਨਲ ਲਈ ਕੁਆਲੀਫਾਈ ਕਰਨਗੀਆਂ। ਸਾਰੇ ਮੈਚ ਕੋਲੰਬੋ ਦੇ ਆਰ ਪ੍ਰੇਮਦਾਸਾ ਸਟੇਡੀਅਮ ਵਿੱਚ ਖੇਡੇ ਜਾਣਗੇ।

ਬੀ.ਸੀ.ਸੀ.ਆਈ. ਨੇ ਬਿਆਨ ਵਿੱਚ ਕਿਹਾ ਕਿ ਤੇਜ਼ ਗੇਂਦਬਾਜ਼ ਰੇਣੂਕਾ ਸਿੰਘ ਠਾਕੁਰ ਅਤੇ ਟਿਟਾਸ ਸਾਧੂ ਜ਼ਖ਼ਮੀ ਹੋਣ ਕਾਰਨ ਉਨ੍ਹਾਂ ਦੀ ਚੋਣ ਲਈ ਵਿਚਾਰ ਨਹੀਂ ਕੀਤਾ ਗਿਆ। ਟੀਮ ਵਿੱਚ ਕਾਸ਼ਵੀ ਗੌਤਮ, ਸ੍ਰੀ ਚਰਨੀ ਅਤੇ ਸ਼ੁਚੀ ਉਪਾਧਿਆਏ ਵੀ ਸ਼ਾਮਲ ਹਨ।

# ਮਹਾਨ ਮੁੱਕੇਬਾਜ਼ ਜੌਰਜ ਐਡਵਰਡ ਫੋਰਮੈਨ



ਪ੍ਰਿੰ. ਸਰਵਣ ਸਿੰਘ
+1-905-779-1661



ਜੌਰਜ ਐਡਵਰਡ ਫੋਰਮੈਨ ਮੁਹੰਮਦ ਅਲੀ ਦੇ ਜੋੜ ਦਾ ਮੁੱਕੇਬਾਜ਼ ਸੀ। ਉਹ ਗ਼ਰੀਬ ਮਾਂ ਦੀ ਕੁੱਖੋਂ ਜੰਮਿਆ ਸੀ ਜਿਸ ਨੂੰ ਬਾਲਗ ਹੋਣ ਤੱਕ ਪਤਾ ਨਹੀਂ ਸੀ ਕਿ ਕਿਸ ਬਾਪ ਦਾ ਪੁੱਤਰ ਹੈ? ਫਿਰ ਵੀ ਉਸ ਦਾ ਜੀਵਨ ਉਦੇਸ਼ ਵਿਸ਼ਵ ਦਾ ਅਮੀਰ ਵਿਅਕਤੀ ਬਣਨ ਦਾ ਨਹੀਂ, ਮੁੱਕੇਬਾਜ਼ੀ ਦਾ ਵਿਸ਼ਵ ਚੈਂਪੀਅਨ ਬਣਨ ਦਾ ਸੀ ਜੋ ਪੂਰਾ ਹੋ ਗਿਆ ਸੀ। ਮਾਣ ਨਾਲ ਉਸ ਨੂੰ ‘ਬਿੱਗ ਜੌਰਜ’ ਕਿਹਾ ਜਾਣ ਲੱਗਾ ਸੀ। ਉਹ ਮੁੱਕੇਬਾਜ਼ੀ ਦਾ ਉਲੰਪਿਕ ਤੇ ਵਿਸ਼ਵ ਚੈਂਪੀਅਨ ਹੋਣ ਦੇ ਨਾਲ ਗਿਰਜੇ ਦਾ ਪਾਦਰੀ ਤੇ ਗਰਿੱਲਾਂ ਦਾ ਅਮੀਰ ਕਾਰੋਬਾਰੀ ਵੀ ਸੀ।

ਉਹ ਅਦਭੁੱਤ ਮਨੁੱਖ ਸੀ ਜਿਸ ਨੇ ਅੱਲ੍ਹੜ ਉਮਰੇ ਜੁਰਮ ਕੀਤੇ, ਜੁਆਨੀ ’ਚ ਪੰਜ ਵਿਆਹ ਕਰਾਏ, ਵਡੇਰੀ ਉਮਰੇ ਦਾਨ ਪੁੰਨ ਕੀਤਾ ਤੇ ਵਿਸ਼ਵ ਪੱਧਰੀ ਮੁੱਕੇਬਾਜ਼ੀ ਕੀਤੀ। ਉਹਦੇ ਪੰਜ ਪੁੱਤਰ ਹੋਏ ਤੇ ਪੰਜ ਧੀਆਂ। ਉਹਦਾ ਜਨਮ ਅਮਰੀਕਾ ਦੀ ਟੈਕਸਾਸ ਸਟੇਟ ਦੇ ਸ਼ਹਿਰ ਮਾਰਸ਼ਲ ਵਿੱਚ 10 ਜਨਵਰੀ 1949 ਨੂੰ ਹੋਇਆ ਸੀ ਤੇ ਮੌਤ 21 ਮਾਰਚ 2025 ਨੂੰ ਹਿਊਸਟਨ ਵਿੱਚ ਹੋਈ। ਉਸ ਦਾ ਕੱਦ 1.92 ਮੀਟਰ ਤੇ ਵਜ਼ਨ 118 ਕਿਲੋਗ੍ਰਾਮ ਸੀ। ਆਪਣੇ 76 ਸਾਲਾਂ ਦੇ ਜੀਵਨ ਵਿੱਚ ਉਸ ਨੇ ਉਹ ਕਾਰਨਾਮੇ ਕੀਤੇ ਜੋ ਲੰਮਾ ਸਮਾਂ ਯਾਦ ਰਹਿਣਗੇ।

ਅੰਤਰਰਾਸ਼ਟਰੀ ਬੌਕਸਿੰਗ ਰਿਸਰਚ ਆਰਗੇਨਾਈਜੇਸ਼ਨ ਨੇ ਜੌਰਜ ਫੋਰਮੈਨ ਨੂੰ ਸਰਬ ਸਮਿਆਂ ਦਾ 8ਵਾਂ ਮਹਾਨ ਮੁੱਕੇਬਾਜ਼ ਐਲਾਨਿਆ। ਉਸ ਦਾ ਨਾਂ ਇੰਟਰਨੈਸ਼ਨਲ ਹਾਲ ਆਫ ਫੇਮ ਵਿੱਚ ਸੁਸ਼ੋਭਿਤ ਕੀਤਾ ਗਿਆ। 2002 ’ਚ ‘ਰਿੰਗ’ ਮੈਗਜ਼ੀਨ ਨੇ ‘ਬਿੱਗ ਜੌਰਜ’ ਨੂੰ ਇਤਿਹਾਸ ਦੇ 25 ਮਹਾਨ ਮੁੱਕੇਬਾਜ਼ਾਂ ਵਿੱਚ ਸ਼ੁਮਾਰ ਕੀਤਾ। ਸਖ਼ਤ ਪੰਚ ਮਾਰਨ ਵਾਲਿਆਂ ’ਚ ਉਹ ਨੌਂਵੇਂ ਥਾਂ ਸੀ। 12 ਸਾਲ ਉਸ ਨੇ ਮੁੱਕੇਬਾਜ਼ੀ ਦੇ ਮੁਕਾਬਲਿਆਂ ਦੀ ਕਵਰੇਜ ਕੀਤੀ। ਉਹ ਜਾਰਜ ਫੋਰਮੈਨ ਗਰਿੱਲ ਦਾ ਬੜਾ ਵੱਡਾ ਕਾਰੋਬਾਰੀ ਰਿਹਾ ਜਿਸ ਨੇ ਵਿਸ਼ਵ ਭਰ ’ਚ 100 ਮਿਲੀਅਨ ਯੂਨਿਟਾਂ ਵੇਚੀਆਂ ਜਿਨ੍ਹਾਂ ਨਾਲ 138 ਮਿਲੀਅਨ ਡਾਲਰ ਕਮਾਏ। ਤਦੇ ਉਸ ਨੂੰ ਸਫਲ ਮੁੱਕੇਬਾਜ਼, ਸਫਲ ਪਾਦਰੀ ਤੇ ਸਫਲ ਕਾਰੋਬਾਰੀ ਕਿਹਾ ਜਾਂਦਾ ਹੈ। ਇਸ ਦੇ ਨਾਲ ਹੀ ਉਹ ਲੇਖਕ ਵੀ ਸੀ।

ਮੁੱਕੇਬਾਜ਼ੀ ਦੇ ਇਤਿਹਾਸ ਵਿੱਚ ਉਹ 46 ਸਾਲ 169 ਦਿਨਾਂ ਦੀ ਸਭ ਤੋਂ ਵਡੇਰੀ ਉਮਰ ਦਾ ਵਰਲਡ ਹੈਵੀਵੇਟ ਚੈਂਪੀਅਨ ਹੋ ਗੁਜ਼ਰਿਆ। ਉਹ 48 ਸਾਲ ਦੀ ਉਮਰੇ 1997 ਵਿੱਚ ਮੁੱਕੇਬਾਜ਼ੀ ਦੇ ਮੁਕਾਬਲਿਆਂ ਤੋਂ ਰਿਟਾਇਰ ਹੋਇਆ। ਆਪਣੇ ਖੇਡ ਕੈਰੀਅਰ ਦੌਰਾਨ ਉਸ ਨੇ 76 ਜਿੱਤਾਂ ਹਾਸਲ ਕੀਤੀਆਂ ਜਿਨ੍ਹਾਂ ’ਚ 68 ਨਾਕਆਊਟ ਨਾਲ ਸਨ। ਉਹ ਕੇਵਲ 5 ਮੁਕਾਬਲਿਆਂ ’ਚ ਹਾਰਿਆ ਜਿਨ੍ਹਾਂ ’ਚੋਂ ਇੱਕ ਹਾਰ ਮੁਹੰਮਦ ਅਲੀ ਹੱਥੋਂ ਹੋਈ। ਉਹ ਹਾਰ ਜੌਰਜ ਫੋਰਮੈਨ ਨੂੰ ਆਖ਼ਰੀ ਸਵਾਸ ਤੱਕ ਯਾਦ ਰਹੀ। ਉਹ ਅਮਰੀਕਾ ਦਾ ਪੇਸ਼ੇਵਰ ਮੁੱਕੇਬਾਜ਼ ਸੀ ਜਿਸ ਨੇ 1967 ਤੋਂ 1997 ਤੱਕ ਮੁੱਕੇਬਾਜ਼ੀ ਕੀਤੀ। ਕੈਨੇਡਾ ਵਿੱਚ ਇੱਕ ਰਾਤ ਉਹ ਪੰਜ ਹੈਵੀਵੇਟ ਮੁੱਕੇਬਾਜ਼ਾਂ ਨਾਲ ਭਿੜਿਆ ਜਿਨ੍ਹਾਂ ’ਚੋਂ ਤਿੰਨਾਂ ਨੂੰ ਨਾਕਆਊਟ ਕੀਤਾ।

1973-74 ਦੌਰਾਨ ‘ਬਿੱਗ ਜੌਰਜ’ ਵਿਸ਼ਵ ਦਾ ਸਭ ਤੋਂ ਤਕੜਾ ਮੁੱਕੇਬਾਜ਼ ਬਣਿਆ ਰਿਹਾ। ਉਦੋਂ ਤੱਕ ਉਹ 40 ਭੇੜਾਂ ’ਚੋਂ 37 ਭੇੜ ਵਿਰੋਧੀਆਂ ਨੂੰ ਨਾਕਆਊਟ ਕਰ ਕੇ ਜਿੱਤ ਚੁੱਕਾ ਸੀ।

ਜੌਰਜ ਨੇ ਜੋਅ ਫਰੇਜ਼ੀਅਰ ਤੋਂ ਬਿਨਾਂ ‘ਕਿੰਗ’ ਰੋਮਨ ਨੂੰ ਇੱਕੋ ਰਾਊਂਡ ’ਚ ਤੇ ਕੈਨ ਨਾਰਟਨ ਨੂੰ 2 ਰਾਊਂਡਾਂ ’ਚ ਹਰਾ ਕੇ ਟਾਈਟਲ ਜਿੱਤੇ। 1975 ਵਿੱਚ ਇੱਕ ਨੁਮਾਇਸ਼ੀ ਸ਼ੋਅ ’ਚ ਲਗਾਤਾਰ 5 ਮੁੱਕਬਾਜ਼ਾਂ ਨੂੰ ਇੱਕੋ ਸਾਹ ਹਰਾਇਆ। 1977 ਵਿੱਚ ਪੋਰਟੋ ਰੀਕੋ ਵਿਖੇ ਜਿਮੀ ਯੰਗ ਨਾਲ ਭਿੜਨ ਪਿੱਛੋਂ ਜਦੋਂ ਉਹ ਡਰੈਸਿੰਗ ਰੂਮ ਵਿੱਚ ਗਿਆ ਤਾਂ ਉਸ ਦੇ ਕਥਨ ਅਨੁਸਾਰ ਉਸ ਨੂੰ ਗੌਡ ਦੇ ਦਰਸ਼ਨ ਹੋਏ। ਉਸ ਪਿੱਛੋਂ ਉਹ ਇਸਾਈ ਧਰਮ ਦਾ ਪ੍ਰੀਚਰ ਅਥਵਾ ਪਾਦਰੀ ਬਣ ਗਿਆ। ਉਸ ਨੇ ਮੁੱਕੇਬਾਜ਼ੀ ਕਰਨੀ ਛੱਡ ਦਿੱਤੀ, ਆਲੀਸ਼ਾਨ ਚਰਚ ਬਣਾਇਆ ਤੇ ਧਰਮ ਪ੍ਰਚਾਰ ਕਰਨ ਲੱਗਾ। ਧਰਮ ਕਾਰਜ ਵਿੱਚ ਉਸ ਨੇ ਦਸ ਸਾਲ ਲਾਏ। ਉਸ ਦਾ ਭਾਰ 300 ਪੌਂਡ ਤੱਕ ਵਧ ਗਿਆ। ਭਾਰ ਘਟਾਉਣ ਤੇ ਚਰਚ ਲਈ ਫੰਡ ਜੁਟਾਉਣ ਵਾਸਤੇ ਉਹ ਫਿਰ ਮੁੱਕੇਬਾਜ਼ੀ ਕਰਨ ਲੱਗ ਪਿਆ। ਮੁੱਕੇਬਾਜ਼ੀ ਦੇ ਮਾਹਿਰ ਉਸ ਦੇ ਇਸ ਮੋੜ ’ਤੇ ਹੱਸਣ ਲੱਗੇ ਕਿ ਹੁਣ ਇਹ ਕਿੱਧਰ ਤੁਰ ਪਿਆ?

ਵੱਡੀ ਹੈਰਾਨੀ ਉਦੋਂ ਹੋਈ ਜਦੋਂ ਪਾਦਰੀ ਤੋਂ ਫਿਰ ਮੁੱਕੇਬਾਜ਼ ਬਣੇ ‘ਬਿੱਗ ਜੌਰਜ’ ਨੇ 18 ਸਿੱਧੇ ਟਾਈਟਲ ਜਿੱਤ ਮਾਰੇ ਤੇ ਉਹ ਵੀ ਨਾਕ ਆਊਟ ਨਾਲ!

ਪਹਿਲਾ ਵਿਸ਼ਵ ਟਾਈਟਲ ‘ਬਿੱਗ ਜੌਰਜ’ ਨੇ 1973 ਵਿੱਚ ਜਿੱਤਿਆ ਸੀ ਤੇ ਦੂਜਾ 21 ਸਾਲ ਬਾਅਦ 1994 ਵਿੱਚ। 21 ਸਾਲਾਂ ਬਾਅਦ ਦੁਬਾਰਾ ਵਿਸ਼ਵ ਚੈਂਪੀਅਨ ਬਣਨਾ ਵੀ ਆਪਣੀ ਤਰ੍ਹਾਂ ਦਾ ਵਿਸ਼ਵ ਰਿਕਾਰਡ ਹੀ ਹੈ। ਉਹ ਸਮਰਪਿਤ ਪਾਦਰੀ, ਸਮਰਪਿਤ ਪਤੀ, ਪਿਆਰਾ ਬਾਪ, ਸਤਿਕਾਰਤ ਬਾਬਾ ਤੇ ਪੜਦਾਦਾ ਸੀ। ਉਹ ਲੀਜੈਂਡਰੀ ਮੁੱਕੇਬਾਜ਼ ਸੀ। ਉਹ 1977 ’ਚ ਲਾਰਡ ਈਸਾ ਮਸੀਹ ਚਰਚ ਟੈਕਸਾਸ ਦਾ ਪ੍ਰੀਚਰ ਬਣਿਆ ਸੀ ਜੋ ਜੌਰਜ ਨੇ ਹੀ ਬਣਵਾਇਆ ਸੀ। 1987 ’ਚ ਪੈਸੇ ’ਕੱਠੇ ਕਰ ਕੇ ਉਸ ਨੇ ਇੱਕ ਯੂਥ ਸੈਂਟਰ ਵੀ ਬਣਵਾਇਆ।

ਉਸ ਦੇ ਦੇਹਾਂਤ ਸਮੇਂ ਉੱਘੇ ਵਿਅਕਤੀਆਂ ਨੇ ਬੜੀਆਂ ਭਾਵਪੂਰਤ ਸ਼ਰਧਾਂਜਲੀਆਂ ਭੇਟ ਕੀਤੀਆਂ। ਵਿਸ਼ਵ ਬੌਕਸਿੰਗ ਸੰਸਥਾ ਦੇ ਪ੍ਰਧਾਨ ਮੌਰੀਸੀਓ ਸੁਲੇਮਾਨ ਦੀ ਸ਼ਰਧਾਂਜਲੀ ਸੀ, ਉਸ ਦੀ ਯਾਦ ਸਦੀਵੀ ਹੈ। ਰੱਬ ਉਹਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ। ‘ਬਿੱਗ ਜੌਰਜ’ ਦੇ ਜੀਵਨ ’ਤੇ ਬਣੀ ਫਿਲਮ 2023 ਵਿੱਚ ਰਿਲੀਜ਼ ਹੋਈ।

# ਦਿਲਾਂ ਦੀ ਆਵਾਜ਼ ਹੁੰਦੇ ਨੇ ਗੀਤ







**ਜਗਦੇਵ ਸ਼ਰਮਾ**

ਗੱਲ ਉਨ੍ਹਾਂ ਵੇਲਿਆਂ ਦੀ ਕਰਾਂਗਾ ਜਦੋਂ ਦੋ ਮੰਜੇ ਜੋੜ ਕੇ ਸਪੀਕਰ ਲਾਉਣ ਦਾ ਜ਼ਮਾਨਾ ਹੁੰਦਾ ਸੀ। ਸਮਾਗਮ ਜਿਹੋ ਜਿਹਾ ਵੀ ਮਰਜ਼ੀ ਹੁੰਦਾ, ਉਸ ਦੀ ਸ਼ੁਰੂਆਤ ਉਸਤਾਦ ਯਮਲਾ ਜੱਟ ਦੇ ਗਾਏ ਧਾਰਮਿਕ ਗੀਤ 'ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ, ਨੀਝਾਂ ਲਾ ਲਾ ਵੇਹੰਦੀ ਦੁਨੀਆਂ ਸਾਰੀ ਐ' ਜਾਂ 'ਜੰਗਲ ਦੇ ਵਿੱਚ ਖੂਹਾ ਲਵਾਦੇ, ਉੱਤੇ ਪਵਾਦੇ ਡੋਲ, ਓ ਸਖੀਆ ਨਾਮ ਸਾਈਂ ਦਾ ਈ ਬੋਲ' ਨਾਲ ਹੀ ਹੋਇਆ ਕਰਦੀ ਸੀ। ਇਸ ਗੀਤ ਤੋਂ ਇਲਾਵਾ ਹੋਰ ਬਹੁਤ ਸਾਰੇ ਸਦਾਬਹਾਰ ਗੀਤਾਂ ਦੇ ਨਾਲ ਨਾਲ ਯਮਲਾ ਜੱਟ ਨੂੰ ਉਸ ਦੇ ਗੀਤ 'ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ, ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਕਾਰਨ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ।

ਪੰਜਾਬੀ ਗਾਇਕੀ ਵਿੱਚ ਦੂਜਾ ਨੰਬਰ ਸੁਰਾਂ ਦੀ ਮਲਿਕਾ ਸੁਰਿੰਦਰ ਕੌਰ ਦਾ ਆਉਂਦਾ ਹੈ। 'ਲੈ ਦੇ ਮੈਨੂੰ ਮਖਮਲ ਦੀ, ਪੱਖੀ ਘੁੰਗਰੂਆਂ ਵਾਲੀ', 'ਜੁੱਤੀ ਕਸੂਰੀ, ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ', 'ਇੱਕ ਮੇਰੀ ਅੱਖ ਕਾਸ਼ਨੀ', 'ਕਿਨ੍ਹਾ ਜੰਮੀਆਂ ਕਿਨ੍ਹਾ ਨੇ ਲੈ ਜਾਣੀਆਂ', 'ਇਨ੍ਹਾਂ ਅੱਖੀਆਂ 'ਚ ਪਾਵਾਂ ਕਿਵੇਂ ਕਜਲਾ, ਅੱਖੀਆਂ 'ਚ ਤੂੰ ਵੱਸਦਾ' ਅਤੇ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਰਲ ਕੇ ਗਾਇਆ ਗਾਣਾ 'ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ, ਰਹਾਂ ਬਾਪ ਦੀ ਬਣ ਕੇ ਗੋਲੀ ਨੀਂ ਮਾਂ' ਵਰਗੇ ਗੀਤ ਪੰਜਾਬ ਦੇ ਲੋਕ ਗੀਤ ਬਣ ਗਏ। ਸੁਰਿੰਦਰ ਕੌਰ ਦੇ ਗਾਏ ਗੀਤਾਂ ਦੀ ਸੂਚੀ ਐਨੀ ਲੰਮੀ ਹੈ ਕਿ ਲੇਖਕਾਂ ਨੇ ਕਿਤਾਬਾਂ ਲਿਖ ਰੱਖੀਆਂ ਹਨ। 'ਜੇ ਮੁੰਡਿਆ ਸਾਡੀ ਤੋਰ ਤੂੰ ਵੇਖਣੀ, ਗੜਵਾ ਲੈ ਦੇ ਚਾਂਦੀ ਦਾ, ਵੇ ਲੱਕ ਹਿੱਲੇ ਮਜਾਜ਼ਣ ਜਾਂਦੀ ਦਾ', 'ਹੋਇਆ ਕੀ ਜੇ ਕੁੜੀ ਐਂ ਤੂੰ ਦਿੱਲੀ ਸ਼ਹਿਰ ਦੀ, ਨੀਂ ਮੈਂ ਵੀ ਜੱਟ ਲੁਧਿਆਣੇ ਦਾ', 'ਬੋਤਾ ਹੌਲੀ ਤੋਰ ਮਿੱਤਰਾ, ਵੇ ਮੇਰਾ ਨਰਮ ਕਾਲਜਾ ਧੜਕੇ' ਅਤੇ 'ਆ ਗਿਆ ਵਣਜ਼ਾਰਾ ਨੀਂ, ਚੜ੍ਹਾ ਲੈ ਭਾਬੀ ਚੂੜੀਆਂ' ਸਮੇਤ ਆਪਣੇ ਸਮਕਾਲੀ ਗਾਇਕ ਹਰਚਰਨ ਗਰੇਵਾਲ ਨਾਲ ਜੋੜੀ ਬਣਾ ਕੇ ਸੁਰਿੰਦਰ ਕੌਰ ਦੇ ਗਾਏ ਗੀਤ ਅੱਜ ਵੀ ਝੂਮਣ ਲਾ ਦਿੰਦੇ ਹਨ। 'ਅੜੀ ਵੇ ਅੜੀ, ਲੱਗੀ ਸੌਣ ਦੀ ਝੜੀ', 'ਦੁੱਧ ਪੀ ਲੈ ਬਾਲਮਾ ਵੇ ਮੈਂ ਕਦੋਂ ਦੀ ਖੜ੍ਹੀ' ਪ੍ਰਕਾਸ਼ ਕੌਰ ਦਾ ਗਾਇਆ ਗੀਤ ਸੌਣ ਵਿਚਲੇ ਰੁਮਾਂਟਿਕ ਮੌਸਮ ਦੀ ਬਾਤ ਪਾਉਂਦਾ ਹੈ।

ਗਾਇਕਾ ਨਰਿੰਦਰ ਬੀਬਾ ਨੇ ਗਾਇਕੀ ਦੇ ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਉਸ ਦੇ ਗਾਏ ਗੀਤ 'ਚਾਰ ਦਿਨ ਮੌਜਾਂ ਮਾਣ ਕੇ, ਲਾ ਕੇ ਦੁੱਖਾਂ ਦੇ ਸਮੁੰਦਰਾਂ 'ਚ ਤਾਰੀ', 'ਆਹ ਲੈ ਮਾਏ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ', 'ਮਾਵਾਂ ਧੀਆਂ ਮਿਲਣ ਲੱਗੀਆਂ ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ' ਸੁਣ ਕੇ ਅੱਜ ਵੀ ਡੋਲੀ ਤੋਰਨ ਵਾਲੇ ਪਰਿਵਾਰ ਦਾ ਮਨ ਪਸੀਜ ਜਾਂਦਾ ਹੈ। 'ਚੰਨ ਮਾਤਾ ਗੁਜਰੀ ਦਾ', 'ਰਣ ਗਗਨ ਦਮਾਮਾ ਵੱਜਿਆ', 'ਸਿੰਘੋ ਸਰਦਾਰੋ, ਕੋਈ ਵੈਰੀ ਚੜ੍ਹ ਕੇ ਆ ਗਿਆ ਤੁਸੀਂ ਜਾ ਲਲਕਾਰੋ', 'ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ, ਦੱਸ ਕੀ ਕਰਾਂ', 'ਵੇ ਅਸਾਂ ਨ੍ਹੀਂ ਕਨੌੜ ਝੱਲਣੀ, ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ', 'ਦਰ 'ਤੇ ਮਸ਼ੀਨ ਚੱਲਦੀ, ਸਾਡਾ ਖੌਸੜਾ ਚੱਕੀ ਨੂੰ ਹੱਥ ਲਾਉਂਦਾ', 'ਚਿੱਟੀਆਂ ਕਪਾਹ ਦੀਆਂ ਫੁੱਟੀਆਂ, ਹਾੜ੍ਹਾ ਨੀਂ ਪੱਤ ਹਰੇ ਹਰੇ, ਆਖੀਂ ਨੀਂ ਨਣਾਨੇ ਤੇਰੇ ਵੀਰ ਨੂੰ ਕਦੇ ਤਾਂ ਭੈੜਾ ਹੱਸਿਆ ਕਰੇ' ਵਰਗੇ ਗੀਤ ਅੱਜ ਵੀ ਸਾਰਥਕ ਹਨ।

'ਏਧਰ ਕਣਕਾਂ ਓਧਰ ਕਣਕਾਂ, ਵਿੱਚ ਕਣਕਾਂ ਦੇ ਬੂਰ ਪਿਆ, ਮੁਟਿਆਰੇ ਜਾਣਾ ਦੂਰ ਪਿਆ' ਆਸਾ ਸਿੰਘ ਮਸਤਾਨਾ ਦੀ ਵਿਲੱਖਣ ਆਵਾਜ਼ ਦਾ ਨਮੂਨਾ ਹੈ। ਫਿਰ ਦੌਰ ਆਇਆ ਹੰਸ ਰਾਜ ਹੰਸ, ਗੁਰਦਾਸ ਮਾਨ, ਹਰਭਜਨ ਮਾਨ , ਬੱਬੂ ਮਾਨ ਵਰਗਿਆਂ ਦਾ। ਹੰਸ ਰਾਜ ਹੰਸ ਦਾ ਗਇਆ ਗੀਤ 'ਜਿਹੜੀ ਨੱਚੂਗੀ ਸਾਡੇ ਨਾਲ, ਓਹਨੂੰ ਦਿਲ ਵੀ ਦਿਆਂਗੇ' ਅੱਜ ਵੀ ਆਰਕੈਸਟਰਾ ਦੀ ਸ਼ਾਨ ਬਣਦਾ ਹੈ। ਕਿਸੇ ਵੇਲੇ ਨੌਜਵਾਨੀ ਦੇ ਦਿਲਾਂ ਦੀ ਧੜਕਣ ਗੁਰਦਾਸ ਮਾਨ ਨੇ ਆਪਣੇ ਵਿਲੱਖਣ ਅੰਦਾਜ਼ ਵਿੱਚ ਗਾਇਕੀ ਨੂੰ ਨਵਾਂ ਰੂਪ ਦਿੱਤਾ। 'ਮਾਮਲਾ ਗੜਬੜ ਹੈ' ਤੋਂ ਸ਼ੁਰੂ ਹੋ ਕੇ ਹੋਰ ਸੈਂਕੜੇ ਸੱਭਿਆਚਾਰਕ ਗੀਤਾਂ ਦੇ ਨਾਲ ਉਹ 'ਗੱਲ ਚਾਂਦੀ ਦੇ ਰੁਪਈਏ ਵਾਂਗੂੰ ਟਣਕੇ' ਤੱਕ ਪਹੁੰਚਿਆ। ਉਸ ਦਾ ਗਾਇਆ ਛੱਲਾ ਗੁਰਦਾਸ ਮਾਨ ਦੀ ਗਾਇਕੀ ਦਾ ਸਿਖਰ ਹੋ ਨਿੱਬੜਿਆ। 'ਚਿੱਠੀਏ ਨੀਂ ਚਿੱਠੀਏ, ਹੰਝੂਆਂ ਨਾਲ ਲਿਖੀਏ' ਗੀਤ ਗਾ ਕੇ ਹਰਭਜਨ ਮਾਨ ਨੇ ਨਾਂ ਕਮਾਇਆ। 'ਲੱਗੀ ਸੌਣ ਦੀ ਝੜੀ' ਨਾਲ ਬੱਬੂ ਮਾਨ ਨੇ ਆਪਣਾ ਯੋਗਦਾਨ ਪਾਇਆ।

ਆਪਣੀ ਟੁਣਕਵੀਂ ਆਵਾਜ਼ ਲਈ ਮਸ਼ਹੂਰ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੇ 'ਮਾਂ ਹੁੰਦੀ ਏ ਮਾਂ ਓਏ ਦੁਨੀਆਂ ਵਾਲਿਓ', 'ਨੀਂ ਮੈਂ ਚਾਦਰ ਕੱਢਦੀ ਨੀਂ, ਉੱਤੇ ਪਾਵਾਂ ਵੇਲਾਂ', 'ਮੇਰੀ ਰੰਗਲੀ ਚਰਖੀ ਨੀਂ' ਆਦਿ ਗਾਣਿਆਂ ਨਾਲ ਸੁਰੀਲੇ ਗਾਇਕਾਂ ਵਿੱਚ ਨਾ ਲਿਖਵਾਇਆ। ਇਨ੍ਹਾਂ ਗਾਇਕਾਂ ਤੋਂ ਪਹਿਲਾਂ 'ਮਿੱਤਰਾਂ ਦੀ ਲੂਣ ਦੀ ਡਲੀ, ਨੀਂ ਤੂੰ ਮਿਸਰੀ ਬਰੋਬਰ ਜਾਣੀ' 'ਕੱਸੀ 'ਤੇ ਵਜਾਵੇ ਵੰਝਲੀ, ਮੁੰਡਾ ਔਸਰਾਂ ਝੋਟੀਆਂ ਚਾਰੇ' ਗਾ ਕੇ ਕਰਮਜੀਤ ਧੂਰੀ ਨੇ ਗਾਇਕੀ ਵਿੱਚ ਧੁੰਮਾਂ ਪਾਈਆਂ। 'ਭੱਠੀ ਉੱਤੇ ਖੜ੍ਹ ਚੰਨਾ, ਦਾਣੇ ਮੈਂ ਭੁਨਾਉਂਦੀਆਂ, 'ਤੇਰੀਆਂ ਖਿੱਲਾਂ ਤੇ ਮੇਰੇ ਰੋੜ ਮੁੰਡਿਆ' ਅਤੇ 'ਖੱਟੀ ਮਿਹਨਤ ਦੀ, ਤੰਗਲੀ ਨਾਲ ਉਡਾਵੇਂ' ਗੀਤ ਗਾ ਕੇ ਪਿਛਲੀ ਸਦੀ ਦੇ ਸੱਤਰਵਿਆਂ ਵਿੱਚ ਗੁਰਦਿਆਲ ਨਿਰਮਾਣ ਅਤੇ ਨਰਿੰਦਰ ਬੀਬਾ ਨੇ ਅਖਾੜਿਆਂ ਰਾਹੀਂ ਖੂਬ ਨਾਂ ਕਮਾਇਆ। ਡੋਲੀ, ਘੋੜੀਆਂ, ਜੁਗਨੀ ਅਤੇ ਲੰਮੀ ਹੇਕ ਵਿੱਚ ਮਿਰਜ਼ਾ ਗਾ ਕੇ ਆਪਣੀ ਗਾਇਕੀ ਦਾ ਸਿੱਕਾ ਮਨਾਉਣ ਵਾਲੀ ਗੁਰਮੀਤ ਬਾਵਾ ਵੀ ਇਨ੍ਹਾਂ ਸਮਿਆਂ ਦੀ ਹੀ ਗਾਇਕਾ ਸੀ।

'ਘੱਗਰੇ ਦੀ ਵੇ ਲੌਣ ਭਿੱਜ ਗਈ' ਵਾਲਾ ਦੀਦਾਰ ਸੰਧੂ ਅਮਰ ਨੂਰੀ ਨਾਲ ਦੋਗਾਣੇ ਗਾ ਕੇ 20ਵੀਂ ਸਦੀ ਦਾ ਮਸ਼ਹੂਰ ਗਾਇਕ ਹੋ ਨਿੱਬੜਿਆ। ਸੁਰਜੀਤ ਬਿੰਦਰੱਖੀਏ ਦਾ ਆਪਣਾ ਅੰਦਾਜ਼ ਸੀ। 'ਮਾਂ ਮੈਂ ਮੁੜ ਨੀਂ ਪੇਕੇ ਆਉਣਾ, ਪੇਕੇ ਹੁੰਦੇ ਮਾਵਾਂ ਨਾਲ', 'ਤੂੰ ਨੀਂ ਬੋਲਦੀ ਰਕਾਨੇ ਤੂੰ ਨੀਂ ਬੋਲਦੀ, ਤੇਰੇ 'ਚ ਤੇਰੇ ਯਾਰ ਬੋਲਦਾ' ਅਤੇ ਉਸ ਦਾ ਅਖੀਰਲਾ ਗਾਣਾ 'ਮੈਂ ਤਿੜਕੇ ਘੜੇ ਦਾ ਪਾਣੀ' ਉਸ ਦੀ ਗਾਇਕੀ ਦਾ ਸਿਖਰ ਸੀ।

ਦੋਗਾਣਿਆਂ ਦੀ ਗੱਲ ਕੀਤੀ ਜਾਵੇ ਤਾਂ ਮੁਹੰਮਦ ਸਦੀਕ ਅਤੇ ਰਣਜੀਤ ਕੌਰ, ਅਮਰ ਚਮਕੀਲਾ ਤੇ ਅਮਰਜੋਤ ਦੀ ਜੋੜੀ ਦਾ ਆਪਣਾ ਹੀ ਸਥਾਨ ਸੀ। 'ਸਰਪੰਚ' ਫਿਲਮ ਵਿਚਲਾ ਗੀਤ 'ਨਈਓਂ ਭੁੱਲਣਾ ਵਿਛੋੜਾ ਮੈਨੂੰ ਤੇਰਾ, ਨੀਂ ਸਾਰੇ ਦੁੱਖ ਭੁੱਲ ਜਾਣਗੇ' ਅਤੇ 'ਮਿੱਤਰਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤੱਕ ਰੋਈ' ਗਾ ਕੇ ਮੁਹੰਮਦ ਸਦੀਕ ਅਤੇ ਬਾਬੇ ਨਾਨਕ ਦੀ ਘੋੜੀ ਗਾ ਕੇ ਰਣਜੀਤ ਕੌਰ ਨੇ ਆਪਣੀ ਪੁਖਤਾ ਗਾਇਕੀ ਦਾ ਸਬੂਤ ਦਿੱਤਾ। ਅਮਰ ਚਮਕੀਲਾ ਨੇ 'ਸਾਥੋਂ ਬਾਬਾ ਖੋਹ ਲਿਆ, ਤੇਰਾ ਨਨਕਾਣਾ' ਗਾ ਕੇ ਬਾਬੇ ਦੇ ਘਰ ਹਾਜ਼ਰੀ ਲਗਵਾਈ।

ਮਿਸ ਪੂਜਾ ਨੇ 21ਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਅਣਗਿਣਤ ਗਾਇਕਾਂ ਨਾਲ ਜੋੜੀਆਂ ਬਣਾ ਕੇ ਦੋਗਾਣੇ ਗਾਏ। ਆਉਣ ਵਾਲੇ ਸਮੇਂ ਵਿੱਚ ਪਾਣੀ ਦੀ ਸਮੱਸਿਆ ਦੀ ਗੱਲ ਕਰਦਾ ਉਸ ਦਾ ਗਾਇਆ ਗੀਤ 'ਪਾਣੀ ਹੋ ਗਏ ਡੂੰਘੇ, ਝੋਨਾ ਲਾਉਣਾ ਹੀ ਛੱਡ ਦੇਣਾ' ਬਹੁਤ ਪਸੰਦ ਕੀਤਾ ਗਿਆ। ਬਹੁਤ ਸਾਰੇ ਗਾਇਕ ਇੱਕ ਦੋ ਗਾਣਿਆਂ ਨਾਲ ਸਟਾਰ ਗਾਇਕ ਬਣ ਗਏ। 'ਪਾਣੀ ਵਿੱਚ ਮਾਰਾਂ ਡੀਟਾਂ' ਅਤੇ 'ਮੇਰੇ ਚਰਖੇ ਦੀ ਟੁੱਟ ਗਈ ਮਾਹਲ, ਵੇ ਚੰਨ ਕੱਤਾਂ ਕਿ ਨਾ' ਨੇ ਹਾਕਮ ਸੂਫ਼ੀ, 'ਕੋਕਾ ਘੜਵਾਦੇ, ਵੇ ਮਾਹੀਆ ਕੋਕਾ' ਗੀਤ ਨੇ ਸਰਬਜੀਤ, 'ਜਿੱਥੋਂ ਮਰਜ਼ੀ ਵੰਗਾਂ ਚੜ੍ਹਵਾ ਲਈਂ, ਮਿੱਤਰਾਂ ਦਾ ਨਾ ਚੱਲਦਾ' ਅਤੇ 'ਇੱਕ ਚੰਨ ਦੇ ਵਾਪਸ ਆਉਣ ਦਾ ਇੰਤਜ਼ਾਰ ਕਰਾਂਗਾ ਮੈਂ' ਨੇ ਹਰਜੀਤ ਹਰਮਨ, 'ਤੁਰਿਆ ਤੁਰਿਆ ਜਾਹ ਫਰੀਦਾ', 'ਚੁੰਨੀ ਨਾਲ ਪਤਾਸੇ' ਅਤੇ 'ਕਾਰ ਰੀਬਨਾ ਵਾਲੀ' ਨੇ ਪਰਮਿੰਦਰ ਸੰਧੂ, ਜਿਉਣੇ ਮੌੜ ਨੂੰ ਆਪਣੇ ਓਪੇਰਾ 'ਜਿਉਣਾ ਮੌੜ' ਰਾਹੀਂ ਦੁਬਾਰਾ ਜ਼ਿੰਦਾ ਕਰ ਦੇਣ ਵਾਲਾ ਸੁਰਿੰਦਰ ਸ਼ਿੰਦਾ, ਰੋਡਵੇਜ਼ ਦੀ ਲਾਰੀ ਵਾਲਾ ਸਰਦੂਲ ਸਿਕੰਦਰ, ਮੇਰਾ ਬੜਾ ਕਰਾਰਾ ਪੂਦਨਾ, ਨਾਲ ਜਗਮੋਹਨ ਕੌਰ ਅਤੇ ਕੇ ਦੀਪ, 'ਪਰਦੇਸੀਆਂ ਨੂੰ ਯਾਦ ਕਰਕੇ ਨੀਂ ਕਾਹਨੂੰ ਅੱਥਰੂ ਵਹਾਉਂਦੀ' ਨਾਲ ਦਿਲਸ਼ਾਦ ਅਖ਼ਤਰ, 'ਟੁੱਟੇ ਦਿਲ ਨ੍ਹੀਂ ਜੁੜਦੇ, ਦੇਖੀ ਤੋੜੀਂ ਨਾ' ਨਾਲ ਧਰਮਪ੍ਰੀਤ ਅਤੇ 'ਤੂਤਕ ਤੂਤਕ ਤੂਤੀਆਂ' ਗੀਤ ਨਾਲ ਮਸ਼ਹੂਰ ਹੋਇਆ ਗਾਇਕ ਮਲਕੀਤ ਸਿੰਘ ਇੰਗਲੈਂਡ ਦੀ ਮਹਾਰਾਣੀ ਤੋਂ ਪ੍ਰਸੰਸਾ ਪੱਤਰ ਲੈ ਆਇਆ ਸੀ। 'ਦੇ ਦੇ ਗੇੜਾ' ਵਾਲੇ ਇੱਕੋ ਗੀਤ ਨੇ ਬਲਬੀਰ ਬੋਪਾਰਾਏ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ ਸੀ। ਮਿੱਠੀ ਆਵਾਜ਼ ਲਈ ਕਲੇਰ ਕੰਠ ਤੇ ਪਰਿਵਾਰਕ ਗੀਤ ਗਾਉਣ ਵਾਲਾ ਪਾਲੀ ਦੇਤਵਾਲੀਆ ਗਾਇਕਾਂ ਦੇ ਤੌਰ 'ਤੇ ਯਾਦ ਰੱਖੇ ਜਾਣਗੇ। 'ਮੇਰੇ ਰਾਂਝੇ ਦਾ ਪ੍ਰਿੰਸੀਪਲ ਜੀ' ਅਤੇ 'ਤੇਰੇ ਵਿਆਹ ਦਾ ਕਾਰਡ' ਗੀਤਾਂ ਨਾਲ ਰਣਜੀਤ ਮਨੀ ਵੀ ਗਾਇਕੀ ਦੇ ਪਿੜ ਵਿੱਚ ਕੁੱਦਿਆ ਸੀ।

ਵਰਤਮਾਨ ਸਮੇਂ ਦੇ ਗਾਇਕਾਂ ਦੀ ਗੱਲ ਕਰੀਏ ਤਾਂ ਸਿੱਧੂ ਮੂਸੇਵਾਲਾ ਦਾ ਜ਼ਿਕਰ ਜ਼ਰੂਰੀ ਹੈ। ਗਾਇਕੀ ਨੂੰ ਨਵੀਆਂ ਦਿਸ਼ਾਵਾਂ ਦੇਣ ਵਾਲੇ ਟਰੈਂਡ ਸੈਟਰ ਦੇ ਤੌਰ 'ਤੇ ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਦਿਲਜੀਤ ਦੁਸਾਂਝ, ਅਮਰਿੰਦਰ ਗਿੱਲ, ਗਿੱਪੀ ਗਰੇਵਾਲ, ਐਮੀ ਵਿਰਕ, ਕੰਵਰ ਗਰੇਵਾਲ, ਰਣਜੀਤ ਬਾਵਾ, ਤਰਸੇਮ ਜੱਸੜ, ਸਤਿੰਦਰ ਸਰਤਾਜ ਤੇ ਨਛੱਤਰ ਗਿੱਲ ਵਰਗਿਆਂ ਦਾ ਵੀ ਆਪਣਾ ਸਮਾਂ ਸੀ ਤੇ ਹੈ।

## ਕੈਮਰੇ ਪਿੱਛੇ ਕੰਮ ਕਰਨ ਵਾਲੇ ਵੀ ਪਿਆਰ ਦੇ ਹੱਕਦਾਰ: ਐਮੀ ਵਿਰਕ




ਪੰਜਾਬੀ ਅਦਾਕਾਰ ਐਮੀ ਵਿਰਕ ਨੇ ਫ਼ਿਲਮ ਦੀ ਸਫ਼ਲਤਾ ਲਈ ਕੈਮਰੇ ਦੇ ਪਿੱਛੇ ਕੰਮ ਕਰਨ ਵਾਲੇ ਅਮਲੇ ਦੇ ਅਣਮੁੱਲੇ ਯੋਗਦਾਨ ਦਾ ਜ਼ਿਕਰ ਕਰਦਿਆਂ ਆਖਿਆ ਕਿ ਇਹ ਲੋਕ ਵੱਧ ਤੋਂ ਵੱਧ ਪਿਆਰ ਦੇ ਹੱਕਦਾਰ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਮੀ ਨੇ ਪਰਦੇ ਦੇ ਪਿੱਛੇ ਰਹਿਣ ਵਾਲੇ ਅਮਲੇ ਦੇ ਯੋਗਦਾਨ ਬਾਰੇ ਗੱਲ ਕੀਤੀ। ਉਸ ਨੇ ਕਿਹਾ, 'ਕਲਾਕਾਰਾਂ ਦਾ ਕੰਮ ਸੌਖਾ ਹੈ ਪਰ ਸਭ ਤੋਂ ਔਖਾ ਕੰਮ ਸਪੌਟ ਬੁਆਏਜ਼, ਰੋਸ਼ਨੀ ਕਰਨ ਵਾਲਿਆਂ ਅਤੇ ਡਾਂਸਰਾਂ ਦਾ ਹੈ। ਉਨ੍ਹਾਂ ਨੂੰ ਸਾਡੇ ਤੋਂ ਦੋ ਘੰਟੇ ਪਹਿਲਾਂ ਸੈੱਟ 'ਤੇ ਆਉਣਾ ਪੈਂਦਾ ਹੈ ਅਤੇ ਦੋ ਘੰਟੇ ਮਗਰੋਂ ਜਾਣਾ ਪੈਂਦਾ ਹੈ। ਜੇ 12 ਘੰਟੇ ਦੀ ਸ਼ਿਫਟ ਹੈ, ਤਾਂ ਉਹ ਸਿਰਫ਼ 4-5 ਘੰਟੇ ਦੀ ਨੀਂਦ ਲੈਂਦੇ ਹਨ ਅਤੇ ਅਕਸਰ ਉਨ੍ਹਾਂ ਨੂੰ ਸਭ ਤੋਂ ਵੱਧ ਝਿੜਕਿਆ ਜਾਂਦਾ ਹੈ।' ਉਸ ਨੇ ਕਿਹਾ ਕਿ ਉਨ੍ਹਾਂ ਨੂੰ ਸੈੱਟ 'ਤੇ ਸਭ ਤੋਂ ਵੱਧ ਪਿਆਰ ਮਿਲਣਾ ਚਾਹੀਦਾ ਹੈ।

## ਫ਼ਿਲਮਾਂ 'ਚ ਨਵੇਂ ਦਿਸਹੱਦੇ ਸਿਰਜ ਰਿਹੈ ਰਣਜੀਤ ਬਾਵਾ

**ਸੁਰਜੀਤ ਜੱਸਲ**

ਪੰਜਾਬੀ ਗਾਇਕੀ ਵਿੱਚ ਸਥਾਪਤੀ ਤੋਂ ਬਾਅਦ ਪੰਜਾਬੀ ਫ਼ਿਲਮਾਂ 'ਚ ਨਵੇਂ ਦਿਸਹੱਦੇ ਸਿਰਜਣ ਵਾਲਾ ਰਣਜੀਤ ਬਾਵਾ ਇਸ ਸਾਲ ਵੀ ਪੰਜਾਬੀ ਸਿਨੇਮਾ 'ਚ ਸਰਗਰਮ ਰਹੇਗਾ। ਰਣਜੀਤ ਬਾਵਾ ਦੀ ਪਹਿਲੀ ਪੰਜਾਬੀ ਫ਼ਿਲਮ 'ਤੂਫ਼ਾਨ ਸਿੰਘ' ਸੀ, ਜਿਸ 'ਤੇ ਸੈਂਸਰ ਬੋਰਡ ਵੱਲੋਂ ਪੰਜਾਬ 'ਚ ਰਿਲੀਜ਼ ਕੀਤੇ ਜਾਣ ਸਬੰਧੀ ਰੋਕ ਲਗਾ ਦਿੱਤੀ ਗਈ ਸੀ ਪਰ ਵਿਦੇਸ਼ਾਂ 'ਚ ਇਸ ਫ਼ਿਲਮ ਨੇ ਚੰਗੀ ਕਮਾਈ ਕੀਤੀ। ਇਸ ਤੋਂ ਬਾਅਦ 'ਭਲਵਾਨ ਸਿੰਘ' ਤੇ 'ਖਿੱਦੋ ਖੂੰਡੀ' ਫ਼ਿਲਮਾਂ ਨਾਲ ਰਣਜੀਤ ਬਾਵਾ ਨੇ ਪਰਦੇ 'ਤੇ ਆਪਣੀ ਪਛਾਣ ਗੂੜ੍ਹੀ ਕੀਤੀ। ਕੁਝ ਸਾਲ ਪਹਿਲਾਂ ਆਈਆਂ ਉਸ ਦੀਆਂ ਪੰਜਾਬੀ ਫ਼ਿਲਮਾਂ 'ਵੇਖ ਬਰਾਤਾਂ ਚੱਲੀਆਂ' ਤੇ 'ਮਿਸਟਰ ਐਂਡ ਮਿਸ਼ਿਜ 420' ਨੇ ਉਸ ਨੂੰ ਨਵੇਂ ਅੰਦਾਜ 'ਚ ਪੇਸ਼ ਕੀਤਾ। ਕਾਮੇਡੀ ਆਧਾਰਿਤ ਇਨ੍ਹਾਂ ਫ਼ਿਲਮਾਂ ਵਿਚਲੇ ਕਿਰਦਾਰਾਂ ਨੇ ਰਣਜੀਤ ਬਾਵਾ ਦੀ ਇੱਕ ਵਧੀਆ ਕਲਾਕਾਰ ਦੇ ਤੌਰ 'ਤੇ ਪਛਾਣ ਪੱਕੀ ਕੀਤੀ।

'ਮਿਸਟਰ ਐਂਡ ਮਿਸ਼ਿਜ 420' ਵਿਚਲੇ ਲਾਡੀ ਅਮਲੀ ਦੇ ਕਿਰਦਾਰ ਨੇ ਉਸ ਨੂੰ ਇੱਕ ਨਵੀਂ ਪਛਾਣ ਦਿੱਤੀ। ਆਪਣੇ ਮੁੱਢਲੇ ਗੀਤਾਂ 'ਜੱਟ ਦੀ ਅਕਲ' ਅਤੇ ਫ਼ਿਲਮ 'ਤੂਫ਼ਾਨ ਸਿੰਘ' ਵਿੱਚ ਰਣਜੀਤ ਬਾਵਾ ਅਣਖੀ ਯੋਧੇ ਵਾਲੇ ਕਿਰਦਾਰ 'ਚ ਉੱਭਰਿਆ ਸੀ, ਬਾਅਦ ਵਿੱਚ ਉਹ ਹਰ ਤਰ੍ਹਾਂ ਦੇ ਕਿਰਦਾਰਾਂ ਵਿੱਚ ਹੀ ਨਜ਼ਰ ਆਉਣ ਲੱਗਾ।



ਗੁਰਦਾਸਪੁਰ ਸ਼ਹਿਰ ਨੇੜਲੇ ਪਿੰਡ ਵਡਾਲਾ ਗ੍ਰੰਥੀਆਂ ਦੇ ਜੰਮਪਲ ਰਣਜੀਤ ਬਾਵਾ ਨੂੰ ਗਾਇਕੀ ਦਾ ਸ਼ੌਕ ਬਚਪਨ ਤੋਂ ਹੀ ਸੀ। ਰਣਜੀਤ ਬਾਜਵਾ ਆਪਣੀ ਪਲੇਠੀ ਐਲਬਮ 'ਮਿੱਟੀ ਦਾ ਬਾਵਾ' ਦੀ ਕੌਮਾਂਤਰੀ ਪ੍ਰਸਿੱਧੀ ਨਾਲ 'ਬਾਜਵਾ' ਤੋਂ 'ਬਾਵਾ' ਬਣ ਗਿਆ। ਉਸ ਤੋਂ ਬਾਅਦ ਗੀਤ 'ਪੌਣੇ ਅੱਠ' ਅਤੇ 'ਤਨਖਾਹ' ਦੀ ਸਫ਼ਲਤਾ ਨੇ ਤਾਂ ਗਾਇਕੀ ਖੇਤਰ ਵਿੱਚ ਉਸ ਦੀ ਪਛਾਣ ਹੋਰ ਗੂੜ੍ਹੀ ਕਰ ਦਿੱਤੀ।

ਪਿਛਲੇ ਕੁਝ ਸਮੇਂ ਤੋਂ ਰਣਜੀਤ ਬਾਵਾ ਅਪਣੀਆਂ ਫ਼ਿਲਮਾਂ ਦੇ ਨਾਲ-ਨਾਲ ਆਪਣੇ ਗੀਤਾਂ 'ਤਾਰੇ ਵਾਲਿਆ ਬਾਬਾ', 'ਲਾਹੌਰ', 'ਕਹਿੰਦੇ ਸ਼ੇਰ ਮਾਰਨਾ', 'ਮਾਣਕ ਦੀ ਕਲੀ', 'ਵੀਕ ਐਂਡ', 'ਕੰਗਣਾ', 'ਫ਼ੁਲਕਾਰੀ' ਆਦਿ ਨਾਲ ਵੀ ਚਰਚਾ 'ਚ ਰਿਹਾ। ਰਣਜੀਤ ਬਾਵਾ ਨੇ ਕਿਹਾ ਕਿ ਉਸ ਨੂੰ ਖ਼ੁਸ਼ੀ ਹੈ ਕਿ ਉਸ ਨੂੰ ਹਮੇਸ਼ਾ ਤਜਰਬੇਕਾਰ ਟੀਮ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਗਾਇਕੀ ਤੇ ਫ਼ਿਲਮਾਂ ਦਾ ਸਫ਼ਰ ਉਹ ਨਿਰੰਤਰ ਜਾਰੀ ਰੱਖੇਗਾ ਤੇ ਭਵਿੱਖ ਵਿੱਚ ਹੋਰ ਚੰਗੀਆਂ ਫ਼ਿਲਮਾਂ ਨਾਲ ਸਰੋਤਿਆਂ ਦੇ ਰੂਬਰੂ ਹੋਵੇਗਾ।

## ਸੁਖਬੀਰ ਸਿੰਘ ਬਾਦਲ

ਸੁਖਦੇਵ ਸਿੰਘ ਢੀਂਡਸਾ, ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਆਦਿ ਵੀ ਉਨ੍ਹਾਂ ਦੇ ਨਾਲ ਹਨ। ਹੁਣ ਸਵਾਲ ਇਹ ਉੱਠਦਾ ਹੈ ਕਿ ਉਨ੍ਹਾਂ ਦੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਏਕਤਾ ਹੋਵੇਗੀ ਜਾਂ ਨਹੀਂ ? ਕੀ ਉਹ ਸ਼੍ਰੋਮਣੀ ਅਕਾਲੀ ਦਲ ਦਾ ਹਿੱਸਾ ਬਣਨਗੇ ਜਾਂ ਨਵਾਂ ਅਕਾਲੀ ਦਲ ਬਣਾਉਣਗੇ ? ਸੁਖਬੀਰ ਬਾਦਲ ਲਈ ਚੁਣੌਤੀ ਆਪਣੇ ਪੁਰਾਣੇ ਸਹਿਯੋਗੀਆਂ ਨੂੰ ਵਾਪਸ ਲਿਆਉਣ ਦੀ ਹੋਵੇਗੀ ?

ਮਾਲਵਾ, ਜੋ ਕਦੇ ਅਕਾਲੀ ਦਲ ਦਾ ਗੜ੍ਹ ਸੀ ਇਨ੍ਹੀਂ ਦਿਨੀਂ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਉਨ੍ਹਾਂ ਨੂੰ ਮੁੜ ਸਥਾਪਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ ਕਿਉਂਕਿ ਹੁਣ ਪੰਜਾਬ ਦੀ ਰਾਜਨੀਤੀ ਵਿੱਚ ਬਹੁ-ਕੋਣੀ ਲੜਾਈ ਚੱਲ ਰਹੀ ਹੈ। ਹੁਣ ਤੱਕ ਸਿਰਫ਼ ਅਕਾਲੀ-ਭਾਜਪਾ ਗੱਠਜੋੜ ਅਤੇ ਕਾਂਗਰਸ ਹੀ ਸਿਆਸੀ ਮੈਦਾਨ ਵਿੱਚ ਸਨ। ਜੇਕਰ ਲੋਕ ਇੱਕ ਪਾਰਟੀ ਤੋਂ ਨਾਖ਼ੁਸ਼ ਹੁੰਦੇ ਤਾਂ ਦੂਜੀ ਨੂੰ ਚੁਣਦੇ ਪਰ ਆਮ ਆਦਮੀ ਪਾਰਟੀ ਦੇ ਆਉਣ ਨਾਲ ਲੜਾਈ ਤਿਕੋਣੀ ਹੋ ਗਈ ਹੈ ਪਰ ਭਾਜਪਾ ਦੇ ਅਕਾਲੀ ਦਲ ਨਾਲ ਨਾ ਹੋਣ ਕਾਰਨ ਇਹ ਬਹੁ-ਕੋਣੀ ਹੋ ਗਈ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਦਰਅਸਲ ਜਿਸ ਤਰ੍ਹਾਂ ਸੁਖਬੀਰ ਬਾਦਲ ਇਨ੍ਹੀਂ ਦਿਨੀਂ ਭਾਜਪਾ ਦਾ ਵਿਰੋਧ ਕਰ ਰਹੇ ਹਨ ਉਸ ਤੋਂ ਲੱਗਦਾ ਨਹੀਂ ਕਿ ਨੇੜਲੇ ਭਵਿੱਖ ਵਿੱਚ ਅਕਾਲੀ ਦਲ ਅਤੇ ਭਾਜਪਾ ਇਕੱਠੇ ਹੋਣਗੇ।

ਪੰਜਾਬ ਵਿੱਚ 'ਆਪ' ਅਤੇ ਕਾਂਗਰਸ ਦੋਵੇਂ ਹੀ ਮਜ਼ਬੂਤ ਸਥਿਤੀ ਵਿੱਚ ਹਨ। 'ਆਪ' ਦੀ ਭਗਵੰਤ ਮਾਨ ਸਰਕਾਰ ਨੇ ਮੁਫ਼ਤ ਬਿਜਲੀ ਅਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਰਗੇ ਪ੍ਰਸਿੱਧ ਉਪਾਅ ਕੀਤੇ ਹਨ, ਜਦੋਂ ਕਿ ਕਾਂਗਰਸ ਆਪਣੀਆਂ ਪੁਰਾਣੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੁਖਬੀਰ ਨੂੰ ਦੋਵਾਂ ਨਾਲ ਮੁਕਾਬਲਾ ਕਰਨ ਲਈ ਇੱਕ ਨਵੀਂ ਰਣਨੀਤੀ ਦੀ ਲੋੜ ਹੈ। ਜੋ ਨਵਾਂ ਅਕਾਲੀ ਦਲ ਪੰਜ ਮੈਂਬਰੀ ਕਮੇਟੀ ਉਸਾਰ ਰਹੀ ਹੈ, ਉਹ ਵੀ ਸੁਖਬੀਰ ਬਾਦਲ ਲਈ ਚੈਲਿੰਜ ਹੋਵੇਗਾ।

ਸੁਖਬੀਰ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਉਨ੍ਹਾਂ ਦੀ ਪਾਰਟੀ ਸਿੱਖ ਕਦਰਾਂ-ਕੀਮਤਾਂ ਅਤੇ ਪੰਜਾਬੀ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ, ਨਾ ਕਿ ਸਿਰਫ਼ ਸੱਤਾ ਦੀ ਰਾਜਨੀਤੀ ਲਈ। ਜੇਕਰ ਸੁਖਬੀਰ ਨਾਰਾਜ਼ ਆਗੂਆਂ ਨੂੰ ਵਾਪਸ ਲਿਆਉਣ ਅਤੇ ਨੌਜਵਾਨ ਵਰਕਰਾਂ ਨੂੰ ਪ੍ਰੇਰਿਤ ਕਰਨ ਵਿੱਚ ਸਫ਼ਲ ਹੋ ਜਾਂਦਾ ਹੈ, ਤਾਂ ਅਕਾਲੀ ਦਲ 2027 ਵਿੱਚ ਇੱਕ ਮਜ਼ਬੂਤ ਦਾਅਵੇਦਾਰ ਬਣ ਸਕਦਾ ਹੈ। ਉਨ੍ਹਾਂ ਦੀ 'ਪੰਜਾਬ ਬਚਾਓ ਯਾਤਰਾ' ਅਤੇ ਹੁਣ ਇਹ ਨਿਯੁਕਤੀ ਇਸ ਦਿਸ਼ਾ ਵਿੱਚ ਸ਼ੁਰੂਆਤੀ ਕਦਮ ਹਨ।

ਸੁਖਬੀਰ ਦਾ ਖ਼ਾਲਸਾ ਪੰਥ ਅਤੇ ਪੰਜਾਬੀ ਪਛਾਣ 'ਤੇ ਜ਼ੋਰ ਸਿੱਖ ਵੋਟਰਾਂ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਹੈ। ਜੇਕਰ ਇਹ ਰਣਨੀਤੀ ਕੰਮ ਕਰਦੀ ਹੈ ਤਾਂ ਇਹ 'ਆਪ' ਅਤੇ ਕਾਂਗਰਸ ਲਈ ਚੁਣੌਤੀ ਬਣ ਸਕਦੀ ਹੈ। ਪਰ ਇਹ ਸਭ ਕੁਝ ਸੁਖਬੀਰ ਦੀ ਲੀਡਰਸ਼ਿਪ ਯੋਗਤਾ ਅਤੇ ਉਸ ਦੀ ਰਣਨੀਤੀ 'ਤੇ ਨਿਰਭਰ ਕਰੇਗਾ। ਪੰਜਾਬ ਦੀ ਰਾਜਨੀਤੀ ਵਿੱਚ 'ਆਪ' ਅਤੇ ਕਾਂਗਰਸ ਵਰਗੇ ਮਜ਼ਬੂਤ ਵਿਰੋਧੀ ਧਿਰਾਂ, ਅਕਾਲੀ ਦਲ ਦੀਆਂ ਇਤਿਹਾਸਕ ਗਲਤੀਆਂ ਅਤੇ ਅੰਦਰੂਨੀ ਚੁਣੌਤੀਆਂ ਸੁਖਬੀਰ ਲਈ ਰਾਹ ਮੁਸ਼ਕਲ ਬਣਾਉਂਦੀਆਂ ਹਨ। ਫ਼ਿਰ ਵੀ, ਉਨ੍ਹਾਂ ਦੀ ਨਿਯੁਕਤੀ ਅਤੇ ਬਿਆਨ ਤੋਂ ਪਤਾ ਲੱਗਦਾ ਹੈ ਕਿ ਅਕਾਲੀ ਦਲ 2027 ਲਈ ਚੋਣ ਮੈਦਾਨ ਵਿੱਚ ਉਤਰ ਚੁੱਕਾ ਹੈ।

***

## ਸਮਕਾਲੀ ਪੰਜਾਬੀ ਕਵਿਤਾ ਅਤੇ ਸਾਹਿਤਕ

ਮੁਕਤ ਅਤੇ ਸਿਰਫ਼ ਤੇ ਸਿਰਫ਼ ਅਹੁਦੇ ਹਥਿਆਉਣ ਨੂੰ ਹੀ ਆਪਣੇ ਜੀਵਨ ਦੀ ਮੁੱਖ ਮੰਜ਼ਿਲ ਸਮਝਦੇ ਹਨ। ਇੱਥੋਂ ਹੀ ਤੁਸੀਂ ਅੰਦਾਜ਼ਾ ਲਾ ਲਵੋ ਕਿ ਅਜਿਹੇ ਲੋਕਾਂ ਵੱਲੋਂ ਸਿਰਜਿਆ ਸਾਹਿਤ ਕਿੰਨਾ ਕੁ ਸਮਾਜ ਦਾ ਸ਼ੀਸ਼ਾ ਅਤੇ ਮਾਰਗ ਦਰਸ਼ਕ ਹੋ ਸਕਦਾ ਹੈ। ਇਵੇਂ ਲਗਦਾ ਹੈ ਕਿ ਧਰਤੀ ਉੱਤੇ ਵਿਹਲੜਾਂ ਦੀ ਇੱਕ ਵੱਡੀ ਫ਼ੌਜ ਰਾਜਨੀਤਕ ਅਖਾੜੇ ਵਿੱਚ ਹੀ ਨਹੀਂ ਸਗੋਂ ਸੱਤਾ ਦੇ ਨੇੜੇ ਪੁੱਜਣ ਲਈ ਸਾਹਿਤਕ ਹਲਕਿਆਂ ਵਿੱਚ ਵੀ ਆਪਣੇ ਬੌਣੇ ਜਿਹੇ ਦਾਇਰੇ ਅਤੇ ਕੱਦ ਮੁਤਾਬਿਕ ਸਰਗਰਮ ਹੈ। ਇਸਦਾ ਮਤਲਬ ਇਹ ਨਹੀਂ ਕਿ ਸਾਰੇ ਸਾਹਿਤਕਾਰਾਂ ਵਿਹਲੇ ਹਨ, ਬਹੁਤ ਸਾਰੇ ਸਾਹਿਤਕਾਰ ਅੱਜ ਵੀ ਸਮਾਜਕ ਅਤੇ ਆਰਥਿਕ ਜੀਵਨ ਵਿੱਚ ਆਪਣੇ ਵਿੱਤ ਮੁਤਾਬਿਕ ਹਿੱਸਾ ਪਾਉਂਦੇ ਵੇਖੇ ਜਾ ਸਕਦੇ ਹਨ। ਕਿਰਤ ਅਤੇ ਸਮਾਜਕ ਜੀਵਨ ਨਾਲੋਂ ਟੁੱਟੇ ਲੋਕ ਸਾਹਿਤ ਅਤੇ ਕਲਾ ਦੀ ਸਿਰਜਣਾ ਨਹੀਂ ਕਰ ਸਕਦੇ।

ਸਾਹਿਤਕ ਨਿਘਾਰ ਦਾ ਇੱਕ ਹੋਰ ਵੀ ਵੱਡਾ ਕਾਰਨ ਬਜ਼ਾਰ ਵਿੱਚ ਬੈਠੇ ਸਥਾਪਤ ਲੇਖਕ, ਪ੍ਰਕਾਸ਼ਕ ਅਤੇ ਯੂਨੀਵਰਸਿਟੀਆਂ ਦੇ ਕੁਝ ਅਖ਼ੌਤੀ ਸਾਹਿਤਕ ਬੁੱਧੀਜੀਵੀ ਵੀ ਹਨ। ਆਮ ਲੇਖਕ ਭਾਵੇਂ ਵਧੀਆ ਵੀ ਲਿਖਦਾ ਹੋਵੇ, ਉਸ ਤੋਂ ਪ੍ਰਕਾਸ਼ਕ ਪੂਰੇ ਪੈਸੇ ਲੈ ਕੇ, ਲੇਖਕ ਸਿਰ ਸਾਰੀ ਜ਼ਿੰਮੇਵਾਰੀ ਸੁੱਟ ਸੁਰਖ਼ਰੂ ਹੋ ਜਾਂਦਾ ਹੈ। ਦੂਜੇ ਬੰਨੇ ਮੱਠਧਾਰੀ, ਪ੍ਰਭਾਵਸ਼ਾਲੀ ਜੁਗਾੜੂ ਲੇਖਕ ਪ੍ਰਕਾਸ਼ਕਾਂ ਨਾਲ ਗੰਢਤੁੱਪ ਕਰਕੇ ਮੁਫ਼ਤ ਕਿਤਾਬਾਂ ਛਪਵਾ ਕੇ, ਯੂਨੀਵਰਸਿਟੀ ਦੇ ਸਲੇਬਸਾਂ ਵਿੱਚ ਲਗਵਾ ਕੇ, ਖ਼ੂਬ ਵਾਹਵਾ-ਵਾਹਵਾ ਦੇ ਨਾਲੋ ਨਾਲ ਖੱਟੀ ਵੀ ਖ਼ੂਬ ਖੱਟਦੇ ਹਨ। ਸਰਕਾਰੇ ਦਰਬਾਰੇ ਪਹੁੰਚ ਕਾਰਨ ਉੱਚੇ ਅਹੁਦਿਆਂ ਉੱਤੇ ਬਿਰਾਜਮਾਨ ਹੋ ਕੇ, ਹਲਕੀਆਂ ਤੇ ਪੇਤਲੀਆਂ ਲਿਖਤਾਂ ਨੂੰ ਪ੍ਰਮੋਟ ਕਰਦੇ ਹਨ। ਜਦੋਂ ਅਜਿਹੇ ਹਾਲਾਤ ਹੋਣ ਤਾਂ ਸਾਹਿਤਕ ਵਿਕਾਸ ਦੇ ਦਾਅਵੇ ਹਾਸੋਹੀਣੇ ਕਿਉਂ ਨਾ ਲੱਗਣ ? ਰਹਿੰਦੀ ਖੂੰਹਦੀ ਕਸਰ ਸਨਮਾਨਾਂ ਦੇ ਲੱਗ ਰਹੇ ਰੋਜ਼ਾਨਾ ਮੇਲਿਆਂ ਨੇ ਪੂਰੀ ਕਰ ਦਿੱਤੀ ਹੈ। ਅਣਗਿਣਤ ਖੁੰਬਾਂ ਵਾਂਗ ਪੈਦਾ ਹੋ ਰਹੇ ਮੰਚ ਪਤਾ ਨਹੀਂ ਕਿੰਨਿਆਂ ਕੁ ਨੂੰ ਨਿੱਤ ਮਾਨਾਂ ਅਤੇ ਸਨਮਾਨਾਂ ਦੀ ਦਾਤ ਬਖ਼ਸ਼ ਦਿੰਦੇ ਹਨ। ਕਈ 'ਨਾਮਵਰ' ਅਤੇ 'ਸੁਪਰਸਿੱਧ' ਪੱਛਮੀ ਪ੍ਰਵਾਸੀ ਕਵੀ ਇੱਥੇ ਆਉਂਦੇ ਹੀ ਇਸੇ ਕਾਰਜ ਲਈ ਹਨ ਅਤੇ ਪੰਜਾਬ ਦੇ ਵਿੱਚ ਰਹਿੰਦੇ ਬਹੁਤ ਸਾਰੇ ਕਵੀ, ਸਾਹਿਤਕਾਰ, ਬੁੱਧੀਜੀਵੀ ਅਤੇ ਆਲੋਚਕ ਵਿਦੇਸ਼ ਘੁੰਮਣ ਦੀ ਲਾਲਸਾ ਹਿਤ ਉਨ੍ਹਾਂ ਦੇ ਖ਼ੂਬ ਕਸੀਦੇ ਪੜ੍ਹਦੇ, ਹਿੜਹਿੜ ਕਰਦੇ ਅਤੇ ਖ਼ੂਬ ਟਹਿਲ ਸੇਵਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਕੀ ਅਜਿਹੇ ਸਮਿਆਂ ਵਿੱਚ ਕੋਈ ਲਾਲਸਾ ਅਤੇ ਸਨਮਾਨਾਂ ਦਾ ਭੁੱਖਾ ਇਨਸਾਨ ਵਧੀਆ ਸਾਹਿਤਕ ਰਚਨਾ ਦੀ ਸਿਰਜਣਾ ਕਰ ਸਕਦਾ ਹੈ ਜਦੋਂ ਉਸ ਦਾ ਮਕਸਦ ਹੀ ਸਿਰਫ਼ ਤੇ ਸਿਰਫ਼ ਸਨਮਾਨ ਪ੍ਰਾਪਤੀ, ਸ਼ੋਹਰਤ, ਅਹੁਦੇ ਅਤੇ ਨਿੱਜੀ ਮੁਫ਼ਾਦ ਹੋਣ ? ਸਾਹਿਤਕ ਮਿਆਰ ਅਤੇ ਨਿਖਾਰ ਦੀ ਗੱਲ ਤਾਂ ਕਿਤੇ ਦੂਰ ਰਹਿ ਗਈ ਹੈ। ਇਸ ਤੋਂ ਇਲਾਵਾ ਸਾਡੇ ਬਹੁਤ ਸਾਰੇ 'ਕੱਦਾਵਰ ਲੇਖਕਾਂ' ਨੂੰ 'ਗਵਾਂਢੀਆਂ ਦੀ ਥਾਲ਼ੀ ਵਿੱਚ ਪਏ ਲੱਡੂ' ਬਹੁਤ ਵੱਡੇ ਵੱਡੇ ਲਗਦੇ ਹਨ ਅਤੇ ਉਹ ਹਮੇਸ਼ਾ ਦਾਅਵਤ ਦੀ ਤਿਆਰੀ ਵਿੱਚ ਆਪਣੇ ਅਟੈਚੀਕੇਸ ਨੂੰ ਤਿਆਰ ਬਰ ਤਿਆਰ ਰੱਖਦੇ ਹਨ। ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ ਵਿੱਚ ਵੀ 'ਜਥੇਬੰਦਕ ਜਥੇਦਾਰਾਂ' ਦੇ ਗਿਣਤੀ ਦੇ ਮੁਲਾਹਜ਼ੇਦਾਰ ਸਾਹਿਤਕਾਰ ਸ਼ਾਮਲ ਹੁੰਦੇ ਹਨ। ਸਥਾਨਕ ਸਾਹਿਤਕਾਰ ਭਾਵੇਂ ਕਿੰਨੀ ਹੀ ਮਿਆਰੀ ਹੈਸੀਅਤ ਰੱਖਦੇ ਹੋਣ, ਉਨ੍ਹਾਂ ਨੂੰ ਪੰਡਾਲ ਭਰਨ ਲਈ ਰਸਮੀ ਸੱਦਾ ਪੱਤਰ ਭੇਜ ਕੇ ਕੰਮ ਚਲਾਇਆ ਜਾਂਦਾ ਹੈ। ਅਜਿਹੀਆਂ ਹਾਲਤਾਂ ਵਿੱਚ ਪੈਰਾਂ ਹੇਠਾਂ ਧਰਤੀ ਦੇ ਧਰਾਤਲ ਨੂੰ ਭਲਾ ਵੇਖੇ ਕੌਣ ? ਇਸ ਸਭ ਕੁਝ ਦੇ ਬਾਵਜੂਦ ਵੀ ਸੁਰਜੀਤ ਜੱਜ, ਸੁਖਿੰਦਰ, ਸਰਬਜੀਤ ਸੋਹੀ, ਅਮਰਜੀਤ ਟਾਂਡਾ, ਅਮਰਜੀਤ ਕੌਂਕੇ, ਜਸਵੰਤ ਖਟਕੜ, ਅਰਵਿੰਦਰ ਕੌਰ ਕਾਕੜਾ, ਹਰਮੀਤ ਵਿਦਿਆਰਥੀ, ਡਾ. ਮੋਹਰ ਮਾਣਕ, ਸਰਬਜੀਤ ਬੈਂਸ, ਸ਼ਬਦੀਸ਼, ਨਵਤੇਜ ਗੜ੍ਹਦੀਵਾਲਾ ਅਤੇ ਕੁਝ ਹੋਰ ਕਵੀਆਂ ਦੀ ਕਵਿਤਾ ਪ੍ਰਚਲਿਤ ਵਿਆਪਕ ਪ੍ਰਣਾਲੀਆਂ, ਦਰਜੇਬੰਦੀਆਂ ਦੇ ਦਮਨ, ਸੱਤਾ, ਸਥਾਪਤੀਆਂ ਦੇ ਵੱਖ ਵੱਖ ਰੂਪਾਂ, ਅਖ਼ੌਤੀ ਸੰਸਕਾਰਾਂ, ਦੰਭੀ ਵਿਹਾਰਾਂ ਅਤੇ ਸਿਰਜੇ ਜਾ ਰਹੇ ਖੋਖਲੇ ਭਰਮਾਊ ਨਿਖਾਰਾਂ ਦਾ ਪਾਜ ਉਘੇੜਦੀ ਹੋਈ ਸਮਿਆਂ ਨਾਲ ਦਸਤ ਪੰਜਾ ਲੈਂਦੀ ਵੇਖੀ ਜਾ ਸਕਦੀ ਹੈ ਪਰ ਪਿਛਲੇ ਦੋ ਦਹਾਕਿਆਂ ਤੋਂ ਜ਼ਿਆਦਾਤਰ ਪੰਜਾਬੀ ਸਾਹਿਤ ਵਿਚਲੀ ਬਹੁਤੀ ਕਵਿਤਾ ਸਵੈ ਤਸੱਲੀ ਜਾਂ ਤਰੱਕੀ 'ਤੇ ਹੀ ਕੇਂਦਰਿਤ ਰਹੀ ਹੈ। ਸਮਾਜ ਦੀ ਬਹੁ ਵਸੋਂ ਨਾਲੋਂ ਟੁੱਟਿਆ, ਸ਼ਹਿਰੀ ਤਰਜ਼ 'ਤੇ ਨਿਜ਼ਾਮੀ ਵਰਗ ਦਾ ਸਿਰਜਿਆ ਸਾਹਿਤ ਕਦੇ ਵੀ ਆਵਾਮੀ ਤੌਰ 'ਤੇ ਪ੍ਰਵਾਨਤ ਨਹੀਂ ਹੋ ਸਕਦਾ, ਇਸ ਕਰਕੇ ਇਹ ਥੀਮ, ਰੂਪ ਅਤੇ ਰੂਹ ਪੱਖੋਂ ਅਵਾਮ ਤੋਂ ਕੋਹਾਂ ਦੂਰ ਚਲਾ ਗਿਆ ਹੈ। ਸਾਹਿਤਕ ਪ੍ਰੇਮੀਆਂ ਨੂੰ ਇਨ੍ਹਾਂ ਮਸਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ ਕਿਉਂਕਿ ਕਵਿਤਾ ਜਿੱਥੇ ਮਨੁੱਖੀ ਮਨ ਨੂੰ ਤਸਕੀਨ ਦਿੰਦੀ ਹੈ, ਉੱਥੇ ਹੀ ਇਹ ਮਨੁੱਖੀ ਮਨ ਦੀ ਆਵਾਜ਼ ਵੀ ਹੁੰਦੀ ਹੈ, ਜਿਸਦਾ ਬਿਖਰ ਕੇ ਮਨਫ਼ੀ ਹੋ ਜਾਣਾ ਮਾੜੇ ਪਲਾਂ ਦਾ ਸੰਕੇਤ ਹੁੰਦਾ।

***

## ਕੀ ਕੈਨੇਡਾ ਤੋਂ ਭਾਰਤੀਆਂ ਦਾ

ਕੈਨੇਡਾ ਵਿੱਚ ਨਸਲੀ ਵਿਤਕਰਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਹੈ, ਜਦੋਂ ਕਿ ਹੋਰਨਾਂ ਮੁਲਕਾਂ ਵਿੱਚ ਭਾਰਤੀ ਵਿਦਿਆਰਥੀ ਕਈ ਵਾਰ ਨਸਲੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੇ ਹਨ। ਕੈਨੇਡਾ ਵਿੱਚ ਯੂਨੀਵਰਸਿਟੀਆਂ ਅਤੇ ਕਾਲਜਾਂ ਲਈ ਅੰਤਰਰਾਸ਼ਟਰੀ ਵਿਦਿਆਰਥੀ ਆਮਦਨ ਦਾ ਇੱਕ ਵੱਡਾ ਸਰੋਤ ਹਨ। ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡਾ ਵਿੱਚ ਹਰ ਸਾਲ ਲਗਭਗ 16.4 ਬਿਲੀਅਨ ਡਾਲਰ ਦੀ ਦੌਲਤ ਲਿਆਉਂਦੇ ਹਨ, ਜਿਸ ਕਾਰਨ ਕੈਨੇਡਾ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲਦਾ ਹੈ। ਕੈਨੇਡਾ ਦੇ ਮੌਜੂਦਾ ਮਾਹੌਲ ਕਾਰਨ ਭਾਰਤ ਤੋਂ ਵੱਡੀ ਗਿਣਤੀ ਵਿਦਿਆਰਥੀਆਂ ਦੇ ਮਾਪੇ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਦੀ ਥਾਂ ਹੋਰਨਾਂ ਦੇਸ਼ਾਂ ਵਿੱਚ ਭੇਜ ਰਹੇ ਹਨ, ਜਿਸ ਕਾਰਨ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਕੈਨੇਡਾ ਨੂੰ ਹੋਣ ਵਾਲੀ ਆਮਦਨ ਘੱਟ ਹੋਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। ਪੰਜਾਬ ਸਮੇਤ ਭਾਰਤ ਦੇ ਜਿਹੜੇ ਵਿਦਿਆਰਥੀ ਸਿੱਖਿਆ ਕਰਜ਼ਾ ਲੈ ਕੇ ਕੈਨੇਡਾ ਗਏ ਹੋਏ ਹਨ, ਉਹਨਾਂ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਮਹਿੰਗਾਈ ਅਤੇ ਰਿਹਾਇਸ਼ ਦੀ ਘਾਟ ਦੇ ਕਾਰਨ ਆਪਣੇ ਕਰਜ਼ੇ ਮੋੜਨੇ ਮੁਸ਼ਕਿਲ ਹੋ ਗਏ ਹਨ, ਜਿਸ ਕਾਰਨ ਇਹਨਾਂ ਵਿਦਿਆਰਥੀਆਂ ਅਤੇ ਇਹਨਾਂ ਦੇ ਮਾਪਿਆਂ ਦਾ ਆਰਥਿਕ ਪੱਧਰ ਗੜਬੜਾ ਗਿਆ ਹੈ। ਭਾਰਤ ਦੇ ਰਾਸ਼ਟਰੀ ਮੀਡੀਆ ਅਨੁਸਾਰ ਮਹਿੰਗਾਈ ਅਤੇ ਰਿਹਾਇਸ਼ ਦੀ ਸਮੱਸਿਆ ਦੇ ਕਾਰਨ ਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕੈਨੇਡਾ ਤੋਂ ਮੋਹ ਭੰਗ ਹੋ ਰਿਹਾ ਹੈ, ਇਹਨਾਂ ਵਿਦਿਆਰਥੀਆਂ ਵਿੱਚ ਭਾਰਤੀ ਖਾਸ ਕਰਕੇ ਪੰਜਾਬੀ ਵਿਦਿਆਰਥੀ ਵੀ ਸ਼ਾਮਲ ਹਨ।

***

## ਵਿਸਾਖੀ ਮੇਲਾ : ਸਿਆਸੀ ਕਾਨਫ਼ਰੰਸਾਂ 'ਚ

ਉਨ੍ਹਾਂ ਕਿਹਾ ਕਿ ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦਾ ਹਾਂ ਜਿਸ ਨੇ ਤਖ਼ਤ ਦਾ ਕੰਟਰੋਲ ਉਸ ਕੇਂਦਰ ਸਰਕਾਰ ਤੋਂ ਵਾਪਸ ਲੈ ਲਿਆ, ਜਿਸ ਨੇ ਜਥੇਦਾਰਾਂ 'ਤੇ ਸਿੱਖ ਕੌਮ ਖ਼ਿਲਾਫ਼ ਸਟੈਂਡ ਲੈਣ ਲਈ ਦਬਾਅ ਬਣਾਇਆ। ਸੁਖਬੀਰ ਬਾਦਲ ਨੇ ਕਿਹਾ ਅਕਾਲੀ ਦਲ ਪੰਜਾਬ ਦਾ ਅਸਲ ਵਾਰਿਸ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਹੀ ਸੂਬੇ ਦਾ ਤੇਜ਼ ਰਫ਼ਤਾਰ ਵਿਕਾਸ ਕਰਵਾਇਆ ਤੇ ਥਰਮਲ ਪਲਾਂਟ, ਸੜਕ ਤੇ ਹਵਾਈ ਅੱਡੇ ਬਣਾਏ, ਸਿੰਜਾਈ ਸਹੂਲਤਾਂ ਸ਼ੁਰੂ ਕੀਤੀਆਂ, ਕਣਕ ਤੇ ਝੋਨੇ ਲਈ ਐਮ.ਐਸ.ਪੀ. ਲਿਆਂਦੀ, ਆਟਾ ਦਾਲ, ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਵਰਗੀਆਂ ਸਮਾਜ ਭਲਾਈ ਸਕੀਮਾਂ ਸ਼ੁਰੂ ਕੀਤੀਆਂ। ਸ੍ਰ. ਬਾਦਲ ਨੇ ਪੰਜਾਬੀਆਂ ਨਾਲ ਧੋਖਾ ਕਰਨ 'ਤੇ ਆਪ ਸਰਕਾਰ ਦੀ ਵੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਗਏ ਹਨ, ਜਿਸ ਕਾਰਨ ਗੈਂਗਸਟਰ ਸੂਬਾ ਚਲਾ ਰਹੇ ਹਨ ਤੇ ਗ੍ਰਨੇਡ ਹਮਲੇ ਆਮ ਹੋ ਗਏ ਹਨ।

ਇਸ ਮੌਕੇ ਅਕਾਲੀ ਦਲ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਸ੍ਰ ਬਲਵਿੰਦਰ ਸਿੰਘ ਭੂੰਦੜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਦੇ ਮੁੜ ਨਿਰਮਾਣ ਵਾਸਤੇ ਉਹ ਅਕਾਲੀ ਦਲ ਦੀ ਹਮਾਇਤ ਕਰਨ। ਬੀਬੀ ਹਰਸਿਮਰਤ ਕੌਰ ਬਾਦਲ ਨੇ ਅਕਾਲੀ ਦਲ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦ ਭੁਲਾ ਕੇ ਆਪਣੀ ਮਾਂ ਪਾਰਟੀ ਦੀ ਹਮਾਇਤ ਕਰਨ। ਇਸ ਮੌਕੇ ਸੀਨੀਅਰ ਆਗੂ ਪਰਮਜੀਤ ਸਿੰਘ ਸਰਨਾ, ਡਾ. ਦਲਜੀਤ ਸਿੰਘ ਚੀਮਾ, ਹਰਗੋਬਿੰਦ ਕੌਰ, ਸਰਬਜੀਤ ਸਿੰਘ ਝਿੰਜਰ, ਤੇਜਿੰਦਰ ਸਿੰਘ ਮਿੱਡੂਖੇੜਾ ਤੇ ਰਵੀਪ੍ਰੀਤ ਸਿੰਘ ਸਿੱਧੂ ਨੇ ਵੀ ਸੰਬੋਧਨ ਕੀਤਾ।

***

## ਅਮਰੀਕਾ ਵਿੱਚ ਅੰਤਰਰਾਸ਼ਟਰੀ

ਇਹ ਨਿਯਮ ਮੁੱਖ ਤੌਰ 'ਤੇ ਉਨ੍ਹਾਂ ਪ੍ਰਵਾਸੀਆਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਗੈਰ-ਕਾਨੂੰਨੀ ਤੌਰ 'ਤੇ ਜਾਂ ਜਾਇਜ਼ ਦਸਤਾਵੇਜ਼ਾਂ ਤੋਂ ਬਿਨਾਂ ਅਮਰੀਕਾ ਵਿੱਚ ਰਹਿ ਰਹੇ ਹਨ।

ਹੁਣ ਯੂ.ਐਸ. ਵਿੱਚ ਰਹਿ ਰਹੇ ਸਾਰੇ ਗੈਰ-ਨਾਗਰਿਕ, ਜਿਨ੍ਹਾਂ ਦੀ ਉਮਰ 14 ਸਾਲ ਤੋਂ ਵੱਧ ਹੈ ਅਤੇ 30 ਦਿਨ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਵਿੱਚ ਰਹਿੰਦੇ ਹਨ, ਨੂੰ ਫ਼ਾਰਮ ਜੀ-325ਆਰ ਭਰ ਕੇ ਲਾਜ਼ਮੀ ਤੌਰ 'ਤੇ ਸਰਕਾਰ ਨਾਲ ਰਜਿਸਟਰ ਕਰਨਾ ਲਾਜ਼ਮੀ ਹੈ।

ਜੇਕਰ ਕੋਈ ਬੱਚਾ 14 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਉਸ ਦੇ ਮਾਤਾ-ਪਿਤਾ ਨੂੰ ਉਸ ਦੀ ਰਜਿਸਟਰੇਸ਼ਨ ਕਰਵਾਉਣੀ ਪਵੇਗੀ।

11 ਅਪ੍ਰੈਲ ਤੋਂ ਬਾਅਦ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਨੂੰ ਵੀ ਪਹੁੰਚਣ ਦੇ 30 ਦਿਨਾਂ ਦੇ ਅੰਦਰ ਰਜਿਸਟਰ ਕਰਨਾ ਹੋਵੇਗਾ।

ਇਸ ਨਿਯਮ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਜੁਰਮਾਨਾ, ਜੇਲ੍ਹ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ।

ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਆਪਣਾ ਪਤਾ ਬਦਲਦਾ ਹੈ ਤਾਂ ਉਸ ਨੂੰ 10 ਦਿਨਾਂ ਦੇ ਅੰਦਰ ਸਰਕਾਰ ਨੂੰ ਨਵੇਂ ਪਤੇ ਦੀ ਸੂਚਨਾ ਦੇਣੀ ਹੋਵੇਗੀ। ਅਜਿਹਾ ਕਰਨ ਵਿੱਚ ਅਸਫ਼ਲ ਰਹਿਣ 'ਤੇ 5,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਇਲਾਵਾ, ਜਿਨ੍ਹਾਂ ਪ੍ਰਵਾਸੀਆਂ ਦੇ ਬੱਚੇ 14 ਸਾਲ ਦੇ ਹੋ ਰਹੇ ਹਨ, ਉਨ੍ਹਾਂ ਨੂੰ ਸਰਕਾਰ ਕੋਲ ਦੁਬਾਰਾ ਰਜਿਸਟਰ ਕਰਨਾ ਹੋਵੇਗਾ ਅਤੇ ਆਪਣੇ ਫ਼ਿੰਗਰਪ੍ਰਿੰਟ ਵੀ ਜਮ੍ਹਾ ਕਰਵਾਉਣੇ ਹੋਣਗੇ।

***

## 50 ਦੇਸ਼ਾਂ ਵੱਲੋਂ ਯੂਕ੍ਰੇਨ ਨੂੰ ਜੰਗ ਲੜਨ

ਰੱਖਿਆ ਮੰਤਰੀ ਬੋਰੀਸ ਪਿਸਟੋਰੀਅਸ ਨੇ ਕਿਹਾ ਕਿ ਰੂਸ ਦੇ ਰੁਖ ਨੂੰ ਦੇਖਦਿਆਂ ਲੱਗਦਾ ਹੈ ਕਿ ਨੇੜਲੇ ਭਵਿੱਖ 'ਚ ਯੂਕ੍ਰੇਨ 'ਚ ਸ਼ਾਂਤੀ ਸਥਾਪਤ ਨਹੀਂ ਹੋ ਸਕਦੀ।

ਬੈਠਕ ਤੋਂ ਬਾਅਦ ਪਿਸਟੋਰੀਅਸ ਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਜਾਨ ਹੈਲੀ ਨੇ ਕਿਹਾ ਕਿ ਅਸੀਂ ਸਾਰਿਆਂ ਨੇ ਯੂਕ੍ਰੇਨ ਨੂੰ ਭਰੋਸਾ ਦਿਵਾਇਆ ਹੈ ਕਿ ਪੱਛਮੀ ਦੇਸ਼ ਜੰਗ ਦੇ ਅੰਤ ਤੱਕ ਉਸ ਦੇ ਨਾਲ ਰਹਿਣਗੇ। ਯੂਕ੍ਰੇਨ ਨੂੰ ਪੂਰੀ ਫ਼ੌਜੀ ਸਹਾਇਤਾ ਮਿਲਦੀ ਰਹੇਗੀ। ਰੂਸ ਨੂੰ ਵੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ। ਹੈਲੀ ਨੇ ਕਿਹਾ 2025 ਦਾ ਵਰ੍ਹਾ ਯੂਕ੍ਰੇਨ ਜੰਗ ਲਈ ਅਹਿਮ ਹੋਣ ਵਾਲਾ ਹੈ। ਇਸ ਲਈ ਅਸੀਂ ਯੂਕ੍ਰੇਨ ਨੂੰ ਕਹਿ ਰਹੇ ਹਾਂ ਕਿ ਅਸੀਂ ਸਾਰੇ ਦੇਸ਼ ਯੁੱਧ 'ਚ ਉਸ ਦੇ ਨਾਲ ਹਾਂ ਤੇ ਸ਼ਾਂਤੀ ਹੋਣ 'ਤੇ ਵੀ ਨਾਲ ਹੀ ਖੜ੍ਹੇ ਰਹਿਣਗੇ। ਯੂਕ੍ਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੈਲੈਂਸਕੀ ਬੈਠਕ ਵਿੱਚ ਵੀਡੀਓ ਲਿੰਕ ਰਾਹੀਂ ਸ਼ਾਮਲ ਹੋਏ ਤੇ ਉਨ੍ਹਾਂ ਨੇ ਸਹਿਯੋਗ ਲਈ ਮਿੱਤਰ ਦੇਸ਼ਾਂ ਦਾ ਧੰਨਵਾਦ ਕੀਤਾ। ਬੈਠਕ ਵਿੱਚ ਜਰਮਨੀ ਨੇ ਫ਼ੌਜੀ ਸਹਾਇਤਾ 'ਚ ਆਈ.ਆਰ.ਆਈ.ਐੱਸ.-ਟੀ ਏਅਰ ਡਿਫੈਂਸ ਸਿਸਟਮ ਤੇ ਇਸ ਦੀਆਂ 300 ਮਿਜ਼ਾਈਲਾਂ ਸ਼ਾਮਲ ਕਰਨ ਦਾ ਐਲਾਨ ਕੀਤਾ, ਜਦਕਿ ਬਰਤਾਨੀਆ ਨੇ ਨਾਰਵੇ ਦੇ ਨਾਲ ਰਲ ਕੇ ਰਡਾਰ ਸਿਸਟਮ, ਐਂਟੀ ਟੈਂਕ ਮਾਈਨਜ਼ ਤੇ 10 ਹਜ਼ਾਰ ਡਰੋਨ ਦੇਣ ਦਾ ਵਾਅਦਾ ਕੀਤਾ।

***

## ਅਮਰੀਕਾ ਵੱਲੋਂ ਦੱਖਣੀ ਸੁਡਾਨ ਦੇ ਸਾਰੇ ਨਾਗਰਿਕਾਂ ਦੇ

ਕਰ ਦੇਵੇਗਾ ਤਾਂ ਅਸੀਂ ਆਪਣੀ ਕਾਰਵਾਈਉਪਰ ਪੁਨਰ ਵਿਚਾਰ ਕਰਾਂਗੇ। ਬਾਈਡੇਨ ਪ੍ਰਸ਼ਾਸਨ ਨੇ ਦੱਖਣੀ ਸੁਡਾਨੀ ਨਾਗਰਿਕਾਂ ਲਈ 2023 ਵਿੱਚ ਆਰਜ਼ੀ ਸੁਰੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਸੀ ਜਿਸ ਤਹਿਤ ਦੱਖਣੀ ਸੁਡਾਨੀ ਨਾਗਰਿਕਾਂ ਨੂੰ ਅਮਰੀਕਾ ਵਿੱਚ ਪਨਾਹ ਮਿਲੀ ਹੋਈ ਹੈ। ਇਥੇ ਜਿਕਰਯੋਗ ਹੈ ਕਿ ਦੱਖਣੀ ਸੁਡਾਨ ਵਿੱਚ ਪਿਛਲੇ ਹਫ਼ਤੇ ਪਹਿਲੇ ਉੱਪ ਰਾਸ਼ਟਰਪਤੀ ਰੀਕ ਮੈਚਰ ਨੂੰ ਘਰ ਵਿੱਚ ਨਜ਼ਰਬੰਦ ਕਰ ਦੇਣ ਉਪਰੰਤ ਗ੍ਰਹਿਯੁੱਧ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

***

## ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਪਸ਼ੂ ਧਨ

ਕੋਈ ਠੋਸ ਤੇ ਬੱਝਵੀਂ ਕਾਰਵਾਈ ਨਹੀਂ ਕੀਤੀ ਗਈ ਜਿਸ ਕਰ ਕੇ ਲੋਕਾਂ ਦੀ ਸਿਹਤ ਦਾਅ 'ਤੇ ਲੱਗੀ ਹੋਈ ਹੈ।

ਸੂਬੇ ਵਿੱਚ ਧੜੱਲੇ ਨਾਲ ਨਕਲੀ ਦੁੱਧ ਅਤੇ ਪਨੀਰ ਦੀ ਹੋ ਰਹੀ ਵਰਤੋਂ ਅਤੇ ਸਪਲਾਈ ਨੂੰ ਰੋਕਣ ਸਬੰਧੀ ਪੰਜਾਬ ਭਾਜਪਾ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕਈ ਨੇ ਗੁਜਰਾਤ ਦੇ ਅਹਿਮਦਾਬਾਦ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਡੂੰਘੀਆਂ ਵਿਚਾਰਾਂ ਕੀਤੀਆਂ। ਅਹਿਮਦਾਬਾਦ ਵਿਖੇ ਭਾਜਪਾ ਦਾ ਸਥਾਪਨਾ ਦਿਵਸ ਮਨਾਇਆ ਗਿਆ ਸੀ, ਇਸ ਵਾਸਤੇ ਜਗਦੀਪ ਸਿੰਘ ਨਕਈ ਨੂੰ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੱਦਾ ਮਿਲਿਆ ਸੀ। ਇਸ ਸਬੰਧੀ ਦੱਸਦਿਆਂ ਭਾਜਪਾ ਦੇ ਸੀਨੀਅਰ ਆਗੂ ਜਗਦੀਪ ਸਿੰਘ ਨਕਈ ਨੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਅੰਦਰ ਦੁੱਧ ਦੇ ਨਕਲੀ ਪ੍ਰੋਡਕਟ ਨੂੰ ਵਿਕਣ ਨੂੰ ਲੈ ਕੇ ਪੂਰੀ ਤਰ੍ਹਾਂ ਚਿੰਤਤ ਹੈ। ਭਾਜਪਾ ਦੇ ਅਹਿਮਦਾਬਾਦ ਵਿਖੇ ਹੋਏ ਸੰਮੇਲਨ ਵਿੱਚ ਅਮਿਤ ਸ਼ਾਹ ਨੇ ਉਨ੍ਹਾਂ ਨਾਲ ਗੱਲਬਾਤ ਕਰਦਿਆਂ ਇਹ ਚਿੰਤਾ ਪ੍ਰਗਟਾਈ ਹੈ।

ਨਕਈ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਪੰਜਾਬ ਅੰਦਰ ਧੜੱਲੇ ਨਾਲ ਨਕਲੀ ਖੋਆ, ਦੁੱਧ, ਪਨੀਰ ਅਤੇ ਉਸ ਤੋਂ ਬਣੇ ਪ੍ਰੋਡਕਟ ਵਿਕ ਰਹੇ ਹਨ। ਉਨ੍ਹਾਂ ਕਿਹਾ ਕਿ ਇੱਕ ਤਾਜ਼ਾ ਸਰਵੇਖਣ ਅਨੁਸਾਰ ਪੰਜਾਬ ਅੰਦਰ ਪਹਿਲਾਂ ਦੇ ਮੁਕਾਬਲੇ ਮੱਝਾਂ ਦੀ ਗਿਣਤੀ ਘੱਟ ਗਈ ਹੈ। ਸੁਭਾਵਿਕ ਹੈ ਕਿ ਪਸ਼ੂਆਂ ਦੀ ਗਿਣਤੀ ਘਟਣ ਨਾਲ ਪਸ਼ੂ ਪਾਲਕ ਧੰਦਾ ਵੀ ਘੱਟ ਰਿਹਾ ਹੈ। ਜਦ ਕਿ ਦੁੱਧ ਅਤੇ ਉਸ ਤੋਂ ਬਣੇ ਪ੍ਰੋਡਕਟ ਵੱਡੀ ਗਿਣਤੀ ਵਿੱਚ ਤਿਆਰ ਹੋ ਕੇ ਮਾਰਕੀਟ ਵਿੱਚ ਵਿਕ ਰਹੇ ਹਨ। ਨਕਈ ਨੇ ਕਿਹਾ ਕਿ ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਉਤਸ਼ਾਹ ਨਾਲ ਇਸ 'ਤੇ ਗੰਭੀਰਤਾ ਦਿਖਾਉਂਦਿਆਂ ਕਿਹਾ ਕਿ ਜੇਕਰ ਸੂਬੇ ਅੰਦਰ ਦੇਸੀ ਗਊਆਂ ਨੂੰ ਪਾਲਿਆ ਜਾਵੇ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ ਜਾਵੇ ਤਾਂ ਨਕਲੀ ਦੁੱਧ ਅਤੇ ਨਕਲੀ ਪ੍ਰੋਡਕਟ ਬੰਦ ਹੋ ਜਾਣਗੇ। ਸੂਬੇ ਦੇ ਨੌਜਵਾਨਾਂ ਨੂੰ ਜੋ ਵੱਡੀ ਗਿਣਤੀ ਵਿੱਚ ਰੁਜ਼ਗਾਰ ਕਾਰਨ ਵਿਦੇਸ਼ਾਂ ਦਾ ਰੁੱਖ ਕਰ ਰਹੇ ਹਨ, ਨੂੰ ਰੁਜ਼ਗਾਰ ਮਿਲੇਗਾ। ਪੰਜਾਬ ਅੰਦਰ ਸ਼ੁੱਧ ਦੁੱਧ ਦੀ ਨਦੀ ਵਗੇਗੀ। ਨਕਈ ਨੇ ਭਰੋਸਾ ਦਿੱਤਾ ਕਿ ਉਹ ਇਹ ਸੁਝਾਅ ਨੌਜਵਾਨਾਂ ਅਤੇ ਡੇਅਰੀ ਪਾਲਕਾਂ ਨੂੰ ਦੇਣਗੇ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਭਾਜਪਾ ਸਰਕਾਰ ਬਣਦੀ ਹੈ ਤਾਂ ਇਸ ਅਮਲ ਨੂੰ ਸਰਕਾਰ ਦੇ ਏਜੰਡੇ ਵਿੱਚ ਲਿਆਂਦਾ ਜਾਵੇਗਾ।

***

## ਭਾਰਤੀ ਜੇਲ੍ਹਾਂ ਦੀ ਹਾਲਤ

ਕਮੇਟੀ ਨੇ ਕੈਦੀਆਂ ਨੂੰ ਭੀੜ-ਭੜੱਕੇ ਵਾਲੀਆਂ ਜੇਲ੍ਹਾਂ ਤੋਂ ਉਸੇ ਰਾਜ ਦੇ ਅੰਦਰ ਜਾਂ ਦੂਜੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਸਿਫਾਰਸ਼ ਕੀਤੀ ਸੀ। ਕਮੇਟੀ ਨੇ ਉਨ੍ਹਾਂ ਮੁੱਦਿਆਂ 'ਤੇ ਵੀ ਸਵਾਲ ਉਠਾਏ ਸਨ ਜਿਨ੍ਹਾਂ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਨੋਟਿਸ ਲਿਆ ਸੀ। ਇਸ ਤੋਂ ਇਲਾਵਾ, ਕਮੇਟੀ ਨੇ ਜੇਲ੍ਹ ਸਟਾਫ਼ ਦੀ ਘਾਟ ਅਤੇ ਜੇਲ੍ਹ ਦੀਆਂ ਨੌਕਰੀਆਂ ਵਿੱਚ ਔਰਤਾਂ ਦੀ ਘੱਟ ਗਿਣਤੀ 'ਤੇ ਵੀ ਸਵਾਲ ਉਠਾਏ ਸਨ ਅਤੇ ਸਿਫ਼ਾਰਸ਼ ਕੀਤੀ ਸੀ ਕਿ ਖਾਲੀ ਅਸਾਮੀਆਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਭਰਿਆ ਜਾਣਾ ਚਾਹੀਦਾ ਹੈ।

ਆਈ.ਪੀ.ਐਸ. ਅਧਿਕਾਰੀ ਅਮਿਤਾਭ ਠਾਕੁਰ, ਜੋ ਯੂ.ਪੀ. ਵਿੱਚ ਵੱਡੇ ਅਹੁਦਿਆਂ 'ਤੇ ਰਹਿ ਚੁੱਕੇ ਸਨ, ਨੂੰ ਕੁਝ ਸਾਲ ਪਹਿਲਾਂ ਪੁਲਿਸ ਵਿਭਾਗ ਵਿੱਚ ਪ੍ਰਚਲਿਤ ਕਮੀਆਂ ਨੂੰ ਉਜਾਗਰ ਕਰਨ ਲਈ ਜ਼ਬਰਦਸਤੀ ਸੇਵਾਮੁਕਤ ਕਰ ਦਿੱਤਾ ਗਿਆ ਸੀ। ਅਮਿਤਾਭ ਠਾਕੁਰ ਨੇ ਆਈ.ਜੀ. ਰੂਲਜ਼ ਐਂਡ ਮੈਨੂਅਲਜ਼ ਦਾ ਅਹੁਦਾ ਸੰਭਾਲਿਆ ਹੈ। ਰਿਟਾਇਰਮੈਂਟ ਤੋਂ ਬਾਅਦ, ਉਸਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ ਜਿਸ ਕਾਰਨ ਉਹ ਕਈ ਦਿਨ ਜੇਲ੍ਹ ਵਿੱਚ ਰਿਹਾ। ਅਮਿਤਾਭ ਠਾਕੁਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਇੱਕ ਅਧਿਕਾਰੀ ਅਤੇ ਕੈਦੀ ਦੋਵਾਂ ਵਜੋਂ ਤਜਰਬਾ ਹੈ।

ਸੁਪਰੀਮ ਕੋਰਟ ਨੇ ਵੀ ਜੇਲ੍ਹਾਂ ਵਿੱਚ ਵੱਧ ਰਹੀ ਭੀੜ 'ਤੇ ਕਈ ਵਾਰ ਚਿੰਤਾ ਪ੍ਰਗਟ ਕੀਤੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅਨੁਸਾਰ, 31 ਦਸੰਬਰ, 2021 ਤੱਕ, ਭਾਰਤੀ ਜੇਲ੍ਹਾਂ ਵਿੱਚ ਕੁੱਲ 5,54,034 ਕੈਦੀ ਸਨ, ਪਰ ਇਨ੍ਹਾਂ ਕੈਦੀਆਂ ਵਿੱਚੋਂ ਸਿਰਫ਼ 22 ਪ੍ਰਤੀਸ਼ਤ ਹੀ ਉਹ ਸਨ ਜਿਨ੍ਹਾਂ ਨੂੰ ਅਦਾਲਤਾਂ ਦੁਆਰਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਹ ਆਪਣੀ ਸਜ਼ਾ ਭੁਗਤ ਰਹੇ ਸਨ। ਬਾਕੀ ਕੈਦੀ ਮੁਕੱਦਮੇ ਅਧੀਨ ਸਨ। ਉਨ੍ਹਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ ਦੇ ਅੰਕੜਿਆਂ ਅਨੁਸਾਰ, ਦੇਸ਼ ਭਰ ਦੀਆਂ ਹੇਠਲੀਆਂ ਅਦਾਲਤਾਂ ਵਿੱਚ ਚਾਰ ਕਰੋੜ ਤੋਂ ਵੱਧ ਮਾਮਲੇ ਲੰਬਿਤ ਹਨ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਮਾਮਲੇ ਇੱਕ ਸਾਲ ਤੋਂ ਵੱਧ ਪੁਰਾਣੇ ਹਨ।

## ਖੇਤੀਬਾੜੀ ਨੂੰ ਅਮਰੀਕੀ 'ਟੈਰਿਫ਼' ਤੋਂ

ਜ਼ਿਆਦਾ ਗੈਰ-ਟੈਰਿਫ਼ ਉਪਾਅ ਲਗਾਏ ਹਨ, ਜੋ ਭਾਰਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ। ਇਸ ਤੋਂ ਇਲਾਵਾ ਅਮਰੀਕਾ ਆਪਣੇ ਕਿਸਾਨਾਂ ਨੂੰ ਸਮੁੱਚੀ ਮੁੱਲਾਂਕਣ ਮਦਦ (ਏ.ਐਮ.ਐਸ.) ਸ਼੍ਰੇਣੀ ਤਹਿਤ ਵੱਡੀਆਂ ਸਬਸਿਡੀਆਂ ਪ੍ਰਦਾਨ ਕਰਦਾ ਹੈ, ਜਿਨ੍ਹਾਂ ਦੀ ਵਿਦੇਸ਼ੀ ਨਿਰਯਾਤ ਬਾਜ਼ਾਰਾਂ ਨੂੰ ਸਸਤੇ ਖੇਤੀ ਉਤਪਾਦਾਂ ਨਾਲ ਭਰਨ ਲਈ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਜੇਕਰ ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਲਈ ਏ.ਐਮ.ਐਸ. ਰਾਹੀਂ ਕਿਸਾਨਾਂ ਦੀ ਮਦਦ ਕਰਨ ਦੀ ਸੀਮਾ 10 ਫ਼ੀਸਦੀ ਹੈ ਤਾਂ ਅਮਰੀਕਾ ਜਿਹੇ ਵਿਕਸਤ ਦੇਸ਼ਾਂ ਲਈ ਇਹ 5 ਫ਼ੀਸਦੀ ਹੈ, ਪਰ ਇਸ ਦੀ ਵਪਾਰਕ ਮਹੱਤਤਾ ਤੇ ਨਿਰਯਾਤ ਸਮਰੱਥਾ ਨੂੰ ਵੇਖਦਿਆਂ ਇਸ ਦੀ ਉਲੰਘਣਾ ਕੀਤੀ ਜਾਂਦੀ ਹੈ। ਇਸ ਲਈ ਸਾਨੂੰ ਅਮਰੀਕੀ ਧਮਕੀ ਤੋਂ ਡਰਨਾ ਨਹੀਂ ਚਾਹੀਦਾ, ਕਿਉਂਕਿ ਭਾਰਤ ਕੋਲ ਜਵਾਬੀ ਹਮਲਾ ਕਰਨ ਲਈ ਕਾਫ਼ੀ ਮੌਕੇ ਹਨ ਤਾਂ ਜੋ ਘੱਟੋ-ਘੱਟ ਬਰਾਬਰੀ ਨੂੰ ਯਕੀਨੀ ਬਣਾਇਆ ਜਾ ਸਕੇ।

ਭਾਰਤ ਨੂੰ ਇਕੋ ਇਕ ਸਾਵਧਾਨੀ ਇਹ ਵਰਤਣੀ ਹੋਵੇਗੀ ਕਿ ਉਹ ਪ੍ਰਮੁੱਖ ਆਰਥਿਕ ਰਾਵਾਂ ਤੋਂ ਪ੍ਰਭਾਵਿਤ ਹੋ ਕੇ ਡੁੱਬਣ ਦੀ ਬਜਾਏ ਵਪਾਰ ਮਾਹਿਰਾਂ ਦੀ ਗੱਲ ਨੂੰ ਵਧੇਰੇ ਸੁਣੇ। ਜਦਕਿ ਦੋਹਾਂ ਦਿੱਗਜਾਂ (ਭਾਰਤ-ਅਮਰੀਕਾ) ਵਿਚਾਲੇ ਦੁਵੱਲੇ ਵਪਾਰ ਨੂੰ ਲੈ ਕੇ ਜੰਗ ਜਾਰੀ ਰਹਿ ਸਕਦੀ ਹੈ, ਤਾਂ ਮੈਨੂੰ ਲਗਦਾ ਹੈ ਕਿ ਇਹ ਸਮਾਂ ਹੈ ਕਿ ਭਾਰਤੀ ਖੇਤੀਬਾੜੀ ਨੂੰ ਮੁੜ ਸੁਰਜੀਤ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਜਾਵੇ। ਸਾਨੂੰ ਵਪਾਰਕ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਇਕ ਵਿਹਾਰਕ ਤੇ ਲਾਭਦਾਇਕ ਖੇਤੀਬਾੜੀ ਦੀ ਬਹੁਤ ਲੋੜ ਹੈ। ਅਤੇ ਇਹ ਸਭ ਤਾਂ ਹੀ ਹੋ ਸਕੇਗਾ ਜੇਕਰ ਅਸੀਂ ਅਣਚਾਹੇ ਆਯਾਤਾਂ ਦੇ ਦਬਾਅ ਹੇਠ ਨਹੀਂ ਆਵਾਂਗੇ।

***

## ਪਾਣੀ ਦਾ ਉਜਾੜਾ ਕਿਉਂ

ਨਤੀਜੇ ਵਜੋਂ ਬਿਜਲੀ ਦੀ ਲੋਡ ਸ਼ੈਡਿੰਗ ਭਾਵ ਅਣਐਲਾਨੇ ਕੱਟ ਘਰਾਂ ਵਿੱਚ ਵੀ ਖੇਤਾਂ ਵਿੱਚ ਵੀ। ਦੂਜੇ ਪਾਸੇ ਪਾਣੀ ਦਾ ਪੱਧਰ ਹੇਠਾਂ ਜਾਣ ਨਾਲ ਕਈ ਟਿਊਬਵੈੱਲ ਰੁਕਣਗੇ ਜਾਂ ਲੋਰਿੰਗ ਪਾਉਣੇ ਪੈਣਗੇ। ਲੋਰਿੰਗ ਵਧ ਗਈ ਮੋਟਰ ਲੋਡ ਲਵੇਗੀ, ਜਿਸ ਕਾਰਨ ਮੋਟਰ ਸੜੇਗੀ। ਕੁੱਲ ਮਿਲਾ ਕੇ ਝੋਨਾ ਵਿਕਣਾ ਤਾਂ ਸ਼ੈਲਰਾਂ ਵਾਲਿਆਂ ਅਤੇ ਸਰਕਾਰਾਂ ਦੀ ਮਰਜ਼ੀ ਕਾਰਨ ਹੈ ਪਰ ਫ਼ਸਲ ਪੈਦਾ ਕਰਨ ਲਈ ਖ਼ਰਚਾ ਜ਼ਰੂਰ ਵੱਧ ਜਾਵੇਗਾ। ਦੂਜੀ ਗੱਲ ਕਿ ਸਰਕਾਰ ਅਤੇ ਬੁੱਧੀਜੀਵੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦੇਣਾ ਹੈ ਕਿ ਪਾਣੀ ਹੇਠਾਂ ਜਾ ਰਿਹਾ ਹੈ। ਇਸ ਦਾ ਸਾਰਾ ਇਲਜ਼ਾਮ ਕਿਸਾਨਾਂ ਦੇ ਸਿਰ 'ਤੇ ਜਾਣਾ ਹੈ। ਆਮ ਲੋਕ ਜੋ ਪਹਿਲਾਂ ਹੀ ਇਸ ਭਰਮ ਜਾਲ ਵਿੱਚ ਹਨ ਕਿ ਸਾਰੀਆਂ ਜ਼ਹਿਰਾਂ ਕਿਸਾਨ ਹੀ ਖੁਆ ਰਹੇ ਹਨ। ਜਦੋਂ ਕਿ ਰਸਾਇਣ ਪ੍ਰੋਸੈਸਿੰਗ ਵਾਲੇ ਕਾਰਖਾਨੇਦਾਰ ਰਲਾਉਂਦੇਹਨ। ਉਨ੍ਹਾਂ ਨੇ ਕਿਸਾਨਾਂ ਦੇ ਉਲਟ ਹੋ ਜਾਣਾ ਹੈ। ਸਰਕਾਰਾਂ ਲਈ ਇਹ ਨੀਤੀ ਬਹੁਤ ਵਧੀਆ ਰਹਿਣੀ ਹੈ। ਅਸੀਂ ਤਾਂ ਕਿਸਾਨ ਯੂਨੀਅਨਾਂ ਦੀ ਗੱਲ ਮੰਨੀ, ਉਧਰ ਲੋਕ ਉਲਟ ਕਰਕੇ ਕਿਸਾਨਾਂ ਨੂੰ ਅਲੱਗ-ਥਲੱਗ ਕਰਨਾ ਹੈ। ਇਹ ਨੀਤੀ ਸਮਝਣ ਦੀ ਲੋੜ ਹੈ ਕਿ ਅਸਲ ਫ਼ਾਇਦਾ ਕਿਸਨੂੰ।

ਪਾਣੀ ਪ੍ਰਦੂਸ਼ਿਤ ਕਰਨ ਵਾਲਿਆਂ ਨੂੰ ਹੁਣ ਸਜ਼ਾ ਨਹੀਂ:- ਵਿਧਾਨ ਸਭਾ ਵਿੱਚ ਬਜਟ ਸੈਸ਼ਨ ਦੌਰਾਨ ਪੰਜਾਬ ਸਰਕਾਰ ਨੇ ਪਾਣੀ ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ ਸੋਧ ਐਕਟ 2024 ਨੂੰ ਮਾਨਤਾ ਦੇ ਦਿੱਤੀ, ਜਿਸ ਅਧੀਨ ਹੁਣ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ ਵਿਰੁੱਧ ਜੋ ਕਾਰਵਾਈ ਹੋਵੇਗੀ ਉਸ ਵਿਚ ਸਿਰਫ਼ ਜੁਰਮਾਨਾ ਹੀ ਲੱਗੇਗਾ ਅਤੇ ਉਨ੍ਹਾਂ ਨੂੰ ਸਜ਼ਾ ਨਹੀਂ ਹੋਵੇਗੀ। ਇਸ ਐਕਟ ਵਿੱਚ ਸੋਧ ਕੇਂਦਰ ਸਰਕਾਰ ਨੇ 20 ਫ਼ਰਵਰੀ, 2024 ਵਿੱਚ ਲਿਆਂਦੀ ਸੀ, ਹੁਣ ਪੰਜਾਬ ਨੇ ਵੀ ਇਸ ਸੋਧ ਨੂੰ ਮੰਨ ਲਿਆ ਹੈ। ਇਸ ਨੂੰ ਦੋ ਪੱਖਾਂ ਤੋਂ ਸਮਝਣ ਦੀ ਲੋੜ ਹੈ। ਅੱਜ ਪਾਣੀ ਪ੍ਰਦੂਸ਼ਿਤ ਕਰਨ ਦਾ ਸਭ ਤੋਂ ਵੱਡਾ ਸਰੋਤ ਕਾਰਖਾਨੇ ਹਨ ਅਤੇ ਦੂਜਾ ਸ਼ਹਿਰੀ ਸੀਵਰ ਹੈ। ਪਿਛਲੇ ਸਮੇਂ ਤੋਂ ਪਾਣੀ ਦੇ ਪ੍ਰਦੂਸ਼ਣ ਨੂੰ ਲੈ ਕੇ ਕਾਫ਼ੀ ਧਰਨੇ ਕਿਸਾਨਾਂ ਵਲੋਂ ਅਤੇ ਆਮ ਲੋਕਾਂ ਵਲੋਂ ਜੋ ਐਨ.ਜੀ. ਓ. ਚਲਾਉਂਦੇ ਹਨ ਜਾਂ ਸਮਾਜ ਸੇਵੀ ਹਨ, ਉਨ੍ਹਾਂ ਵੱਲੋਂ ਲਗਾਏ ਗਏ। ਪਰ ਬਣਿਆ ਬਹੁਤਾ ਕੁਝ ਨਹੀਂ, ਕਿਉਂਕਿ ਅੱਗੋਂ ਵਪਾਰੀ ਵਰਗ ਸੀ, ਜੋ ਸਿਆਸੀ ਫ਼ੰਡਿੰਗ ਕਰਨ ਵਿੱਚ ਮਾਹਿਰ ਹੈ। ਜ਼ੀਰਾ ਫ਼ੈਕਟਰੀ ਦੇ ਮਸਲੇ 'ਤੇ ਪਿੰਡ ਵਾਲੇ ਤੇ ਕਿਸਾਨ ਯੂਨੀਅਨ ਵਾਲਿਆਂ ਦੇ ਦਬਾਅ ਪਾਉਣ 'ਤੇ ਕਈ ਇੰਸਪੈਕਸ਼ਨ ਕਮੇਟੀਆਂ ਆਈਆਂ ਪਰ ਬਣਿਆ ਕੁਝ ਨਹੀਂ। ਲੋਕਾਂ ਦੇ ਲੰਮੇ ਸੰਘਰਸ਼ ਨੇ ਹੀ ਆਖ਼ਰ ਫ਼ੈਕਟਰੀ ਬੰਦ ਕਰਵਾਈ ਸੀ। ਇਸੇ ਤਰ੍ਹਾਂ ਬੁੱਢਾ ਦਰਿਆ ਵਿੱਚ ਫ਼ੈਕਟਰੀਆਂ ਵੱਲੋਂ ਗੰਦਾ ਪਾਣੀ ਸਿੱਧਾ ਪਾਏ ਜਾਣ 'ਤੇ ਜੋ ਧਰਨੇ ਲੱਗੇ ਅਤੇ ਰੈਲੀ ਲਈ ਲੋਕ ਇਕੱਠੇ ਹੋਏ ਤਾਂ ਪੁਲਿਸ ਨੇ ਲੋਕਾਂ ਨੂੰ ਹੀ ਰੋਕਿਆ, ਜਦਕਿ ਉਦਯੋਗਪਤੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਘੇਰਨ ਲਈ ਆਪਣੀ ਲੇਬਰ ਲਿਆਂਦੀ, ਉਨ੍ਹਾਂ ਨੂੰ ਕੁਝ ਨਹੀਂ ਕਿਹਾ। ਅੱਜ ਇਸ ਸੋਧ ਐਕਟ ਦੇ ਨਾਲ ਜੋ ਕੋਈ ਮਾੜਾ ਮੋਟਾ ਡਰ ਸੀ, ਕਿ ਕਿਤੇ ਸਜ਼ਾ ਨਾ ਹੋ ਜਾਵੇ ਉਹ ਵੀ ਚੁੱਕਿਆ ਗਿਆ। ਜੁਰਮਾਨੇ ਨੂੰ ਤਾਂ ਉਦਯੋਗਪਤੀ ਸਮਝਦੇ ਹੀ ਕੁਝ ਨਹੀਂ, ਪਹਿਲੀ ਗੱਲ ਤਾਂ ਉਥੋਂ ਤੱਕ ਨੌਬਤ ਹੀ ਨਹੀ ਆਉਂਦੀ ਨਿਰੀਖਣ ਕਰਨ ਵਾਲਿਆਂ ਨੂੰ ਹੀ ਕਾਬੂ ਕਰ ਲਿਆ ਜਾਂਦਾ ਹੈ। ਮੈਂ ਇਥੇ ਦੱਸ ਦੇਵਾਂ ਇਸ ਸੋਧ ਤੋਂ ਪਹਿਲਾਂ ਪਾਣੀ ਦਾ ਸਰੋਤ ਪ੍ਰਦੂਸ਼ਿਤ ਕਰਨ ਵਾਲੇ ਨੂੰ 6 ਸਾਲ ਤੱਕ ਕੈਦ ਹੋ ਸਕਦੀ ਸੀ।

ਦੂਜੀ ਗੱਲ ਇਸ ਸੋਧ ਨਾਲ ਸੂਬੇ ਦੇ ਅਧਿਕਾਰਾਂ ਨੂੰ ਵੀ ਖੋਰਾ ਲੱਗਿਆ ਹੈ। ਇਸ ਵਿੱਚ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਦੀ ਨਿਯੁਕਤੀ ਲਈ ਕਮੇਟੀ ਵਿਚ ਕੇਂਦਰ ਦਾ ਜਾਇੰਟ ਸਕੱਤਰ ਬੈਠੇਗਾ। ਛੋਟੀਂ ਝੋਨਾ ਲਾਉਣ ਦੇ ਲਏ ਗਏ ਫ਼ੈਸਲੇ ਨੂੰ ਮੁੜ ਤੋਂ ਵਿਚਾਰਨ ਦੀ ਲੋੜ ਹੈ। ਪਾਣੀ ਬਿਨਾਂ ਨਾ ਹੀ ਜੀਵਨ ਹੈ ਤੇ ਨਾ ਹੀ ਖੇਤੀ। ਸਾਨੂੰ ਰਲ ਕੇ ਇਸ ਨੂੰ ਬਚਾਉਣ ਦੀ ਲੋੜ ਹੈ। ਸਰਕਾਰ ਨੂੰ ਇਸ ਵੇਲੇ ਧਿਆਨ ਦੇ ਕਿ ਪਹਿਲ ਦੇ ਅਧਾਰ 'ਤੇ ਕਾਰਜਸ਼ੀਲ ਖੇਤੀ ਅਤੇ ਪਾਣੀ ਨੀਤੀ ਬਣਾਉਣ ਦੀ ਲੋੜ ਹੈ। ਆਪਣਾ ਸੁਖਾਲਾ ਰਾਜ ਰੱਖਣ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਰਕ ਅਤੇ ਗੁਲਾਮੀ ਵੱਲ ਨਾ ਧੱਕੀਏ। ਪਾਣੀ ਨੂੰ ਵਰਤ ਕਿ ਅਨਾਜ ਪੈਦਾ ਹੁੰਦਾ ਹੈ, ਜੋ ਲੋਕਾਂ ਨੂੰ ਜਿਉਂਦੇ ਰੱਖਣ ਲਈ ਜ਼ਰੂਰੀ ਹੈ। ਪਾਣੀ ਦੇ ਸਰੋਤ ਖ਼ਰਾਬ ਕਰਨ ਵਾਲੇ ਨੂੰ ਸਖ਼ਤ ਸਜ਼ਾ ਹੋਣੀ ਚਾਹੀਦੀ ਹੈ, ਕਿਉਂਕਿ ਉਹ ਕਰੋੜਾਂ ਲੋਕਾਂ ਦੀ ਭੁੱਖ ਅਤੇ ਪਿਆਸ ਬੁਝਾਉਣ ਦਾ ਇਕੋ-ਇਕ ਸਾਧਨ ਹੈ। ਕਿਸਾਨਾਂ ਨੂੰ ਵੀ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ।

****

## ਪੰਜਾਬ ਸਰਕਾਰ ਨਵੇਂ ਮਾਲੀ ਸਰੋਤਾਂ ਦੇ ਵਿਲੱਖਣ

ਪੰਜਾਬ ਖ਼ਾਸ ਤੌਰ 'ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਜਿਵੇਂ-ਜਿਵੇਂ ਆਲਮੀ ਭੂ-ਰਾਜਨੀਤਕ ਸਥਿਤੀ ਬਦਲ ਰਹੀ ਹੈ, ਦੇਸ਼ ਦੇ ਹਿੱਤ ਵਿੱਚ ਇਹੀ ਹੋਵੇਗਾ ਕਿ ਇਸ ਰੂਟ ਰਾਹੀਂ ਵਪਾਰ ਛੇਤੀ ਖੋਲ੍ਹਿਆ ਜਾਵੇ। ਇਹ ਆਰਥਿਕ ਗਤੀਵਿਧੀਆਂ ਵਿੱਚ ਨਿਵੇਸ਼ ਦੇ ਨਵੇਂ ਰਾਹ ਤਿਆਰ ਕਰੇਗਾ ਤੇ ਰਾਜ ਦੀ ਟੈਕਸ ਮਾਲੀਆ ਇਕੱਠਾ ਕਰਨ ਦੀ ਸਮਰੱਥਾ ਵਧੇਗੀ। ਪੰਜਾਬ ਸਰਕਾਰ ਨੂੰ ਚੁਣਾਵੀ ਸੌਗਾਤਾਂ ਤੇ ਸਬਸਿਡੀਆਂ ਤਰਕਸੰਗਤ ਬਣਾਉਣ ਅਤੇ ਨਵੇਂ ਮਾਲੀ ਸਰੋਤਾਂ ਦੇ ਵਿਲੱਖਣ ਰਾਹ ਤਲਾਸ਼ਣ ਲਈ ਕਮਿਸ਼ਨ ਬਣਾਉਣਾ ਚਾਹੀਦਾ ਹੈ। ਤਰੱਕੀ ਦੇ ਭਵਿੱਖੀ ਇੰਜਣਾਂ ਨੂੰ ਧਿਆਨ ਵਿੱਚ ਰੱਖਦਿਆਂ ਖ਼ਰਚ ਦੀ ਰੂਪ-ਰੇਖਾ ਵਿੱਚ ਤਬਦੀਲੀ ਵੀ ਛੇਤੀ ਲੋੜੀਂਦਾ ਹੈ। ਪੰਜਾਬ ਕਈ ਚਿਰਾਂ ਤੋਂ ਜੁੜਦੇ ਜਾ ਰਹੇ ਕਰਜ਼ੇ ਉੱਤੇ ਵਿਆਜ ਦੀ ਹੱਦੋਂ ਵੱਧ ਅਦਾਇਗੀ ਕਰ ਚੁੱਕਾ ਹੈ; ਇਸ ਨੂੰ ਅਜਿਹਾ ਕਰਜ਼ਾ ਹੁਣ ਵਿਆਜ ਮੁਕਤ ਕਰਾਉਣ ਲਈ ਆਪਣਾ ਕੇਸ ਰੱਖਣਾ ਚਾਹੀਦਾ ਹੈ ਜਿੱਥੇ ਮੂਲ ਧਨ ਨਾਲੋਂ ਵੱਧ ਵਿਆਜ ਪਹਿਲਾਂ ਹੀ ਅਦਾ ਕੀਤਾ ਜਾ ਚੁੱਕਾ ਹੈ। ਕਰਜ਼ੇ ਨੂੰ ਠੱਲ੍ਹਣ ਅਤੇ ਵਿੱਤੀ ਨੀਤੀ ਨੂੰ ਆਰਥਿਕ ਤਰੱਕੀ ਦਾ ਸਰਗਰਮ ਸਾਧਨ ਬਣਾਉਣ ਲਈ ਕਰਜ਼ਾ ਚੁਕਾਉਣ ਲਈ ਮੋਹਲਤ (ਮੋਰਾਟੋਰੀਅਮ) ਇੱਕ ਹੋਰ ਬਦਲ ਵਜੋਂ ਵਿਚਾਰਿਆ ਜਾ ਸਕਦਾ ਹੈ।

***

## ਕੀ ਪੰਜਾਬ ਨੂੰ ਜਿੱਤ

ਜਦੋਂ ਨਤੀਜੇ ਸਾਹਮਣੇ ਆਏ ਤਾਂ ਕਾਂਗਰਸ ਰਾਜਨੀਤਕ ਮੂਰਖਤਾ ਕਰਕੇ ਮੂੰਹ ਦੇ ਭਾਰ ਡਿੱਗੀ ਨਜ਼ਰ ਆਈ। ਭਾਜਪਾ ਨੇ ਲਗਾਤਾਰ ਤੀਜੀ ਵਾਰ ਰਾਜ ਵਿੱਚ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਸਰਕਾਰ ਗਠਿਤ ਕਰ ਲਈ। ਪੰਜਾਬ ਵਿੱਚ ਜਦੋਂ ਸੰਨ 1995 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ ਗਿੱਦੜਬਾਹਾ ਵਿੱਚ ਕਾਂਗਰਸ ਦੇ ਜਾਬਰ ਮੁੱਖ ਮੰਤਰੀ ਬੇਅੰਤ ਸਿੰਘ ਦੇ ਉਮੀਦਵਾਰ ਨੂੰ ਉਪ ਚੋਣ ਵਿੱਚ ਹਰਾ ਦਿੱਤਾ ਸੀ ਤਾਂ ਉਸ ਦਿਨ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਦੀ ਤੂਤੀ ਪੰਜਾਬ ਅਤੇ ਪੰਜਾਬ ਪ੍ਰਸ਼ਾਸਨ ਵਿੱਚ ਵੱਜਣ ਲੱਗ ਪਈ ਸੀ।

ਅਜਿਹੇ ਹਾਲਾਤ ਹੀ ਕਾਂਗਰਸ ਪਾਰਟੀ ਲਈ ਪੈਦਾ ਹੋ ਸਕਦੇ ਹਨ ਜੇਕਰ ਉਹ ਇਕਜੁੱਟ ਹੋ ਕੇ ਲੁਧਿਆਣਾ ਪੱਛਮੀ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਤੇ ਹੋਰ ਪਾਰਟੀਆਂ ਦੇ ਉਮੀਦਵਾਰਾਂ ਨੂੰ ਹਰਾ ਦੇਣ। ਕਾਸ਼! ਕਾਂਗਰਸ ਕੋਲ ਸੰਨ 2002 ਅਤੇ ਸੰਨ 2017 ਵਿੱਚ ਚੋਣ ਦੀ ਅਗਵਾਈ ਕਰਨ ਵਾਲਾ ਕੈਪਟਨ ਅਮਰਿੰਦਰ ਸਿੰਘ ਵਰਗਾ ਆਗੂ ਹੁੰਦਾ। ਪੰਜਾਬ ਕਾਂਗਰਸ ਆਗੂਆਂ ਨੂੰ ਰਾਜਨੀਤਕ ਮੂਰਖਤਾ ਤੋਂ ਸਬਕ ਸਿੱਖਣਾ ਚਾਹੀਦਾ ਹੈ। ਇਨ੍ਹਾਂ ਵਿੱਚ ਏਕਤਾ ਭੂਪੇਸ਼ ਬਘੇਲ ਦੇ ਵੱਸ ਦੀ ਗੱਲ ਨਹੀਂ।

ਇਹ ਏਕਤਾਵਾਦੀ ਮਾਨਸਿਕਤਾ ਵਾਲਾ ਆਗੂ ਨਹੀਂ। ਦਸੰਬਰ, 2018 ਵਿੱਚ ਜਦੋਂ ਕਾਂਗਰਸ ਛੱਤੀਸਗੜ੍ਹ 'ਚ ਸੱਤਾ ਵਿੱਚ ਆਈ ਸੀ ਤਾਂ ਮੁੱਖ ਮੰਤਰੀ ਪਦ ਦੇ ਤਿੰਨ ਦਾਅਵੇਦਾਰ ਸਨ-ਬਘੇਲ, ਟੀਐੱਸ ਸਿੰਘ ਦਿਓ ਅਤੇ ਤਾਮਰਾਧਵਜਸਾਹੂ। ਹਾਈਕਮਾਨ ਸੀਐੱਮ ਬਘੇਲ ਅਤੇ ਦਿਓ ਵਿੱਚ ਢਾਈ-ਢਾਈ ਸਾਲ ਲਈ ਵੰਡੀ। ਸਾਹੂ ਨੂੰ ਗ੍ਰਹਿ ਮੰਤਰਾਲਾ ਦਿੱਤਾ। ਪਰ ਇਸ ਬਘੇਲ ਨੇ 17 ਦਸੰਬਰ 2018 ਨੂੰ ਪਹਿਲਾਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਕੇ ਫਿਰ ਕੁਰਸੀ ਨਹੀਂ ਸੀ ਛੱਡੀ। ਜਦੋਂ ਆਮ ਆਦਮੀ ਪਾਰਟੀ ਤੋਂ ਲੋਕਾਂ ਦਾ ਮੋਹ ਭੰਗ ਹੋ ਰਿਹਾ ਹੈ, ਅਕਾਲੀ ਬੁਰੀ ਤਰ੍ਹਾਂ ਵੰਡੇ ਹੋਏ ਹਨ, ਭਾਜਪਾ ਵਿੱਚ ਉਨ੍ਹਾਂ ਨੂੰ ਵਿਸ਼ਵਾਸ ਨਹੀਂ, ਪੰਜਾਬ ਦੇ ਕਾਂਗਰਸ ਆਗੂ ਪੰਜਾਬ ਦੇ ਭਲੇ ਲਈ ਰਾਜਨੀਤਕ ਸੂਝ ਤੋਂ ਕੰਮ ਲੈਂਦੇ ਹੋਏ ਇੱਕ ਯੂਨਿਟ ਵਜੋਂ ਕੰਮ ਕਰਨ ਨਹੀਂ ਤਾਂ ਹਰਿਆਣਾ ਦੀ ਲੀਡਰਸ਼ਿਪ ਵਾਂਗ ਹੱਥ ਮਲਦੇ ਰਹਿ ਜਾਣਗੇ।

***

## ਪੰਜਾਬ ਵਿੱਚ ਵਾਹੀਯੋਗ ਰਕਬਾ ਤੇਜ਼ੀ

ਕੀਮਤ ਨਿਸ਼ਚਿਤ ਕੀਤੀ ਗਈ, ਜਦੋਂ ਕਿ ਇੱਕ ਏਕੜ ਦੀ ਮਾਰਕੀਟ ਕੀਮਤ ਬਾਰਾਂ ਤੋਂ ਅਠਾਰਾਂ ਕਰੋੜ ਤੱਕ ਪਾਈ ਗਈ ਹੈ।

ਹਾਈਵੇਜ਼ ਤੇ ਬਾਈਪਾਸ ਦੇ ਨਾਲ ਲਗਦੀਆਂ ਅਤੇ ਆਸੇ-ਪਾਸੇ ਦੀਆਂ ਜ਼ਮੀਨਾਂ ਖ਼ਰੀਦਣ ਲਈ ਕਾਲ਼ੇ ਧਨ ਦੀ ਅਥਾਹ ਵਰਤੋਂ ਹੋ ਰਹੀ ਹੈ, ਜ਼ਮੀਨ ਦੀ ਕੀਮਤ ਨਿਰੰਤਰ ਵਧਦੀ ਰਹਿੰਦੀ ਹੈ। ਜ਼ਮੀਨ ਦੀ ਹੋਂਦ ਤੇ ਆਮਦਨੀ ਨਾਲ ਧਨ ਕੁਬੇਰ ਕਾਲ਼ੇ ਧਨ ਨੂੰ ਚਿੱਟਾ ਕਰਨ ਲਈ ਪੱਕਾ ਪਲੇਟਫਾਰਮ ਸਿਰਜ ਲੈਂਦੇ ਹਨ। ਪੂੰਜੀਵਾਦ, ਕਿਰਤੀਆਂ ਨੂੰ ਕਿਵੇਂ-ਕਿਵੇਂ ਖ਼ਤਮ ਕਰਦਾ ਹੈ, ਹਾਈਵੇਜ਼ ਤੇ ਬਾਈਪਾਸ ਦੇ ਆਸੇ-ਪਾਸੇ ਉਪਜਾਊ ਖੇਤਾਂ ਦਾ ਖ਼ਾਤਮਾ ਅਤੇ ਉੱਖੜ ਗਏ ਕਿਰਤੀਆਂ ਦੇ ਹਾਲਾਤ ਇਸ ਦਾ ਪ੍ਰਤੱਖ ਪ੍ਰਮਾਣ ਹਨ। ਪੂੰਜੀਵਾਦ ਅਮੀਰਾਂ ਲਈ ਅਨਮੋਲ 'ਤੋਹਫ਼ਾ' ਹੈ। ਇਸ ਹਾਈਵੇਜ਼ ਦੇ ਆਸੇ-ਪਾਸੇ 32 ਏਕੜ ਤੋਂ ਸ਼ੁਰੂ ਹੋ ਕੇ ਕਈ ਘਰਾਣਿਆਂ ਤੇ ਕੰਪਨੀਆਂ ਨੇ ਲਗਭਗ 400 ਏਕੜ ਤੱਕ ਦੇ ਟੱਕ ਇਕੱਠੇ ਕਰ ਲਏ ਹਨ। ਸੋਲਾਂ ਕਿਲੋਮੀਟਰ ਲੰਮੇ ਇਸ ਬਾਈਪਾਸ ਦੇ ਆਸੇ-ਪਾਸੇ ਅਜਿਹੇ ਘਰਾਣਿਆਂ ਤੇ ਕੰਪਨੀਆਂ ਦੀ ਗਿਣਤੀ 25 ਤੋਂ 30 ਵਿਚਕਾਰ ਹੈ।

ਜੇ ਗੁਆਂਢੀ ਸੂਬਿਆਂ ਵਿੱਚ ਪੰਜਾਬੀ ਵਿਸਵਾ ਜ਼ਮੀਨ ਵੀ ਨਹੀਂ ਖ਼ਰੀਦ ਸਕਦੇ, ਫਿਰ ਪੰਜਾਬ 'ਤੇ ਰਾਜ ਕਰਦੀਆਂ ਰਹੀਆਂ ਸਰਕਾਰਾਂ ਨੇ 400-400 ਏਕੜ ਜ਼ਮੀਨ ਬਾਹਰਲੀਆਂ ਕੰਪਨੀਆਂ ਨੂੰ ਕਿਵੇਂ ਇਕੱਠੇ ਖ਼ਰੀਦ ਕਰਨ ਦਿੱਤੇ ਹਨ। ਜੇ ਇਹ ਰੋਕ ਨਹੀਂ ਲਾਈ ਜਾ ਸਕੀ ਤਾਂ ਘੱਟੋ-ਘੱਟ ਪ੍ਰਤੀ ਵਿਅਕਤੀ/ਪ੍ਰਤੀ ਕੰਪਨੀ ਵੱਧ ਤੋਂ ਵੱਧ ਜ਼ਮੀਨ ਖ਼ਰੀਦ ਸਕਣ ਦੀ ਕੋਈ ਸੀਮਾ ਹੋਣੀ ਚਾਹੀਦੀ ਸੀ। ਪਾਲਿਸੀ ਤੇ ਨਿਯਮਾਂ ਦੀ ਅਣਹੋਂਦ ਵਿੱਚ ਸਰਕਾਰਾਂ ਵੱਲੋਂ ਪ੍ਰਾਂਤ ਦੇ ਖੇਤਾਂ ਨੂੰ ਦੋਵੇਂ ਹੱਥਾਂ ਨਾਲ ਲੁਟਾਇਆ ਗਿਆ। ਜੇਕਰ ਕੋਈ ਵਿਅਕਤੀ ਖੇਤਾਂ ਦੀ ਤਬਾਹੀ ਦਾ ਇਹ ਮੰਜ਼ਰ ਵੇਖਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਲੁਧਿਆਣਾ-ਫਿਰੋਜ਼ਪੁਰ ਰੋਡ ਤੋਂ ਵਹਿੰਦੇ ਵੱਲ ਸਿੱਧਵਾਂ ਕੈਨਾਲ ਦੇ ਨਾਲ-ਨਾਲ 25-30 ਕਿਲੋਮੀਟਰ ਸਫ਼ਰ ਕਰਨਾ ਚਾਹੀਦਾ ਹੈ। ਇਹ ਖੇਤਰ ਲਹਿਰਾਉਂਦੇ ਖੇਤਾਂ ਦੀ ਗਾਜ਼ਾ ਪੱਟੀ ਹੈ, ਜਿੱਥੇ ਕਾਲ਼ੇ ਧਨ ਦੀ ਅੰਨ੍ਹੀ ਬੰਬਾਰੀ ਕੀਤੀ ਗਈ। ਐਗਰੀਕਲਚਰਲ ਜ਼ੋਨਜ਼ ਦੀ ਹੋਂਦ ਕਿੱਥੇ ਹੈ ਅਤੇ ਚੇਂਜ ਆਫ਼ ਲੈਂਡ ਯੂਜ਼ ਦੀ ਵਰਤੋਂ ਕਿਵੇਂ ਹੋ ਰਹੀ ਹੈ। ਭੂ-ਮਾਫ਼ੀਆ ਅਤੇ ਰੀਅਲ ਅਸਟੇਟ ਦੇ ਕੈਨਵਸ 'ਤੇ ਖੇਤਾਂ ਦੀ ਖ਼ਰੀਦੋ-ਫ਼ਰੋਖ਼ਤ ਦੀਆਂ ਮੂੰਹੋਂ-ਮੂੰਹੀਂ ਅਫ਼ਵਾਹਾਂ ਉੱਠਦੀਆਂ ਹਨ। ਇਸ ਹਾਈਵੇਜ਼ ਦੇ ਆਸੇ-ਪਾਸੇ ਦੇ ਪਿੰਡਾਂ ਵਿੱਚ ਇਹ ਚਰਚਾ ਹੈ ਕਿ ਬਾਕੀ ਬਚੀ ਜ਼ਮੀਨ ਗਲਾਡਾ ਨੇ ਰਿਹਾਇਸ਼ੀ ਕਾਲੋਨੀਆਂ ਲਈ ਐਕੁਆਇਰ ਕਰ ਲੈਣੀ ਹੈ। ਜ਼ਮੀਨ ਐਕੁਆਇਰ ਹੋਣ ਦੇ ਡਰ ਦੇ ਨਾਲ-ਨਾਲ ਉਨ੍ਹਾਂ ਨੂੰ ਲਾਲਚ ਵੀ ਦਿੱਤਾ ਜਾਂਦਾ ਹੈ ਕਿ ਜ਼ਮੀਨ ਦੁੱਗਣੀ ਬਣ ਜਾਵੇਗੀ ਅਤੇ ਘਰ ਲਈ ਵੀ ਚੰਗੀ ਚੋਖੀ ਰਕਮ ਬਚ ਜਾਵੇਗੀ। ਇਵੇਂ ਪਿਛਲੇ ਢਾਈ ਵਰ੍ਹਿਆਂ ਦੌਰਾਨ ਨੂਰਪੁਰ ਬੇਟ ਪਿੰਡ ਦਾ ਲਗਭਗ 400 ਏਕੜ ਰਕਬਾ ਇਕੋ ਪਾਰਟੀ ਵੱਲੋਂ ਖ਼ਰੀਦਿਆ ਜਾ ਚੁੱਕਾ ਹੈ। ਇਸ ਬਾਈਪਾਸ ਦੇ ਆਸੇ ਪਾਸੇ 10-12 ਪਿੰਡਾਂ ਵਿਚੋਂ ਇਸੇ ਪਿੰਡ ਕੋਲ ਵੱਧ ਜ਼ਮੀਨ ਬਚੀ ਸੀ। ਇਸ ਪਿੰਡ ਦੇ ਆਉਂਦੇ ਢਾਈ ਵਰ੍ਹਿਆਂ ਵਿੱਚ ਮੁਕੰਮਲ ਤੌਰ 'ਤੇ ਖੇਤੀ ਰਹਿਤ ਹੋ ਜਾਣ ਦਾ ਖਦਸ਼ਾ ਹੈ।

ਚੰਗੀ ਸ਼ੁਰੂਆਤ ਦੇ ਬਾਵਜੂਦ ਪ੍ਰਾਂਤ, ਰੁਜ਼ਗਾਰ, ਵਿਕਾਸ ਤੇ ਖ਼ੁਸ਼ਹਾਲੀ ਦੇ ਖ਼ਾਕੇ ਨਾ ਉਲੀਕ ਸਕਿਆ। ਰਾਜਨੀਤਕਾਂ ਨੇ ਮੁਫ਼ਤ ਸਹੂਲਤ ਦੀ ਰਾਜਨੀਤੀ ਨੂੰ ਤਰਜੀਹ ਦਿੱਤੀ। ਗਵਰਨੈਂਸ ਦਮ ਤੋੜ ਗਈ। ਹਰ ਪ੍ਰਾਂਤ ਨੇ ਆਪਣੇ-ਆਪਣੇ ਖੇਤਰ ਅਤੇ ਨਾਗਰਿਕਾਂ ਦੀ ਸਾਂਭ-ਸੰਭਾਲ ਲਈ ਕੋਈ ਨਾ ਕੋਈ ਕਾਨੂੰਨ, ਸੋਧ, ਨੋਟੀਫਿਕੇਸ਼ਨ ਆਦਿ ਅਮਲ ਵਿਚ ਲਿਆਂਦੇ ਹਨ। ਬਹੁਤ ਸਾਰੇ ਸੂਬਿਆਂ ਵਿੱਚ ਇੱਕ ਜਾਂ ਦੂਜੇ ਰੂਪ ਵਿੱਚ ਜ਼ਮੀਨ ਖ਼ਰੀਦਣ ਦੀਆਂ ਬੰਦਿਸ਼ਾਂ ਹਨ, ਕਈ ਪ੍ਰਾਂਤਾਂ ਵਿੱਚ ਜ਼ਮੀਨ ਖ਼ਰੀਦ ਦੀ ਸੀਮਾ ਦਰ ਨਿਸ਼ਚਿਤ ਹੈ। ਚੇਂਜ ਆਫ਼ ਲੈਂਡ ਯੂਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਪਰ ਪੰਜਾਬ ਦੇਸ਼ ਦਾ ਮਹਿਜ਼ ਇੱਕੋ-ਇੱਕ ਪ੍ਰਾਂਤ ਹੈ ਜੋ ਦਿਨ ਸਮੇਂ ਘਰ ਨਹੀਂ ਵੜਦਾ ਅਤੇ ਰਾਤ ਨੂੰ ਬੂਹੇ ਖੁੱਲ੍ਹੇ ਛੱਡ ਕੇ ਸੌਂਦਾ ਹੈ।

ਮੁਹਾਲੀ ਜ਼ਿਲ੍ਹੇ ਦੇ ਜਿਹੜੇ ਖੇਤਰ ਮਾਸਟਰ ਪਲਾਨ ਅਧੀਨ ਆ ਚੁੱਕੇ ਹਨ, ਉਥੇ ਤੁਸੀਂ ਕੁਝ ਹੋਰ ਨਹੀਂ ਕਰ ਸਕਦੇ, ਲੇਕਿਨ ਜ਼ਮੀਨ ਵੇਚ ਸਕਦੇ ਹੋ। ਜ਼ਮੀਨ ਦੀ ਵੱਡੀ ਥੋੜ ਤੇ ਅਹਿਮੀਅਤ ਕਾਰਨ ਕਈ ਖੇਤ ਕਨਾਲਾਂ ਵਿੱਚ ਵਿਕ ਰਹੇ ਹਨ, ਚੱਪਾ-ਚੱਪਾ ਧਰਤੀ ਵਿਕੇ। ਅਜਿਹੇ ਇੱਕ ਖੇਤ ਦੇ ਮਾਲਕ ਨੇ ਦੋ ਸਾਲ ਪਹਿਲਾਂ 60 ਲੱਖ ਰੁਪਏ ਪ੍ਰਤੀ ਕਨਾਲ ਦੇ ਹਿਸਾਬ ਨਾਲ ਜ਼ਮੀਨ ਵੇਚੀ ਸੀ। ਦੋ ਵਰ੍ਹਿਆਂ ਬਾਅਦ ਇਹ ਕੀਮਤ ਲਗਭਗ ਇੱਕ ਕਰੋੜ ਰੁਪਏ ਪ੍ਰਤੀ ਕਨਾਲ ਹੋ ਗਈ, ਜਦ ਕਿ ਇਸ ਇਲਾਕੇ ਵਿੱਚ ਘੱਟੋ-ਘੱਟ ਸਰਕਾਰੀ ਮੁੱਲ ਪਹਿਲਾਂ ਦੋ ਕਰੋੜ ਤੇ ਹੁਣ ਤਿੰਨ ਕਰੋੜ ਪ੍ਰਤੀ ਏਕੜ ਹੈ। ਇਵੇਂ ਜ਼ਮੀਨ ਦੀ ਖ਼ਰੀਦ ਵਿੱਚ ਵੱਡੀ ਪੱਧਰ 'ਤੇ ਕਾਲਾ ਧਨ ਛੁਪਾਇਆ ਜਾਂਦਾ ਹੈ। ਭੂਚਾਲ ਦੀਆਂ ਤਰੰਗਾਂ ਦੇ ਵਹਾਅ ਵਾਂਗ ਖੇਤਾਂ ਵਿੱਚ ਵੀ ਕਾਲ਼ੇ ਧਨ ਦੀਆਂ ਤਰੰਗਾਂ ਦਾ ਵਹਾਅ ਵਹਿੰਦਾ ਹੈ। ਉਸਾਰੀ ਅਧੀਨ ਸੜਕਾਂ ਦੀ ਆੜ ਵਿੱਚ ਇਸ ਵਹਾਅ ਦਾ ਰੁਖ਼ ਹੋਰ ਤੇਜ਼ ਕਰ ਲਿਆ ਗਿਆ ਹੈ।

ਪ੍ਰਾਂਤ ਵਿਚੋਂ ਲੰਘਦੇ ਹਾਈਵੇਜ਼ ਜਿੱਥੇ ਆਪਸ ਵਿੱਚ ਰਲਦੇ/ਵਿੱਛੜਦੇ ਹਨ, ਹਾਈਵੇਜ਼ 'ਤੇ ਚੜ੍ਹਨ-ਉਤਰਨ ਅਤੇ ਜਿੱਥੇ ਸਟੋਰੇਜ ਖੇਤਰ ਰਾਖਵੇਂ ਰੱਖੇ ਗਏ ਹਨ, ਅਜਿਹੀਆਂ ਥਾਵਾਂ 'ਤੇ ਧਨ ਕੁਬੇਰਾਂ ਵਲੋਂ ਜ਼ਮੀਨ ਦੀ ਖ਼ਰੀਦੋ-ਫ਼ਰੋਖ਼ਤ ਗਹਿਗੱਚ ਪੱਧਰ ਦੀ ਤੇਜ਼ੀ ਨਾਲ ਹੋ ਰਹੀ ਹੈ, ਪ੍ਰਾਂਤ ਵਿੱਚ ਅਜਿਹੀਆਂ 200 ਦੇ ਲਗਭਗ ਥਾਵਾਂ ਹਨ। ਹੜ੍ਹ ਦਾ ਘੁੰਮਦਾ ਪਾਣੀ ਜਿਵੇਂ ਵੱਧ ਮਾਰ ਕਰਦਾ ਹੈ ਇਵੇਂ ਅਜਿਹੀਆਂ ਥਾਵਾਂ ਨੇੜੇ ਖੇਤਾਂ ਦਾ ਤੇਜ਼ੀ ਨਾਲ ਖ਼ਾਤਮਾ ਹੋ ਰਿਹਾ ਹੈ। ਹਾਈਵੇਜ਼ ਤੇ ਬਾਈਪਾਸ ਚਾਲੂ ਹੋ ਜਾਣ 'ਤੇ ਇਹ ਦਰ ਸਿਖਰਾਂ ਛੋਹਣ ਲੱਗੀ ਹੈ ਸੰਸਾਰ ਪ੍ਰਸਿੱਧ ਭੂਗੋਲਿਕ ਤੇ ਆਰਥਿਕ ਚਿੰਤਕ ਡਾ. ਡੇਵਿਡ ਹਾਰਵੇ ਅਨੁਸਾਰ, 'ਸ਼ਹਿਰੀਕਰਨ, ਪੂੰਜੀਵਾਦ ਅਤੇ ਗਹਿਗੱਚ ਪੱਧਰ ਦੀ ਖਪਤਕਾਰੀ ਕਾਰਨ ਖੇਤੀਬਾੜੀ ਲਈ ਉਪਜਾਊ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਇਸ ਨਾਲ ਅਮੀਰ-ਗ਼ਰੀਬ ਵਿਚਾਲਾ ਪਾੜਾ ਨਿਰੰਤਰ ਵਧ ਰਿਹਾ ਹੈ। ਅਜਿਹਾ ਕਾਮਿਆਂ ਤੇ ਕਿਸਾਨਾਂ ਦੀ ਹੋਂਦ ਲਈ ਗੰਭੀਰ ਖ਼ਤਰਾ ਹੈ। ਵਾਤਾਵਰਨ ਵਿਗਾੜ ਪੈਦਾ ਹੋ ਰਿਹਾ ਹੈ, ਅਜਿਹੇ ਹਾਲਾਤ ਭੋਜਨ ਸੁਰੱਖਿਆ ਲਈ ਖ਼ਤਰਨਾਕ ਸੁਨੇਹਾ ਹਨ।'

ਖੇਤੀਯੋਗ ਉਪਜਾਊ ਜ਼ਮੀਨ ਦੇ ਖ਼ਾਤਮੇ ਪੱਖੋਂ ਪੰਜਾਬ ਦੇ ਮੌਜੂਦਾ ਹਾਲਾਤ ਡਾ. ਹਾਰਵੇ ਦੇ ਵਿਚਾਰਾਂ ਦੇ ਕਲਾਵੇ ਤੋਂ ਵੀ ਬਾਹਰ ਹਨ।

***

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ

ਇਸ ਦਾ ਸਾਰਾ ਲਾਭ ਉਨ੍ਹਾਂ ਦੁਸ਼ਮਣ ਤਾਕਤਾਂ ਨੂੰ ਮਿਲ ਰਿਹਾ ਜੋ ਵਰਤਮਾਨ ਸਮੇਂ ਨਾਦਰਸ਼ਾਹ, ਅਹਿਮਦ ਸ਼ਾਹ ਅਬਦਾਲੀ ਤੇ ਉਨ੍ਹਾ ਦੇ ਜਾਲਮ ਹੱਥ ਠੋਕਿਆਂ ਜ਼ਕਰੀਆ ਖਾਂ, ਯਹੀਆ ਖਾਂ, ਮੀਰ ਮੰਨੂ, ਲੱਖ ਪਤ ਰਾਏ ਤੇ ਜਸਪੱਤ ਰਾਏ ਦੇ ਨਕਸ਼ੇ ਕਦਮਾਂ 'ਤੇ 1947 ਤੋਂ ਚੱਲਦੀਆਂ ਆ ਰਹੀਆਂ ਹਨ। ਜਿਸ ਦੇ ਸਿੱਟੇ ਵਜੋਂ ਜੂਨ 1984 ਤੇ ਨਵੰਬਰ 1984 ਦੇ ਨਸਲਕੁਸ਼ੀ ਵਰਤਾਰਿਆਂ ਨੂੰ ਪੰਥ ਨੇ ਭੋਗਿਆ ਹੈ।

ਲੋੜ ਹੈ ਪੰਥਕ ਪੱਧਰ 'ਤੇ ਇੱਕ ਸੁਹਿਰਦ ਆਵਾਜ਼ ਬੁਲੰਦ ਕਰਨ ਦੀ ਸੰਸਾਰ ਭਰ ਵਿਚ ਵੱਸਦੇ ਸਿੱਖਾਂ ਲਈ ਕਿ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਪੰਥਕ ਪੱਧਰ 'ਤੇ ਪਿਆਰ ਸਤਿਕਾਰ ਦੇਂਦਿਆਂ ਧੜਿਆਂ ਦੀ ਪਕੜ ਦਾ ਤਿਆਗ ਸਿੱਖ ਕਹਾਉਣ ਵਾਲੇ ਸਾਰੇ ਸਿੱਖ ਕਰਨ। ਦਿਖਾਈ ਦਿੰਦੇ ਸਾਰੇ ਧੜਿਆਂ ਦੇ ਆਗੂ ਆਪਣੇ ਆਪਣੇ ਧੜੇ ਭੰਗ ਕਰਕੇ ਨਵੀਂ ਭਰਤੀ ਦਾ ਹਿੱਸਾ ਬਣ ਜਾਣ। 1920 ਵਾਲੇ ਅਕਾਲੀ ਦਲ ਦੇ ਸੰਵਿਧਾਨ ਨੂੰ ਸਨਮੁਖ ਰੱਖ ਕੇ ਪਹਿਲਾਂ ਵਕਤੀ ਢਾਂਚਾ ਤਿਆਰ ਕਰਕੇ ਫਿਰ ਵਿਧੀਵਤ ਸੰਸਾਰ ਭਰ ਵਿੱਚ ਅਕਾਲੀ ਦਲ ਦਾ ਗਠਨ ਸਰਬਸੰਮਤੀ ਜਾਂ ਬਹੁਸੰਮਤੀ ਨਾਲ ਤਿਆਰ ਕਰ ਲਿਆ ਜਾਵੇ। ਇਸ ਤਰ੍ਹਾਂ ਹੋ ਸਕਣ ਦੀਆਂ ਬਹੁਤ ਉਸਾਰੂ ਸੰਭਾਵਨਾ ਮੌਜੂਦ ਹਨ। ਕਿਸੇ ਵੀ ਤਰ੍ਹਾਂ ਨਿਰਾਸ਼ ਉਦਾਸ ਹੋਣ ਦੀ ਲੋੜ ਨਹੀਂ। ਸੰਸਾਰ ਭਰ ਦੇ ਸਿੱਖਾਂ ਵਿਚ ਸੰਸਾਰ ਪੱਧਰ 'ਤੇ ਪੰਥਕ ਪਹੁੰਚ ਰੱਖਣ ਵਾਲਿਆਂ ਦੀ ਬਹੁਤ ਵੱਡੀ ਤਾਦਾਦ ਹੈ।

***

## ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ

ਧਾਰਮਿਕ ਅਸਥਾਨਾਂ ਵਿੱਚ ਸਿੱਖ ਵਿਦਵਾਨਾਂ ਨੇ ਕਥਾ, ਕੀਰਤਨ ਤੇ ਗੁਰਬਾਣੀ ਵਿਚਾਰਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਗਤਕੇ ਦੇ ਮੁਕਾਬਲੇ ਕਰਵਾਏ ਗਏ ਤੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਸ਼ਰਧਾਵਾਨਾਂ ਵੱਲੋਂ ਸੰਗਤਾਂ ਲਈ ਲੰਗਰ ਤੇ ਠੰਢੇ ਮਿੱਠੇ ਪਾਣੀ ਦੀਆਂ ਛਬੀਲਾਂ ਦਾ ਪ੍ਰਬੰਧ ਕੀਤਾ ਗਿਆ।

***

## ਦਿੱਲੀ ਗੁਰਦੁਆਰਾ ਚੋਣਾਂ:

ਪਟੀਸ਼ਨਕਰਤਾਵਾਂ ਦੇ ਵਕੀਲ ਨੇ ਇਸ ਦਲੀਲ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਫੋਟੋਆਂ ਵਾਲੀਆਂ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਲਈ ਸਿਰਫ ਪੰਜ ਮਹੀਨਿਆਂ ਦੀ ਲੋੜ ਹੈ, ਜਿਵੇਂ ਕਿ 2022 ਦੇ ਫੈਸਲੇ 'ਚ ਦਰਜ ਕੀਤਾ ਗਿਆ ਹੈ। ਅਦਾਲਤ ਨੂੰ ਦਸਿਆ ਗਿਆ ਕਿ ਡਾਇਰੈਕਟੋਰੇਟ ਆਫ ਗੁਰਦੁਆਰਾ ਇਲੈਕਸ਼ਨਜ਼ ਨੇ ਅਜੇ ਨਵੀਂ ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਸ਼ੁਰੂ ਨਹੀਂ ਕੀਤੀ ਹੈ ਅਤੇ ਇਸ ਮਕਸਦ ਲਈ ਅਧਿਕਾਰੀਆਂ ਦੀ ਤਾਇਨਾਤੀ ਦੀ ਬੇਨਤੀ ਕਰਨ ਦੇ ਪੜਾਅ 'ਤੇ ਹੈ। ਮਾਮਲੇ ਦੀ ਅਗਲੀ ਸੁਣਵਾਈ 20 ਮਈ ਨੂੰ ਹੋਵੇਗੀ।

***

## 'ਵਾਰਿਸ ਪੰਜਾਬ ਦੇ' ਜਥੇਬੰਦੀ

ਉਨ੍ਹਾਂ ਨੇ ਭਾਈ ਅੰਮ੍ਰਿਤਪਾਲ ਸਿੰਘ ਸਣੇ ਜੇਲ੍ਹਾਂ 'ਚ ਬੰਦ ਬੇਗੁਨਾਹ ਸਿੱਖ ਨੌਜਵਾਨਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਦੀਆਂ ਗ਼ੈਰਕਾਨੂੰਨੀ ਗ੍ਰਿਫ਼ਤਾਰੀਆਂ ਸਿੱਖ ਪੰਥ ਦੀ ਆਜ਼ਾਦੀ ਤੇ ਹੱਕਾਂ 'ਤੇ ਹਮਲਾ ਹਨ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਸਿੱਖ ਪੰਥ ਦੇ ਅਧਿਕਾਰਾਂ 'ਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਵਿਸ਼ੇਸ਼ ਨੀਤੀ ਬਣਾਉਣ ਦੀ ਲੋੜ ਹੈ। ਬੁਲਾਰਿਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ 'ਚ ਪਾਰਦਰਸ਼ਤਾ ਲਿਆਉਣ ਦੀ ਲੋੜ ਅਤੇ ਸੂਬੇ 'ਚ ਬੇਰੁਜ਼ਗਾਰੀ ਨੂੰ ਠੱਲ੍ਹਣ ਲਈ ਠੋਸ ਨੀਤੀ ਬਣਾਉਣ 'ਤੇ ਜ਼ੋਰ ਦਿੱਤਾ। ਆਗੂਆਂ ਨੇ ਹੋਰ ਰੋਜ਼ ਨੌਜਵਾਨਾਂ ਦੇ ਕਥਿਤ ਝੂਠੇ ਪੁਲਿਸ ਮੁਕਾਬਲੇ ਬਣਾਉਣ ਦੀ ਨਿਖੇਧੀ ਕੀਤੀ।

## ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY — RELIABILITY

**Minute to Minute Coverage of Punjab Elections**

# Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com